ਐਮ.ਏ. (ਅਰਥ-ਵਿਗਿਆਨ) ਭਾਗ-ਦੂਜਾ — ਪਰਚਾ : 304-305 (ਆਪਸ਼ਨ ਪਹਿਲੀ)

ਸਮੈਸਟਰ ਤੀਜਾ — ਅੰਤਰ ਰਾਸ਼ਟਰੀ ਅਰਥ ਸ਼ਾਸਤਰ

ਸੈਕਸ਼ਨ ਏ

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰ :

## ਸੈਕਸ਼ਨ ਏ


1.1. : ਅੰਤਰਰਾਸ਼ਟਰੀ ਵਪਾਰ ਦਾ ਪਰੰਪਰਾਵਾਦੀ ਸਿਧਾਂਤ

1.2. : ਅੰਤਰਰਾਸ਼ਟਰੀ ਵਪਾਰ ਦਾ ਆਧੁਨਿਕ ਸਿਧਾਂਤ

1.3. : ਵਿਕਲਪੀ ਲਾਗਤਾਂ ਦਾ ਸਿਧਾਂਤ

1.4. : ਸਮਾਨ ਕੀਮਤ ਸਮਾਨਕਰਨ ਪ੍ਰਮੇਯ ਅਤੇ ਆਪਸੀ ਮੰਗ ਦਾ ਸਿਧਾਂਤ

1.5. : ਮਾਰਸਲ ਏਜ਼ਵਰਥ ਭੇਟ ਵਕਰ

1.6. : ਅੰਤਰਰਾਸ਼ਟਰੀ ਵਪਾਰ ਦੇ ਨਵੇਂ ਸਿਧਾਂਤ

1.7. : ਵਪਾਰ ਤੋਂ ਫ਼ਾਇਦੇ

1.8. : ਵਪਾਰ ਦੀਆਂ ਸ਼ਰਤਾਂ

1.9. : ਦੀਰਘਕਾਲੀ ਹ੍ਰਾਸ ਪਰਿਕਲਪਨਾ

**ਪਾਠ ਨੰਬਰ : 1.1**

# ਅੰਤਰਰਾਸ਼ਟਰੀ ਵਪਾਰ ਦਾ ਪਰੰਪਰਾਵਾਦੀ ਸਿਧਾਂਤ


1.1.1 ਭੂਮਿਕਾ
1.1.2 ਪਾਠ ਦੇ ਉਦੇਸ਼
1.1.3 ਅੰਤਰਰਾਸ਼ਟਰੀ ਵਪਾਰ
1.1.4 ਅੰਤਰਰਾਸ਼ਟਰੀ ਅਤੇ ਅੰਤਰਾਰਾਸ਼ਟਰੀ ਵਪਾਰ ਵਿੱਚ ਅੰਤਰ
1.1.5 ਅੰਤਰਰਾਸ਼ਟਰੀ ਵਪਾਰ ਦਾ ਪਰੰਪਰਾਵਾਦੀ ਸਿਧਾਂਤ
    1.1.5.1 ਪ੍ਰੀਭਾਸ਼ਾਵਾਂ
    1.1.5.2 ਮਾਨਤਾਵਾਂ
    1.1.5.3 ਅੰਤਰਰਾਸ਼ਟਰੀ ਵਪਾਰ ਦਾ ਆਧਾਰ
    1.1.5.4 ਅੰਤਰਰਾਸ਼ਟਰੀ ਵਪਾਰ ਸਿਧਾਂਤ ਦੀ ਅਲੋਚਨਾ
1.1.6 ਸਾਰਾਂਸ਼
1.1.7 ਛੋਟੇ ਉੱਤਰਾਂ ਵਾਲੇ ਪ੍ਰਸ਼ਨ
1.1.8 ਲੰਬੇ ਉੱਤਰਾਂ ਵਾਲੇ ਪ੍ਰਸ਼ਨ
1.1.9 ਪੜ੍ਹਨਯੋਗ ਪੁਸਤਕਾਂ


## 1.1.1 ਭੂਮਿਕਾ

ਲੋਕਾਂ ਦਾ ਕੋਈ ਸਮੂਹ, ਰਾਸ਼ਟਰ ਜਾਂ ਰਾਸ਼ਟਰੀ ਸਰਕਾਰ ਅਜਿਹੀ ਰਾਜਨੀਤਿਕ ਸੰਸਥਾ ਹੁੰਦੀ ਹੈ ਜਿਸ ਕੋਲ ਬਹੁਤ ਸਾਰੀਆਂ ਰਾਜਨੀਤਿਕ ਅਤੇ ਆਰਥਿਕ ਤਾਕਤਾਂ ਹੁੰਦੀਆਂ ਹਨ ਫਿਰ ਵੀ ਹਰ ਰਾਜ ਦੀ ਸਰਕਾਰ ਨੂੰ ਆਰਥਿਕ ਤੌਰ ਤੇ ਦੂਜੀਆਂ ਸਰਕਾਰਾਂ ਨਾਲ ਮਿਲਵਰਤਨ ਰੱਖਣਾ ਪੈਂਦਾ ਹੈ। ਦੂਜੀ ਵੱਡੀ ਜੰਗ ਤੋਂ ਬਾਅਦ ਖਾਸ ਤੌਰ ਤੇ ਇਹ ਵੇਖਣ ਵਿੱਚ ਆਇਆ ਹੈ ਕਿ ਕਿਸੇ ਵੀ ਦੇਸ਼ ਕੋਲ ਇੰਨੇ ਸਾਧਨ ਨਹੀਂ ਹਨ ਕਿ ਉਹ ਇਹਨਾਂ ਸਾਧਨਾਂ ਨਾਲ ਆਪਣੇ ਅਰਥਚਾਰੇ ਦੀਆਂ ਲੋੜਾਂ ਪੂਰੀਆਂ ਕਰ ਸਕੇ। ਸੰਸਾਰ ਦੇ ਦੂਰ ਸੰਚਾਰ ਸਾਧਨਾਂ ਵਿੱਚ ਬਹੁਤ ਜ਼ਿਆਦਾ ਤਰੱਕੀ ਹੋਣ ਨਾਲ ਦੇਸ਼ਾਂ ਵਿੱਚ ਆਪਸੀ ਦੂਰੀ ਘੱਟ ਗਈ ਹੈ ਅਤੇ ਇਹਨਾਂ ਦੇ ਆਰਥਿਕ ਨਾਤੇ ਵੱਧ ਗਏ ਹਨ। ਇਸ ਤਰ੍ਹਾਂ ਲਗਦਾ ਹੈ ਕਿ ਸਾਰਾ ਸੰਸਾਰ ਇਕ ਸੰਸਥਾ ਹੈ ਅਤੇ ਸਾਰੇ ਦੇਸ਼ ਕਿਸੇ ਨਾ ਕਿਸੇ ਪੱਖੋਂ ਇਸ ਸੰਸਥਾ ਨਾਲ ਜੁੜੇ ਹੋਏ ਹਨ। ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਦੁਨੀਆਂ ਵਿੱਚ ਕੁਝ ਅਜਿਹੇ ਵੱਡੇ ਦੇਸ਼ ਹਨ ਜੋ ਆਪਣੀਆਂ ਸਾਰੀਆਂ ਲੋੜਾਂ ਆਪਣੇ ਸਾਧਨਾਂ ਨਾਲ ਹੀ ਪੂਰੀਆਂ ਕਰ ਸਕਦੇ ਹਨ। ਪਰ ਅਜਿਹੇ ਦੇਸ਼ਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਆਮ ਤੌਰ ਤੇ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਆਪਣੀਆਂ ਆਰਥਿਕ ਲੋੜਾਂ ਲਈ ਇੱਕ ਦੂਸਰੇ ਤੇ ਨਿਰਭਰ ਕਰਨਾ ਪੈਂਦਾ ਹੈ।

## 1.1.2 ਪਾਠ ਦੇ ਉਦੇਸ਼

ਇਸ ਪਾਠ ਵਿੱਚ ਅਸੀ ਪੜ੍ਹਾਂਗੇ ਕਿ ਅੰਤਰਾਸ਼ਟਰੀ ਵਪਾਰ ਕੀ ਹੈ ਅਤੇ ਇਹ ਅੰਤਰਾਰਾਸ਼ਟਰੀ ਵਪਾਰ ਨਾਲੋ ਕਿਵੇ ਭਿੰਨ ਹੈ।ਅੰਤਰਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਬਾਰੇ ਵੀ ਜਾਣਕਾਰੀ ਹਾਸਲ ਕਰਾਂਗੇ।

## 1.1.3 ਅੰਤਰਰਾਸ਼ਟਰੀ ਵਪਾਰ

ਕਈ ਵਾਰੀ ਅੰਤਰਰਾਸ਼ਟਰੀ ਵਪਾਰ ਨੂੰ ਖੇਤਰੀ ਵਪਾਰ ਨਾਲੋਂ ਵੱਖ ਕੀਤਾ ਜਾਂਦਾ ਹੈ। ਖੇਤਰੀ ਵਪਾਰ ਕਿਰਿਆ ਉਸ ਨੂੰ ਕਿਹਾ ਜਾਂਦਾ ਹੈ ਜੋ ਕਿ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਕੀਤੀ ਜਾਂਦੀ ਹੈ, ਜੇ ਭਾਰਤ ਦੇ ਕੁਝ ਖੇਤਰ ਬਣਾ ਦਿੱਤੇ ਜਾਣ ਜਿਵੇਂ

ਕਿ ਉੱਤਰੀ ਖੇਤਰ, ਦੱਖਣੀ ਖੇਤਰ ਜਾਂ ਪੱਛਮੀ ਖੇਤਰ, ਤਾਂ ਇਹਨਾਂ ਖੇਤਰਾਂ ਵਿਚਾਲੇ ਹੋਏ ਵਪਾਰ ਨੂੰ ਅਸੀਂ ਖੇਤਰੀ ਵਪਾਰ ਕਹਾਂਗੇ। ਇਸ ਤਰ੍ਹਾਂ ਖੇਤਰੀ ਵਪਾਰ ਦੇਸ਼ ਦਾ ਅੰਦਰੂਨੀ ਵਪਾਰ ਹੀ ਹੁੰਦਾ ਹੈ। ਪਰ ਇਸ ਦੇ ਉਲਟ ਅੰਤਰਰਾਸ਼ਟਰੀ ਵਪਾਰ ਉਹ ਹੁੰਦਾ ਹੈ ਜਿਸ ਵਿਚ ਇਕ ਦੇਸ਼ ਦੂਜੇ ਦੇਸ਼ ਨੂੰ ਮਾਲ ਵੇਚਦਾ ਤੇ ਖਰੀਦਦਾ ਹੈ।ਅੰਤਰਰਾਸ਼ਟਰੀ ਵਪਾਰ ਕਰਨ ਲਈ ਬਣਾਈਆਂ ਗਈਆਂ ਵਸਤਾਂ ਦੇ ਉਤਪਾਦਨ ਲਈ ਵਰਤੇ ਜਾਣ ਵਾਲੇ ਸਾਧਨ ਹਰ ਦੇਸ਼ ਵਿੱਚ ਵੱਖ-ਵੱਖ ਹੁੰਦੇ ਹਨ ਅਤੇ ਇਹ ਸਾਧਨ ਦੂਜੇ ਦੇਸ਼ ਵੱਲ ਨਹੀਂ ਭੇਜੇ ਜਾ ਸਕਦੇ। ਜਿਵੇਂ ਕਿ ਕਿਸੇ ਦੇਸ਼ ਦੇ ਮਜ਼ਦੂਰ ਆਪਣੇ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਤਾਂ ਜਾ ਸਕਦੇ ਪਰ ਦੂਸਰੇ ਦੇਸ਼ ਲਈ ਇਹ ਮਜ਼ਦੂਰ ਕੰਮ ਨਹੀਂ ਕਰ ਸਕਦੇ। ਇਸ ਤਰ੍ਹਾਂ ਹਰ ਦੇਸ਼ ਦੀ ਪੂੰਜੀ ਉਤਪਾਦਨ ਸੰਸਥਾਵਾਂ, ਸਰਕਾਰ ਦੀ ਨੀਤੀ ਤੇ ਟੈਕਸਾਂ ਦੀਆਂ ਦਰਾਂ ਆਦਿ ਵਿੱਚ ਵੀ ਫਰਕ ਹੁੰਦਾ ਹੈ। ਇਸ ਲਈ ਹਰ ਇਕ ਵਸਤੂ ਦੀ ਵੱਖ-ਵੱਖ ਕੀਮਤ ਹੁੰਦੀ ਹੈ। ਹਰ ਦੇਸ਼ ਦੇ ਉਤਪਾਦਨ ਸਾਧਨ, ਉਸ ਦਾ ਵਾਤਾਵਰਨ, ਉਸਦਾ ਖੇਤਰਫਲ ਅਤੇ ਉਸਦੇ ਉਤਪਾਦਨ ਸਾਧਨ ਵੱਖ ਹੋਣ ਕਾਰਨ ਇਨ੍ਹਾਂ ਵਿੱਚ ਕੀਤੇ ਗਏ ਉਤਪਾਦਨ ਦਾ ਨਿਖੇੜਾ ਕੀਤਾ ਜਾ ਸਕਦਾ ਹੈ। ਕੁਦਰਤ ਨੇ ਹਰ ਦੇਸ਼ ਨੂੰ ਵੱਖ-ਵੱਖ ਸਾਧਨ ਦਿੱਤੇ ਹਨ ਤੇ ਇਹਨਾਂ ਸਾਧਨਾਂ ਦੀ ਵਰਤੋਂ ਕਰਨ ਨਾਲ ਹਰ ਦੇਸ਼ ਵਿੱਚ ਵੱਖ-ਵੱਖ ਵਸਤਾਂ ਦਾ ਉਤਪਾਦਨ ਹੁੰਦਾ ਹੈ। ਆਮ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਦੁਨੀਆਂ ਵਿੱਚ ਕੁਝ ਅਜਿਹੇ ਵੱਡੇ ਦੇਸ਼ ਹਨ ਜੋ ਆਪਣੀਆਂ ਸਾਰੀਆਂ ਲੋੜਾਂ ਆਪਣੇ ਸਾਧਨਾਂ ਨਾਲ ਹੀ ਪੂਰੀਆਂ ਕਰ ਸਕਦੇ ਹਨ। ਪਰ ਅਜਿਹੇ ਦੇਸ਼ਾਂ ਦੀ ਗਿਣਤੀ ਬਹੁਤ ਘੱਟ ਹੈ ਅਤੇ ਆਮ ਤੌਰ ਤੇ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਆਪਣੀਆਂ ਆਰਥਿਕ ਲੋੜਾਂ ਲਈ ਇੱਕ ਦੂਸਰੇ ਤੇ ਨਿਰਭਰ ਕਰਨਾ ਪੈਂਦਾ ਹੈ।

### 1.1.4 ਅੰਤਰਾਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਵਪਾਰ ਵਿੱਚ ਅੰਤਰ

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਅੰਤਰਰਾਸ਼ਟਰੀ ਵਪਾਰ ਦੇ ਕੁਝ ਖਾਸ ਲੱਛਣ ਹੁੰਦੇ ਹਨ ਜਿਨ੍ਹਾਂ ਕਰਕੇ ਇਸ ਤਰ੍ਹਾਂ ਦਾ ਵਪਾਰ ਵੱਖ-ਵੱਖ ਦੇਸ਼ਾਂ ਵਲੋਂ ਕੀਤਾ ਜਾਂਦਾ ਹੈ। ਅਸੀਂ ਇਹ ਵੇਖਿਆ ਹੈ ਕਿ ਦੇਸ਼ ਦੀ ਤਰੱਕੀ ਲਈ ਅੰਦਰੂਨੀ ਵਪਾਰ (ਅੰਤਰਾਰਾਸ਼ਟਰੀ ਵਪਾਰ) ਦੇ ਨਾਲ-ਨਾਲ ਅੰਤਰਰਾਸ਼ਟਰੀ ਵਪਾਰ ਵੀ ਬਹੁਤ ਮਹੱਤਵਪੂਰਨ ਹੈ। ਕਈ ਵਾਰ ਸਾਨੂੰ ਇਹ ਲੱਗਦਾ ਹੈ ਕਿ ਇਹ ਦੋਵੇਂ ਵਪਾਰ ਇਕੋ ਹੀ ਪ੍ਰਕਿਰਿਆ ਦੇ ਦੋ ਹਿੱਸੇ ਹਨ। ਇਹਨਾਂ ਵਿੱਚ ਕਿਸੇ ਹੱਦ ਤੱਕ ਆਪਸੀ ਨਿਰਭਰਤਾ ਹੈ ਪਰ ਫਿਰ ਵੀ ਅੰਤਰਰਾਸ਼ਟਰੀ ਵਪਾਰ, ਅੰਦਰੂਨੀ ਵਪਾਰ ਨਾਲੋਂ ਬਿਲਕੁਲ ਵੱਖ ਹੈ। ਇਹਨਾਂ ਦੋ ਤਰ੍ਹਾਂ ਦੇ ਵਪਾਰਾਂ ਦਾ ਨਿਖੇੜਾ ਹੇਠ ਲਿਖੇ ਅਨੁਸਾਰ ਕੀਤਾ ਜਾ ਸਕਦਾ ਹੈ:

1. ਅੰਦਰੂਨੀ ਵਪਾਰ ਕਰਨ ਲਈ ਅਸੀਂ ਦੇਸ਼ ਦੇ ਅੰਦਰ ਪੈਦਾ ਕੀਤੀਆਂ ਗਈਆਂ ਵਸਤਾਂ ਨੂੰ ਆਪਣੇ ਦੇਸ਼ ਦੀਆਂ ਰਾਜਨੀਤਿਕ ਸੀਮਾਵਾਂ ਅੰਦਰ ਹੀ ਖਰੀਦਦੇ ਜਾਂ ਵੇਚਦੇ ਹਾਂ। ਇਸ ਦੇ ਉਲਟ ਅੰਤਰਰਾਸ਼ਟਰੀ ਵਪਾਰ ਦੋ ਜਾਂ ਇਸ ਤੋਂ ਵੱਧ ਦੇਸ਼ਾਂ ਵਿੱਚ ਕੀਤਾ ਜਾਂਦਾ ਹੈ। ਇਸ ਲਈ ਅਸੀਂ ਦੇਸ਼ ਵਿੱਚੋਂ ਖਰੀਦੀਆਂ ਗਈਆਂ ਵਸਤਾਂ ਦੀ ਕਿਰਿਆ ਨੂੰ ਆਯਾਤ ਨਹੀਂ ਕਰਦੇ ਪਰ ਜੇ ਇਹ ਵਸਤਾਂ ਕਿਸੇ ਦੂਸਰੇ ਦੇਸ਼ ਤੋਂ ਖਰੀਦੀਆਂ ਜਾਣ ਤਾਂ ਉਸ ਨੂੰ ਆਯਾਤ ਕਿਹਾ ਜਾਂਦਾ ਹੈ। ਇਸ ਤਰ੍ਹਾਂ ਨਿਰਯਾਤ ਦਾ ਅਰਥ ਦੇਸ਼ ਤੋਂ ਬਾਹਰ ਵੇਚੀਆਂ ਜਾਣ ਵਾਲੀਆਂ ਵਸਤਾਂ ਨਾਲ ਸੰਬੰਧਿਤ ਹੈ, ਨਾ ਕਿ ਦੇਸ਼ ਦੇ ਵਿੱਚ ਵੇਚੀਆਂ ਗਈਆਂ ਵਸਤਾਂ ਨਾਲ।
2. ਕਿਸੇ ਦੇਸ਼ ਦੇ ਅੰਦਰੂਨੀ ਵਪਾਰ ਲਈ ਖਰੀਦਣ ਤੇ ਵੇਚਣ ਦੀ ਪ੍ਰਕਿਰਿਆ ਵਿੱਚ ਇਸੇ ਹੀ ਦੇਸ਼ ਦੇ ਲੋਕ ਹਿੱਸਾ ਲੈਂਦੇ ਹਨ ਪਰ ਜਦੋਂ ਅਸੀਂ ਅੰਤਰਰਾਸ਼ਟਰੀ ਵਪਾਰ ਕਰਦੇ ਹਾਂ ਤਾਂ ਇਸ ਕਿਰਿਆ ਵਿੱਚ ਲੋਕਾਂ ਦੇ ਵੱਖ-ਵੱਖ ਸਮੂਹ ਜੋੜੇ ਹੁੰਦੇ ਹਨ, ਜਿਵੇਂ ਕਿ ਭਾਰਤ ਦੇ ਵਾਸੀ ਕੋਈ ਵਸਤਾਂ ਪਾਕਿਸਤਾਨੀਆਂ ਕੋਲੋਂ ਖਰੀਦਣ ਜਾਂ ਅਫਰੀਕਾ ਦੇ ਲੋਕ ਵਸਤੂ ਰੂਸੀਆਂ ਨੂੰ ਵੇਚਣ। ਇਹਨਾਂ ਵੱਖ-ਵੱਖ ਲੋਕਾਂ ਦੇ ਸਮੂਹਾਂ ਦਾ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਵਾਤਾਵਰਣ ਵੱਖਰਾ ਹੁੰਦਾ ਹੈ। ਕਿਸੇ ਦੇਸ਼ ਵਿੱਚ ਅੰਦਰੂਨੀ ਵਪਾਰ ਕਰਨ ਵਾਲੇ ਸਾਰੇ ਆਰਥਿਕ ਸਮੂਹਾਂ ਲਈ ਇਕੋ ਹੀ ਸਮਾਜਿਕ ਰਾਜਨੀਤਿਕ ਅਤੇ ਆਰਥਿਕ ਢਾਂਚਾ ਹੁੰਦਾ ਹੈ। ਉਦਾਹਰਣ ਵਜੋਂ, ਜੇ ਭਾਰਤ ਸਰਕਾਰ ਨੇ ਵਸਤਾਂ ਦੀ ਖਰੀਦ ਜਾਂ ਵੇਚ ਲਈ ਦਸ ਪ੍ਰਤੀਸ਼ਤ ਸੇਲ ਟੈਕਸ ਨਿਰਧਾਰਿਤ ਕੀਤਾ ਹੋਵੇ ਤਾਂ ਸਾਰੇ ਦੇਸ਼ ਵਿੱਚੋਂ ਕਿਸੇ ਵੀ ਲੋਕਾਂ ਦੇ ਸਮੂਹ ਵਲੋਂ ਖਰੀਦੀਆ ਗਈਆਂ ਜਾਂ ਵੇਚੀਆਂ ਗਈਆਂ ਵਸਤਾਂ ਲਈ ਇਹ ਦਰ ਲਾਗੂ ਹੋਵੇਗੀ। ਪਰ ਜੇ ਭਾਰਤ ਵਾਸੀਆਂ ਨੇ ਇਹ ਵਸਤਾਂ ਬਾਹਰਲੇ ਦੇਸ਼ਾਂ ਨੂੰ ਵੇਚੀਆਂ ਹੋਣ ਤਾਂ ਉਹਨਾਂ ਦੇ ਦੇਸ਼ ਦੇ ਸੇਲ ਟੈਕਸ ਦਰ ਵੱਖ-ਵੱਖ ਹੋ ਸਕਦੀ ਹੈ। ਇਸ ਲਈ ਕਿਹਾ ਜਾਂਦਾ ਹੈ ਕਿ ਅੰਦਰੂਨੀ ਵਪਾਰ ਲੋਕਾਂ ਦੇ ਕਿਸੇ ਬਾਹਰਲੇ ਸਮੂਹ ਨਾਲ ਨਹੀਂ ਹੁੰਦਾ ਜਦੋਂ ਕਿ ਅੰਤਰਰਾਸ਼ਟਰੀ ਵਪਾਰ ਵਿੱਚ ਇਹ ਬਾਹਰਲੇ ਸਮੂਹ ਹਿੱਸਾ ਲੈਂਦੇ ਹਨ।
3. ਅੰਦਰੂਨੀ ਵਪਾਰ ਲਈ ਰਾਜਨੀਤਿਕ ਢਾਂਚਾ ਇਕੋ ਹੀ ਹੁੰਦਾ ਹੈ ਪਰ ਅੰਤਰਰਾਸ਼ਟਰੀ ਵਪਾਰ ਕਰਦੇ ਸਮੇਂ ਸਾਨੂੰ ਵੱਖ-ਵੱਖ ਰਾਜਨੀਤਿਕ ਢਾਂਚਿਆਂ ਨਾਲ ਵਰਤਣਾ ਪੈਂਦਾ ਹੈ। ਹਰ ਰਾਜਨੀਤਿਕ ਢਾਂਚੇ ਦਾ ਆਰਥਿਕ ਪਹਿਲੂ ਵੀ ਵੱਖਰਾ ਹੁੰਦਾ ਹੈ। ਜਿਵੇਂ

ਕਿ ਹੁਣ ਤੱਕ ਰੂਸੀਆਂ ਦਾ ਰਾਜਨੀਤਿਕ ਢਾਂਚਾ ਅਜਿਹਾ ਹੈ ਕਿ ਇਸ ਵਿੱਚ ਬਾਹਰੋਂ ਆਉਣ ਵਾਲੀਆਂ ਵਸਤਾਂ ਦੀ ਮਾਤਰਾ ਬਹੁਤ ਘੱਟ ਸੀ ਜਦੋਂ ਕਿ ਅਮਰੀਕਾ, ਜਪਾਨ ਜਾਂ ਇੰਗਲੈਂਡ ਦਾ ਰਾਜਨੀਤਿਕ ਢਾਂਚਾ ਅਜਿਹਾ ਹੈ ਕਿ ਇਹਨਾਂ ਦੀਆਂ ਬਹੁਤ ਸਾਰੀਆਂ ਵਸਤਾਂ ਸਾਰੀ ਦੁਨੀਆਂ ਦੇ ਦੇਸ਼ਾਂ ਵਿੱਚ ਵੇਚੀਆਂ ਜਾਂਦੀਆਂ ਹਨ। ਜੇ ਅੱਜ ਵੀ ਅਸੀ ਭਾਰਤ ਦੇ ਬਾਜ਼ਾਰ ਵਿੱਚੋਂ ਕੋਈ ਬਦੇਸ਼ੀ ਵਸਤੂ ਖਰੀਦਣੀ ਹੋਵੇ ਤਾਂ ਸਾਨੂੰ ਜਾਪਾਨ, ਅਮਰੀਕਾ, ਇੰਗਲੈਂਡ, ਕੋਰੀਆ ਜਾਂ ਸਿੰਘਾਪੁਰ ਦੀਆਂ ਬਣੀਆਂ ਹੋਈਆਂ ਬਹੁਤ ਸਾਰੀਆਂ ਵਸਤਾਂ ਮਿਲ ਜਾਣਗੀਆਂ ਪਰ ਰੂਸ ਦੀ ਬਣੀ ਹੋਈ ਚੀਜ਼ ਨਜ਼ਰ ਨਹੀ ਆਵੇਗੀ। ਅਜਿਹਾ ਇਸ ਲਈ ਹੈ ਕਿ ਰੂਸ ਦਾ ਰਾਜਨੀਤਿਕ ਅਤੇ ਆਰਥਿਕ ਢਾਂਚਾ ਬਾਕੀ ਦੇਸ਼ਾਂ ਨਾਲੋਂ ਵੱਖ ਰਿਹਾ ਹੈ। ਇਸ ਤਰ੍ਹਾਂ ਹਰ ਦੇਸ਼ ਦੀ ਸਰਕਾਰ ਆਪਣੇ ਢੰਗ ਨਾਲ ਆਪਣੀਆਂ ਆਰਥਿਕ ਨੀਤੀਆਂ ਬਣਾਉਂਦੀ ਹੈ। ਅੰਤਰਰਾਸ਼ਟਰੀ ਵਪਾਰ ਲਈ ਸਾਨੂੰ ਉਹਨਾਂ ਦੀਆਂ ਆਰਥਿਕ ਨੀਤੀਆਂ ਦਾ ਧਿਆਨ ਰੱਖਣਾ ਪੈਂਦਾ ਹੈ।

4. ਅੰਦਰੂਨੀ ਵਪਾਰ ਲਈ ਸਰਕਾਰ ਵਲੋਂ ਬਣਾਏ ਗਏ ਕਾਨੂੰਨ, ਨਿਯਮ ਅਤੇ ਵਪਾਰਕ ਨੀਤੀ ਹੁੰਦੀ ਹੈ ਪਰ ਅੰਤਰ-ਰਾਸ਼ਟਰੀ ਵਪਾਰ ਲਈ ਸਾਨੂੰ ਕੁਝ ਖਾਸ ਕਿਸਮ ਦੀਆਂ ਨੀਤੀਆਂ ਬਣਾਉਣੀਆਂ ਪੈਂਦੀਆਂ ਹਨ ਜਿਵੇਂ ਕਿ ਆਯਾਤ-ਨਿਰਯਾਤ ਨੀਤੀ ਅਤੇ ਕੋਟਾ ਨਿਰਧਾਰਤ ਕਰਨ ਦੀ ਨੀਤੀ, ਆਯਾਤ ਜਾਂ ਨਿਰਯਾਤ ਲਈ ਸਰਕਾਰ ਵਲੋਂ ਦਿੱਤੀ ਜਾਣ ਵਾਲੀ ਸਹਾਇਤਾ ਨਾਲ ਸੰਬੰਧਿਤ ਨੀਤੀ ਆਦਿ। ਕਈ ਵਾਰ ਇਹ ਨੀਤੀਆਂ ਵੱਖ-ਵੱਖ ਦੇਸ਼ਾਂ ਲਈ ਵੱਖ-ਵੱਖ ਵੀ ਰੱਖਣੀਆਂ ਪੈਂਦੀਆਂ ਹਨ ਅਤੇ ਇਸ ਤਰ੍ਹਾਂ ਅਸੀਂ ਇਹ ਵੇਖਦੇ ਹਾਂ ਕਿ ਅੰਤਰਰਾਸ਼ਟਰੀ ਵਪਾਰ, ਸਰਕਾਰ ਦੀ ਆਗਿਆ ਜਾਂ ਸਰਕਾਰ ਵਲੋਂ ਅਪਨਾਏ ਗਏ ਨਿਯਮਾਂ ਅਧੀਨ ਹੀ ਹੋਣਾ ਸੰਭਵ ਹੈ। ਜਦੋਂ ਕਿ ਅੰਦਰੂਨੀ ਵਪਾਰ ਕਰਨ ਲਈ ਸਰਕਾਰ ਨੂੰ ਵੱਖ-ਵੱਖ ਵਸਤਾਂ ਜਾਂ ਵੱਖ-ਵੱਖ ਲੋਕਾਂ ਲਈ ਵੱਖਰਾ ਨਿਯਮ ਨਹੀਂ ਬਣਾਉਣਾ ਪੈਂਦਾ ਹੈ। ਦੇਸ਼ ਦੇ ਅੰਦਰ ਵਪਾਰ ਕੀਤੀਆਂ ਗਈਆਂ ਵਸਤਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਬਾਰੇ ਸਰਕਾਰ ਦਾ ਕੋਈ ਨਿਯਮ ਜਾਂ ਟੈਕਸ ਲਾਗੂ ਨਹੀਂ ਹੁੰਦੇ ਪਰ ਅੰਤਰਰਾਸ਼ਟਰੀ ਵਪਾਰ ਵਿੱਚ ਕੋਈ ਵੀ ਚੀਜ਼ ਬਿਨਾਂ ਸਰਕਾਰ ਦੀ ਆਗਿਆ ਦੇ ਵੇਚੀ ਜਾਂ ਖਰੀਦੀ ਨਹੀਂ ਜਾ ਸਕਦੀ।

5. ਅੰਦਰੂਨੀ ਵਪਾਰ ਲਈ ਅਸੀਂ ਇਕੋ ਹੀ ਤਰ੍ਹਾਂ ਦੀ ਕਰੰਸੀ ਦੀ ਵਰਤੋਂ ਕਰਦੇ ਹਾਂ। ਕਿਸੇ ਦੇਸ਼ ਦੀ ਕਰੰਸੀ ਦੀ ਕੀਮਤ ਜਾਂ ਮਹੱਤਤਾ ਉਸ ਦੇਸ਼ ਦੇ ਸਾਰੇ ਲੋਕਾਂ ਲਈ ਇੱਕੋ ਜਿਹੀ ਹੁੰਦੀ ਹੈ। ਇਕ ਦੇਸ਼ ਦੀ ਕਰੰਸੀ ਦਾ ਦੂਸਰੇ ਦੇਸ਼ ਲਈ ਕੋਈ ਮੁੱਲ ਨਹੀਂ ਹੈ। ਦੇਸ਼ ਦੇ ਲੋਕ ਆਪਸੀ ਵਪਾਰ ਲਈ ਉਸ ਦੇਸ਼ ਦੀ ਕਰੰਸੀ ਦੀ ਵਰਤੋਂ ਕਰ ਸਕਦੇ ਹਨ ਪਰ ਅੰਤਰਰਾਸ਼ਟਰੀ ਵਪਾਰ ਲਈ ਕਿਸੇ ਦੇਸ਼ ਦੀ ਕਰੰਸੀ ਵਰਤਣਾ ਸੰਭਵ ਨਹੀਂ ਹੁੰਦਾ। ਇਸ ਲਈ ਅੰਤਰਰਾਸ਼ਟਰੀ ਵਪਾਰ ਨਾਲ ਵਿਦੇਸ਼ੀ ਕਰੰਸੀ ਦੇ ਲੈਣ-ਦੇਣ ਦੀ ਸਮੱਸਿਆ ਵੀ ਜੁੜੀ ਹੋਈ ਹੈ। ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਕਿਸੇ ਇੱਕ ਦੇਸ਼ ਦੀ ਕਰੰਸੀ ਬਾਕੀ ਸਾਰੇ ਦੇਸ਼ਾਂ ਵੱਲੋਂ ਭੁਗਤਾਨ ਲਈ ਵਰਤੀ ਜਾਂਦੀ ਹੈ। ਜਿਵੇਂ ਕਿ ਅਮਰੀਕਾ ਦਾ ਡਾਲਰ, ਇਕ ਅਜਿਹੀ ਕਰੰਸੀ ਹੈ ਜੋ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵੱਲੋਂ ਭੁਗਤਾਨ ਦਾ ਸਾਧਨ ਮੰਨਿਆ ਜਾਂਦਾ ਹੈ। ਇਸ ਲਈ ਜੇ ਭਾਰਤ ਨੇ ਕਿਸੇ ਹੋਰ ਦੇਸ਼ ਨਾਲ ਵਪਾਰ ਕਰਨਾ ਹੋਵੇ ਤਾਂ ਇਸ ਵਪਾਰ ਦਾ ਭੁਗਤਾਨ ਡਾਲਰਾਂ ਵਿੱਚ ਤਬਦੀਲ ਕਰਵਾਏ। ਇਸ ਤਰ੍ਹਾਂ ਵਿਦੇਸ਼ੀ ਮੁਦਰਾ ਦਾ ਐਕਸਚੇਂਜ ਅਤੇ ਇਸ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਨੂੰ ਵੀ ਅੰਤਰਰਾਸ਼ਟਰੀ ਵਪਾਰ ਦੇ ਨਾਲ-ਨਾਲ ਸੁਲਝਾਉਣਾ ਪੈਂਦਾ ਹੈ। ਅਜਿਹੀ ਕੋਈ ਸਮੱਸਿਆ ਅੰਦਰੂਨੀ ਵਪਾਰ ਲਈ ਨਹੀਂ ਹੁੰਦੀ ਕਿਉਂਕਿ ਇਸ ਵਪਾਰ ਲਈ ਦੇਸ਼ ਦੀ ਆਪਣੀ ਕਰੰਸੀ ਹੀ ਵਰਤੀ ਜਾਂਦੀ ਹੈ।

6. ਅੰਦਰੂਨੀ ਵਪਾਰ ਲਈ ਮੰਗ, ਪੂਰਤੀ ਅਤੇ ਮਾਰਕੀਟ ਲੱਗਭੱਗ ਇਕੋ ਜਿਹੀ ਹੁੰਦੀ ਹੈ। ਜਦੋਂ ਕਿ ਅੰਤਰਰਾਸ਼ਟਰੀ ਵਪਾਰ ਲਈ ਇਸ ਤਰ੍ਹਾਂ ਦੀਆਂ ਸ਼ਰਤਾਂ ਨਹੀਂ ਮਿਲਦੀਆਂ। ਉਦਾਹਰਣ ਦੇ ਤੌਰ ਤੇ, ਪੱਛਮੀ ਦੇਸ਼ਾਂ ਵਿੱਚ ਵਧੇਰੇ ਠੰਡ ਹੁੰਦੀ ਹੈ। ਇਸ ਲਈ ਇਹਨਾਂ ਦੀ ਮੰਡੀ ਵਿੱਚ ਗਰਮ ਕੱਪੜਾ ਜਾਂ ਠੰਡ ਰੋਕਣ ਦੇ ਹੋਰ ਸਾਧਨਾਂ ਦਾ ਉਤਪਾਦਨ, ਮੰਗ, ਪੂਰਤੀ ਅਤੇ ਵਪਾਰ ਵਧੇਰੇ ਹੋਵੇਗਾ। ਇਸ ਦੇ ਉਲਟ ਦੱਖਣੀ ਏਸ਼ੀਆ ਦੇ ਦੇਸ਼ਾਂ ਵਿੱਚ ਜਾਂ ਅਫ਼ਰੀਕਾ ਦੇ ਦੇਸ਼ਾਂ ਵਿੱਚ ਵਧੇਰੇ ਗਰਮੀ ਪੈਂਦੀ ਹੈ ਜਿਸ ਕਾਰਨ ਇਹਨਾਂ ਦੇਸ਼ਾਂ ਵਿੱਚ ਕੱਪੜੇ ਦੀ ਮੰਗ ਅਤੇ ਉਤਪਾਦਨ ਘੱਟ ਹੁੰਦਾ ਹੈ। ਇਸ ਲਈ ਅੰਦਰੂਨੀ ਵਪਾਰ ਲਈ ਅਸੀਂ ਆਪਣੇ ਦੇਸ਼ ਦੇ ਹਾਲਾਤ ਨੂੰ ਦੇਖਦੇ ਹੋਏ ਉਤਪਾਦਨ ਕਰ ਸਕਦੇ ਹਾਂ ਪਰ ਅੰਤਰਰਾਸ਼ਟਰੀ ਵਪਾਰ ਵਿੱਚ ਬਾਹਰਲੇ ਦੇਸ਼ਾਂ ਤੋਂ ਕਿਸ ਤਰ੍ਹਾਂ ਦੀ ਮੰਗ ਹੋਣੀ ਹੈ, ਇਹ ਉਹਨਾਂ ਦੇਸ਼ਾਂ ਦੇ ਹਾਲਾਤ ਤੇ ਨਿਰਭਰ ਕਰਦੀ ਹੈ। ਕਈ ਵਾਰ ਇਕੋ ਵਸਤੂ ਦੇ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਰੂਪ ਪ੍ਰਚਲਿਤ ਹੁੰਦੇ ਹਨ ਜਿਵੇ ਕਿ ਭਾਰਤ ਵਿੱਚ ਕਾਰਾਂ ਸੱਜੇ ਪਾਸੇ ਬੈਠ ਕੇ ਚਲਾਈਆਂ ਜਾਂਦੀਆਂ ਹਨ ਪਰ ਅਮਰੀਕਾ ਵਿੱਚ ਖੱਬੇ ਪਾਸੇ ਬੈਠ ਕੇ। ਇਸ ਲਈ ਜੇ ਭਾਰਤ ਦੀਆਂ ਕਾਰਾਂ ਅਮਰੀਕਾ ਵਿੱਚ ਵੇਚਣੀਆਂ ਹੋਣ ਤਾਂ ਇਹ ਉਦੋਂ ਹੀ ਸੰਭਵ ਹੈ ਜਦੋਂ ਅਸੀਂ ਖਾਸ ਤੌਰ ਤੇ ਖੱਬੇ ਪਾਸੇ ਬੈਠ ਕੇ ਚਲਾਈਆਂ ਜਾਣ ਵਾਲੀਆਂ ਕਾਰਾਂ ਬਣਾਈਏ। ਇਸ ਤਰ੍ਹਾਂ ਅਸੀਂ ਵੇਖਦੇ ਹਾਂ

ਕਿ ਅੰਤਰਰਾਸ਼ਟਰੀ ਵਪਾਰ ਕਰਨ ਲਈ ਸਾਨੂੰ ਦੂਸਰੇ ਦੇਸ਼ਾਂ ਦੇ ਮੌਸਮ, ਮੰਗ, ਰੁਚੀਆਂ ਅਤੇ ਰੀਤੀ ਰਿਵਾਜਾਂ ਦਾ ਧਿਆਣ ਰੱਖਣਾ ਪੈਂਦਾ ਹੈ।

7. ਅੰਦਰੂਨੀ ਵਪਾਰ ਲਈ ਉਤਪਾਦਨ ਦੇ ਸਾਧਨਾਂ ਨੂੰ ਦੇਸ਼ ਦੇ ਇਕ ਤੋਂ ਦੂਸਰੇ ਹਿੱਸੇ ਤੱਕ ਬੜੇ ਆਰਾਮ ਨਾਲ ਲਿਆਂਦਾ ਜਾ ਸਕਦਾ ਹੈ। ਪਰ ਅੰਤਰਰਾਸ਼ਟਰੀ ਪੱਧਰ ਤੇ ਇਹਨਾਂ ਸਾਧਨਾਂ ਦੀ ਵਰਤੋਂ ਤੇ ਪ੍ਰਵੇਸ਼ ਮੁਸ਼ਕਿਲ ਹੁੰਦਾ ਹੈ ਜਿਵੇਂ ਕਿ ਪੰਜਾਬ ਵਿੱਚ ਕਿਸੇ ਵਸਤੂ ਦਾ ਉਤਪਾਦਨ ਕਰਨ ਲਈ ਜੇ ਮਦਰਾਸ ਦੇ ਮਜ਼ਦੂਰ ਚਾਹੀਦੇ ਹਨ ਤਾਂ ਅਸੀਂ ਬਿਨਾਂ ਕਿਸੇ ਰੋਕ ਦੇ ਬੜੇ ਆਰਾਮ ਨਾਲ ਬਾਹਰ ਦੇ ਮਜ਼ਦੂਰਾਂ ਨੂੰ ਪੰਜਾਬ ਵਿੱਚ ਲਿਆ ਸਕਦੇ ਹਾਂ। ਪਰ ਜੇ ਇਸ ਤਰ੍ਹਾਂ ਦੇ ਉਤਪਾਦਨ ਲਈ ਸਾਨੂੰ ਇੰਗਲੈਂਡ ਤੋਂ ਕਾਰੀਗਰ ਚਾਹੀਦੇ ਹੋਣ ਤਾਂ ਉਹਨਾਂ ਵਿੱਚੋਂ ਲਿਆਉਣ ਲਈ ਸਾਨੂੰ ਸਰਕਾਰ ਰਾਹੀਂ ਅਤੇ ਅੰਤਰਰਾਸ਼ਟਰੀ ਪੱਧਰ ਤੇ ਬਣਾਏ ਗਏ ਕਾਨੂੰਨ ਰਾਹੀਂ ਹੀ ਕੰਮ ਕਰਨਾ ਪਵੇਗਾ। ਆਮ ਤੌਰ ਤੇ ਹਰ ਦੇਸ਼ ਨੇ ਆਪਣੇ-ਆਪਣੇ ਨਿਯਮ ਬਣਾਏ ਹੁੰਦੇ ਹਨ। ਇਹਨਾਂ ਨਿਯਮਾਂ ਅਨੁਸਾਰ ਅੰਤਰਰਾਸ਼ਟਰੀ ਪੱਧਰ ਤੇ ਮਜ਼ਦੂਰਾਂ, ਪੂੰਜੀ ਅਤੇ ਕੱਚੇ ਮਾਲ ਦੀ ਪਰਵੇਸ਼ ਸਮੱਸਿਆ ਪੈਦਾ ਹੁੰਦੀ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਅੰਤਰਰਾਸ਼ਟਰੀ ਵਪਾਰ, ਅੰਦਰੂਨੀ ਵਪਾਰ ਤੋਂ ਬਿਲਕੁਲ ਵੱਖ ਹੈ। ਪਰ ਫਿਰ ਵੀ ਕਿਸੇ ਦੇਸ਼ ਦਾ ਅੰਤਰਰਾਸ਼ਟਰੀ ਵਪਾਰ ਬਿਨ੍ਹਾਂ ਗੁਜ਼ਾਰਾ ਨਹੀਂ ਹੁੰਦਾ। ਸਗੋਂ ਦੁਨੀਆਂ ਦੇ ਕੁਝ ਅਜਿਹੇ ਦੇਸ਼ ਹਨ ਜੋ ਕਿ ਅੰਤਰ-ਰਾਸ਼ਟਰੀ ਵਪਾਰ ਨੂੰ ਅੰਦਰੂਨੀ ਵਪਾਰ ਤੋਂ ਵਧੇਰੇ ਮਹੱਤਵਪੂਰਨ ਅਤੇ ਫਾਇਦੇਮੰਦ ਸਮਝਦੇ ਹਨ।

**ਸਵੈ-ਅਭਿਆਸ ਪ੍ਰਸ਼ਨ**

1. ਅੰਤਰਰਾਸ਼ਟਰੀ ਵਪਾਰ ਤੋਂ ਕੀ ਭਾਵ ਹੈ?
2. ਅੰਤਰਰਾਸ਼ਟਰੀ ਵਪਾਰ, ਅੰਤਰਾਰਾਸ਼ਟਰੀ ਵਪਾਰ ਤੋਂ ਕਿਵੇਂ ਭਿੰਨ ਹੈ?

## 1.1.5 ਅੰਤਰਰਾਸ਼ਟਰੀ ਵਪਾਰ ਦਾ ਪਰੰਪਰਾਵਾਦੀ ਸਿਧਾਂਤ

ਅੰਤਰ ਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਨੂੰ ਤੁਲਨਾਤਮਿਕ ਲਾਗਤ ਦੇ ਸਿਧਾਂਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਸਿਧਾਂਤ ਸਾਨੂੰ ਬਹੁਤ ਪੁਰਾਣੇ ਅਰਥ-ਸ਼ਾਸਤਰੀਆਂ ਡੇਵਿਡ ਹਿਊਮ ਅਤੇ ਐਡਮ ਸਮਿੱਥ ਦੀਆਂ ਲਿਖਤਾਂ ਵਿੱਚ ਵੀ ਨਜ਼ਰ ਆਉਂਦਾ ਹੈ ਪਰੰਤੂ ਅਸਲ ਵਿੱਚ ਇਸ ਸਿਧਾਂਤ ਦੀ ਵਿਆਖਿਆ ਰਿਕਾਰਡੋ (Ricardo) ਨੇ ਆਪਣੀ ਪੁਸਤਕ (Principles of Political Economy and Taxation) ਵਿੱਚ ਕੀਤੀ ਹੈ। ਅੰਤਰ ਰਾਸ਼ਟਰੀ ਵਪਾਰ ਦੇ ਮਹੱਤਵ ਨੂੰ ਮੁੱਖ ਰੱਖਦਿਆਂ ਐਡਮ ਸਮਿੱਥ ਨੇ ਕਿਹਾ ਕਿ ਹਰ ਇੱਕ ਦੇਸ਼ ਵਿੱਚ ਸਰਕਾਰੀ ਨਾ-ਦਖਲ ਦੀ ਨੀਤੀ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਦਾ ਮੁੱਖ ਵਿਚਾਰ ਇਹ ਸੀ ਕਿ ਕਿਰਤ ਦੀ ਵੰਡ ਨਾਲ ਅਸੀਂ ਉਤਪਾਦਨ ਵਿੱਚ ਕਈ ਗੁਣਾਂ ਵਾਧਾ ਕਰ ਸਕਦੇ ਹਾਂ। ਮੁਕਤ ਬਾਜ਼ਾਰ ਦੀ ਸਥਿਤੀ ਵਿੱਚ ਅੰਤਰ ਰਾਸ਼ਟਰੀ ਵਪਾਰ ਵਿੱਚ ਵਾਧਾ ਹੁੰਦਾ ਹੈ ਅਤੇ ਕਿਰਤ ਦੀ ਵੰਡ ਦੀ ਵੱਧ ਲਾਭਦਾਇਕ ਢੰਗ ਨਾਲ ਵਰਤੋਂ ਕੀਤੀ ਜਾਂਦੀ ਹੈ। ਭਾਵੇਂ ਇਸ ਸਿਧਾਂਤ ਸੰਬੰਧੀ ਮੁੱਢਲੀ ਜਾਣਕਾਰੀ ਐਡਮ ਸਮਿੱਥ ਅਤੇ ਰਿਕਾਰਡੋ ਦੁਆਰਾ ਦਿੱਤੀ ਗਈ, ਫਿਰ ਵੀ ਜੇ. ਐਸ. ਮਿੱਲ. ਕੇਨਜ਼ ਅਤੇ ਬਾਸਟੇਬਲ ਆਦਿ ਅਰਥ-ਸ਼ਾਸਤਰੀਆਂ ਦੁਆਰਾ ਇਸ ਸਿਧਾਂਤ ਵਿੱਚ ਸੁਧਾਰ ਕੀਤੇ ਗਏ।

### 1.1.5.1 ਪ੍ਰਿਭਾਸ਼ਾਵਾਂ (Definitions)

ਸੈਮਿਲਸਨ ਦੇ ਅਨੁਸਾਰ, ''ਹਰੇਕ ਦੇਸ਼ ਉਸ ਵਸਤੂ ਵਿੱਚ ਵਿਸ਼ੇਸ਼ੀਕਰਣ ਪ੍ਰਾਪਤ ਕਰਦਾ ਹੈ ਜਿਸ ਵਿੱਚ ਉਸ ਨੂੰ ਤੁਲਨਾਤਮਕ ਲਾਭ ਹੈ, ਅਤੇ ਉਸ ਵਸਤੂ ਦੀ ਵਧੇਰੇ ਮਾਤਰਾ ਵਿੱਚ ਪੈਦਾਵਾਰ ਕਰਕੇ ਉਸ ਵਸਤੂ ਦੁਆਰਾ ਵਿਦੇਸ਼ਾਂ ਤੋਂ ਹੋਰਨਾਂ ਵਸਤਾਂ ਦਾ ਆਯਾਤ ਕਰਦਾ ਹੈ।'' ("Each country will specialise in the commodity in which it has comparative advantage, exporting its surplus of that product for imports from aboard"-Samuelson). ਜੈਕੋਬ ਵਾਈਨਰ ਦੇ ਅਨੁਸਾਰ, ''ਹਰੇਕ ਦੇਸ਼ ਉਨ੍ਹਾਂ ਵਾਸਤੂਆਂ ਦੇ ਉਤਪਾਦਨ ਵਿੱਚ ਵਿਸ਼ੇਸ਼ੀਕਰਣ ਪ੍ਰਾਪਤ ਕਰੇਗੀ ਅਤੇ ਉਨ੍ਹਾਂ ਦਾ ਨਿਰਯਾਤ ਕਰੇਗਾ ਜਿਨ੍ਹਾਂ ਦੇ ਉਤਪਾਦਨ ਵਿੱਚ ਉਸ ਨੂੰ ਤੁਲਨਾਤਮਕ ਲਾਭ ਜ਼ਿਆਦਾ ਹੁੰਦਾ ਹੈ ਜਾਂ ਤੁਲਨਾਤਮਕ ਹਾਨੀ ਘੱਟ ਹੁੰਦੀ ਹੈ।'' ਮੈਕੋਨਲ ਦੇ ਸ਼ਬਦਾਂ ਵਿੱਚ, ''ਇਕ ਦੇਸ਼, ਵਿਅਕਤੀ ਅਤੇ ਖੇਤਰਾਂ ਦੀ ਤਰ੍ਹਾਂ ਉਨ੍ਹਾਂ ਵਸਤੂਆਂ ਦਾ ਉਤਪਾਦਨ ਕਰਕੇ ਲਾਭ ਪ੍ਰਾਪਤ ਕਰ ਸਕਦਾ ਹੈ ਜਿਨ੍ਹਾਂ ਦਾ ਉਤਪਾਦਨ ਉਹ ਵੱਧ ਤੋਂ ਵੱਧ ਕੁਸ਼ਲਤਾ ਨਾਲ ਕਰ ਸਕਦਾ ਹੈ। ਇਸੇ ਤਰ੍ਹਾਂ ਉਨ੍ਹਾਂ ਵਸਤੂਆਂ ਦਾ ਆਯਾਤ ਕਰਕੇ ਲਾਭ ਪ੍ਰਾਪਤ ਕਰ ਸਕਦਾ ਹੈ, ਜਿਨ੍ਹਾਂ ਦਾ ਉਤਪਾਦਨ ਉਹ ਜ਼ਿਆਦਾ ਕੁਸ਼ਲਤਾ ਨਾਲ ਨਹੀਂ ਕਰ ਸਕਦਾ।'' ("Nations like individuals and regions can gain by specializing in those products which they can produce with great

relative efficiency and trading for those goods which they can not produce efficiently"-Mecconell).

**ਸਵੈ-ਅਭਿਆਸ ਪ੍ਰਸ਼ਨ**

3. ਅੰਤਰਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਤੋਂ ਦੀ ਭਾਵ ਹੈ?
4. ਅੰਤਰਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਦੀਆਂ ਪ੍ਰੀਭਾਸ਼ਾਵਾਂ ਦੱਸੋਂ।

### 1.1.5.2 ਮਾਨਤਾਵਾਂ (Assumptions)

ਅੰਤਰ ਰਾਸ਼ਟਰੀ ਵਪਾਰ ਦਾ ਪਰੰਪਰਾਵਾਦੀ ਸਿਧਾਂਤ ਹੇਠ ਲਿਖੀਆਂ ਮਾਨਤਾਵਾਂ ਤੇ ਅਧਾਰਤ ਹੈ :

1. ਕਿਰਤ ਹੀ ਕੇਵਲ ਉਤਪਾਦਨ ਦਾ ਸਾਧਨ ਹੈ ਅਤੇ ਉਤਪਾਦਨ ਲਾਗਤ ਵਿੱਚ ਸਿਰਫ ਕਿਰਤ ਦੀ ਲਾਗਤ ਹੀ ਸ਼ਾਮਿਲ ਹੁੰਦੀ ਹੈ।
2. ਕਿਰਤ ਦੀਆਂ ਇਕਾਈਆਂ ਸਮਰੂਪ ਹਨ।
3. ਉਤਪਾਦਨ ਦੇ ਸਾਧਨ ਇਕ ਦੇਸ਼ ਦੇ ਅੰਦਰ ਪੂਰਨ ਰੂਪ ਵਿੱਚ ਗਤੀਸ਼ੀਲ ਅਤੇ ਵੱਖ-ਵੱਖ ਦੇਸ਼ਾਂ ਦੇ ਵਿੱਚਕਾਰ ਪੂਰਨ ਰੂਪ ਵਿੱਚ ਗਤੀਹੀਣ ਹਨ।
4. ਉਤਪਾਦਨ ਵਿੱਚ ਸਮਾਨ ਲਾਗਤ ਜਾਂ ਸਮਾਨ ਫਲਨ ਦਾ ਨਿਯਮ ਲਾਗੂ ਹੁੰਦਾ ਹੈ।
5. ਆਵਾਜਾਈ ਦੀ ਕੋਈ ਲਾਗਤ ਨਹੀਂ ਹੁੰਦੀ।
6. ਅੰਤਰ ਰਾਸ਼ਟਰੀ ਵਪਾਰ ਵਿੱਚ ਕੇਵਲ ਦੋ ਹੀ ਦੇਸ਼ ਹਿੱਸਾ ਲੈਂਦੇ ਹਨ ਅਤੇ ਕੇਵਲ ਦੋ ਹੀ ਵਸਤੂਆਂ ਦਾ ਲੈਣ-ਦੇਣ ਕੀਤਾ ਜਾਂਦਾ ਹੈ।
7. ਦੋਹਾਂ ਦੇਸ਼ਾਂ ਵਿੱਚ ਉਤਪਾਦਨ ਦੇ ਸਾਰੇ ਸਾਧਨ ਪੂਰਣ ਰੁਜ਼ਗਾਰ ਦੀ ਹਾਲਤ ਵਿੱਚ ਹਨ।
8. ਵਸਤੂ ਬਾਜ਼ਾਰ ਅਤੇ ਸਾਧਨ ਬਾਜ਼ਾਰ ਵਿੱਚ ਪੂਰਨ ਮੁਕਾਬਲੇ ਦੀ ਹਾਲਤ ਹੈ।

### 1.1.5.3 ਅੰਤਰ ਰਾਸ਼ਟਰੀ ਵਪਾਰ ਦਾ ਅਧਾਰ (Basis of International Trade)

ਅੰਤਰ ਰਾਸ਼ਟਰੀ ਵਪਾਰ ਵੱਖ-ਵੱਖ ਦੇਸ਼ਾਂ ਵਿੱਚ ਉਤਪਾਦਨ ਲਾਗਤਾਂ ਵਿੱਚ ਅੰਤਰ ਹੋਣ ਕਰਕੇ ਹੁੰਦਾ ਹੈ। ਉਤਪਾਦਨ ਲਾਗਤਾਂ ਅਤੇ ਅੰਤਰ ਦੋ ਤਰ੍ਹਾਂ ਦਾ ਹੋ ਸਕਦਾ ਹੈ :

1. ਲਾਗਤਾਂ ਵਿੱਚ ਨਿਰਪੇਖ ਅੰਤਰ (Absolute Differences in Costs)
2. ਲਾਗਤਾਂ ਵਿੱਚ ਤੁਲਨਾਤਮਕ ਅੰਤਰ (Comparative Differences in Costs)

### 1. ਲਾਗਤਾਂ ਵਿੱਚ ਨਿਰਪੇਖ ਅੰਤਰ

ਐਡਮ ਸਮਿੱਥ ਅਨੁਸਾਰ ਦੋ ਦੇਸ਼ਾਂ ਵਿੱਚ ਵਪਾਰ ਉਦੋਂ ਹੀ ਸੰਭਵ ਹੁੰਦਾ ਹੈ ਜਦੋਂ ਇੱਕ ਦੇਸ਼ ਨੂੰ ਇੱਕ ਵਸਤੂ ਦੇ ਉਤਪਾਦਨ ਵਿੱਚ, ਦੂਜੇ ਦੇਸ਼ਾਂ ਦੇ ਮੁਕਾਬਲੇ ਵਿੱਚ ਨਿਰਪੇਖ ਲਾਭ ਹੋਵੇ ਅਤੇ ਦੂਜੇ ਦੇਸ਼ ਨੂੰ ਕਿਸੇ ਹੋਰ ਵਸਤੂ ਦੇ ਉਤਪਾਦਨ ਵਿੱਚ ਨਿਰਪੇਖ ਲਾਭ ਹੋਵੇ। ਜਿਵੇਂ ਕਿ ਟੇਬਲ ਵਿੱਚ ਦਰਸਾਇਆ ਗਿਆ ਹੈ:


**ਪ੍ਰਤੀ ਕਿਰਤ ਇਕਾਈ ਉਤਪਾਦਨ**

| | **ਭਾਰਤ** | **ਬੰਗਲਾ ਦੇਸ਼** |
|---|---|---|
| **ਚਾਵਲ** | 10 | 5 |
| **ਕਪਾਹ** | 5 | 10 |


ਉਪਰਲੇ ਟੇਬਲ ਤੋਂ ਸਾਨੂੰ ਸਾਫ ਪਤਾ ਲਗਦਾ ਹੈ ਕਿ ਭਾਰਤ ਵਿੱਚ ਇੱਕ ਇਕਾਈ ਚਾਵਲ = 0.5 ਇਕਾਈ ਕਪਾਹ ਅਤੇ ਬੰਗਲਾ ਦੇਸ਼ ਵਿੱਚ ਇਕ ਇਕਾਈ ਚਾਵਲ = 2 ਇਕਾਈ ਕਪਾਹ।

ਸੋ ਸਾਫ ਹੈ ਕਿ ਭਾਰਤ ਨੂੰ ਚਾਵਲਾਂ ਦੇ ਉਤਪਾਦਨ ਵਿੱਚੋਂ ਨਿਰਪੇਖ ਲਾਭ ਹੋ ਰਿਹਾ ਹੈ ਅਤੇ ਬੰਗਲਾ ਦੇਸ਼ ਨੂੰ ਕਪਾਹ ਦੇ ਉਤਪਾਦਨ ਵਿੱਚੋਂ ਨਿਰਪੇਖ ਲਾਭ ਹੋ ਰਿਹਾ ਹੈ।

ਦੋਹਾਂ ਦੇਸ਼ਾਂ ਦੇ ਉਤਪਾਦਨ ਸੰਭਾਵਨਾ ਵੱਕਰ (Production Possibility Curves) ਅਤੇ ਆਫਰ ਵੱਕਰ (Offer Curves) ਇਸ ਪ੍ਰਕਾਰ ਹੋਣਗੇ :




ਚਿੱਤਰ 1




ਚਿੱਤਰ 2

ਚਿੱਤਰ 1 ਵਿੱਚ AB ਵੱਕਰ ਭਾਰਤ ਦਾ ਉਤਪਾਦਨ ਸੰਭਾਵਨਾ ਵੱਕਰ ਹੈ ਅਤੇ AC ਬੰਗਲਾ ਦੇਸ਼ ਦਾ ਉਤਪਾਦਨ ਸੰਭਾਵਨਾ ਵੱਕਰ ਹੈ। ਚਿੱਤਰ 2 ਵਿੱਚ OA ਵੱਕਰ ਭਾਰਤ ਦਾ ਆਫਰ ਵੱਕਰ ਹੈ ਜਦੋਂ ਕਿ OB ਵੱਕਰ ਬੰਗਲਾ ਦੇਸ਼ ਦਾ ਆਫਰ ਵੱਕਰ ਹੈ। OA ਵੱਕਰ ਉੱਤੇ 1 ਇਕਾਈ ਚਾਵਲ 0.5 ਇਕਾਈ ਕਪਾਹ ਦੇ ਬਰਾਬਰ ਹੈ ਜਦੋਂ ਕਿ OB ਉਤੇ 1 ਇਕਾਈ ਚਾਵਲ 2 ਇਕਾਈ ਕਪਾਹ ਦੇ ਬਰਾਬਰ ਹੈ।

ਚਿੱਤਰ 1 ਤੋਂ ਸਪਸ਼ਟ ਹੈ ਕਿ ਭਾਰਤ ਨੂੰ ਚਾਵਲਾਂ ਦੇ ਉਤਪਾਦਨ ਵਿੱਚੋਂ ਨਿਰਪੇਖ ਲਾਭ ਹੈ। ਐਡਮ ਸਮਿੱਥ ਅਨੁਸਾਰ ਭਾਰਤ ਚਾਵਲਾਂ ਦੇ ਉਤਪਾਦਨ ਵਿੱਚ ਵਿਸ਼ੇਸ਼ੀਕਰਨ ਕਰੇਗਾ ਅਤੇ ਚਾਵਲਾਂ ਦਾ ਨਿਰਯਾਤ ਕਰੇਗਾ। ਇਸ ਦੇ ਉਲਟ ਬੰਗਲਾ ਦੇਸ਼ ਨੂੰ ਕਪਾਹ ਦੇ ਉਤਪਾਦਨ ਵਿੱਚ ਨਿਰਪੇਖ ਲਾਭ ਹੈ। ਇਸ ਲਈ ਬੰਗਲਾ ਦੇਸ਼ ਕਪਾਹ ਨਿਰਯਾਤ ਕਰੇਗਾ। ਭਾਰਤ ਨੂੰ ਕਪਾਹ ਦੇ ਉਤਪਾਦਨ ਵਿੱਚ ਨਿਰਪੇਖ ਹਾਨੀ ਹੈ। ਇਸ ਲਈ ਭਾਰਤ ਕਪਾਹ ਆਯਾਤ ਕਰੇਗਾ। ਇਸ ਦੇ ਉਲਟ ਬੰਗਲਾ ਦੇਸ਼ ਨੂੰ ਚਾਵਲਾਂ ਦੇ ਉਤਪਾਦਨ ਵਿੱਚ ਨਿਰਪੇਖ ਹਾਨੀ ਹੈ। ਇਸ ਲਈ ਬੰਗਲਾ ਦੇਸ਼ ਚਾਵਲ ਆਯਾਤ ਕਰੇਗਾ।

ਚਿੱਤਰ 2 ਦੇ OA ਵੱਕਰ ਤੋਂ ਸਪਸ਼ਟ ਹੈ ਕਿ ਭਾਰਤ ਚਾਵਲ ਤਾਂ ਹੀ ਨਿਰਯਾਤ ਕਰੇਗਾ ਜੇਕਰ ਇਸ ਨੂੰ ਇਕਾਈ ਚਾਵਲ ਦੇ ਬਦਲੇ 0.5 ਇਕਾਈ ਕਪਾਹ ਤੋਂ ਜ਼ਿਆਦਾ ਕਪਾਹ ਮਿਲੇ ਕਿਉਂਕਿ ਭਾਰਤ ਵਿੱਚ 1 ਇਕਾਈ ਚਾਵਲ ਦੀ ਉਤਪਾਦਨ ਲਾਗਤ 0.5 ਇਕਾਈ ਕਪਾਹ ਦੇ ਬਰਾਬਰ ਹੈ ਅਤੇ ਬੰਗਲਾ ਦੇਸ਼ ਕਪਾਹ ਵਿੱਚ 1 ਇਕਾਈ ਚਾਵਲ ਦੀ ਉਤਪਾਦਨ ਲਾਗਤ 2 ਇਕਾਈ ਕਪਾਹ ਦੇ ਬਰਾਬਰ ਹੈ। ਬੰਗਲਾ ਦੇਸ਼ ਭਾਰਤ ਤੋਂ ਚਾਵਲ ਤਾਂ ਹੀ ਆਯਾਤ ਕਰੇਗਾ ਜੇਕਰ ਉਸ ਨੂੰ 1 ਇਕਾਈ ਚਾਵਲ ਦੇ ਬਦਲੇ 2 ਇਕਾਈ ਕਪਾਹ ਤੋਂ ਘੱਟ ਕਪਾਹ ਦੇਣੀ ਪਵੇ। ਸਪਸ਼ਟ ਹੈ ਕਿ ਭਾਰਤ ਚਾਵਲ ਨਿਰਯਾਤ ਕਰੇਗਾ ਅਤੇ ਬੰਗਲਾ ਦੇਸ਼ ਚਾਵਲ ਆਯਾਤ ਕਰੇਗਾ। ਮੰਨ ਲਉ ਵਪਾਰ ਲਈ ਦੋਵੇਂ ਦੇਸ਼ ਅੰਤਰ ਰਾਸ਼ਟਰੀ ਵਪਾਰ ਦੀਆਂ ਸ਼ਰਤ ਤੇ ਮੰਨ ਜਾਂਦੇ ਹਨ ਕਿ:

1 ਇਕਾਈ ਚਾਵਲ = 1 ਇਕਾਈ ਕਪਾਹ

ਇਸ ਮੁਤਾਬਿਕ ਭਾਰਤ ਨੂੰ ਆਪਣੇ ਹੀ ਦੇਸ਼ ਵਿੱਚ 1 ਇਕਾਈ ਚਾਵਲ ਬਦਲੇ 0.5 ਇਕਾਈ ਕਪਾਹ ਮਿਲਦੀ ਹੈ। ਉਹ ਬੰਗਲਾ ਦੇਸ਼ ਕੋਲੋਂ 1 ਇਕਾਈ ਚਾਵਲ ਦੇ ਬਦਲੇ 1 ਇਕਾਈ ਕਪਾਹ ਲੈ ਰਿਹਾ ਹੈ। ਇਸ ਤਰ੍ਹਾਂ ਭਾਰਤ ਨੂੰ 1 ਇਕਾਈ ਚਾਵਲ ਬਾਹਰ ਭੇਜਣ ਨਾਲ 0.5 ਇਕਾਈ ਕਪਾਹ ਦਾ ਲਾਭ ਹੋ ਰਿਹਾ ਹੈ। ਬੰਗਲਾ ਦੇਸ਼ ਵਿੱਚ 1 ਇਕਾਈ ਚਾਵਲ ਦਾ ਮੁੱਲ ਜਾਂ ਲਾਗਤ 2 ਇਕਾਈ ਕਪਾਹ ਹੈ। ਪਰ ਭਾਰਤ ਕੋਲੋਂ ਉਸ ਨੂੰ 1 ਇਕਾਈ ਕਪਾਹ ਦੇ ਬਦਲੇ ਪ੍ਰਾਪਤ ਹੋ ਰਹੇ ਹਨ। ਇਸ ਤਰ੍ਹਾਂ ਜਦੋਂ ਬੰਗਲਾ ਦੇਸ਼ 1 ਇਕਾਈ ਚਾਵਲ ਬਾਹਰੋਂ ਮੰਗਵਾਉਂਦਾ ਹੈ ਤਾਂ ਉਸ ਨੂੰ 1 ਇਕਾਈ ਕਪਾਹ ਦਾ ਲਾਭ ਹੋ ਰਿਹਾ ਹੈ। ਇਸ ਤਰ੍ਹਾਂ ਸਪਸ਼ਟ ਹੈ ਕਿ ਭਾਰਤ ਨੂੰ ਕਪਾਹ ਆਯਾਤ ਕਰਕੇ ਅਤੇ ਬੰਗਲਾ ਦੇਸ਼ ਨੂੰ ਕਪਾਹ ਨਿਰਯਾਤ ਕਰਕੇ ਲਾਭ ਹੋਵੇਗਾ।

**2. ਲਾਗਤਾਂ ਵਿੱਚ ਤੁਲਨਾਤਮਕ ਅੰਤਰ**

ਡੇਵਿਡ ਰਿਕਾਰਡੋ ਅਨੁਸਾਰ ਅੰਤਰ ਰਾਸ਼ਟਰੀ ਵਪਾਰ ਦਾ ਮੁੱਖ ਆਧਾਰ ਲਾਗਤਾਂ ਵਿੱਚ ਤੁਲਨਾਤਮਕ ਅੰਤਰ ਹੈ। ਤੁਲਨਾਤਮਕ ਅੰਤਰ ਦਾ ਅਰਥ ਹੈ ਕਿ ਦੇਸ਼ ਦੋਹਾਂ ਹੀ ਵਸਤੂਆਂ ਦਾ ਉਤਪਾਦਨ, ਦੂਜੇ ਦੇਸ਼ਾਂ ਦੇ ਮੁਕਾਬਲੇ ਵਿੱਚ ਘੱਟ ਲਾਗਤ ਤੇ ਕਰ ਸਕਦਾ ਹੈ ਪਰੰਤੂ ਦੋਹਾਂ ਵਸਤੂਆਂ ਵਿੱਚੋਂ ਕਿਸੇ ਇਕ ਦਾ ਉਤਪਾਦਨ ਕਰਕੇ ਜ਼ਿਆਦਾ ਲਾਭ ਪ੍ਰਾਪਤ ਕਰ ਸਕਦਾ ਹੈ। ਇਸ ਦੇ ਉਲਟ ਦੂਜਾ ਦੇਸ਼ ਦੋਹਾਂ ਹੀ ਵਸਤੂਆਂ ਦਾ ਉਤਪਾਦਨ ਜ਼ਿਆਦਾ ਲਾਗਤ ਤੇ ਕਰਦਾ ਹੈ। ਪਰੰਤੂ ਦੋਹਾਂ ਵਸਤੂਆਂ ਵਿੱਚੋਂ ਇਕ ਦਾ ਉਤਪਾਦਨ ਕਰਨ ਵਿੱਚ ਤੁਲਨਾਤਮਕ ਹਾਨੀ ਘੱਟ ਹੈ। ਇਸ ਨੂੰ ਹੇਠ ਲਿਖੇ ਟੇਬਲ ਰਾਹੀਂ ਸਪੱਸ਼ਟ ਕੀਤਾ ਗਿਆ ਹੈ।

ਪ੍ਰਤੀ ਕਿਰਤ ਇਕਾਈ ਉਤਪਾਦਨ


| ਵਸਤਾਂ | ਭਾਰਤ ਵਿੱਚ | ਬੰਗਲਾ ਦੇਸ਼ ਵਿੱਚ |
|---|---|---|
| ਚਾਵਲ | 10 | 5 |
| ਕਪਾਹ | 10 | 8 |

ਉਪਰਲੇ ਟੇਬਲ ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਭਾਰਤ ਦੋਹਾਂ ਵਸਤੂਆਂ ਦੇ ਉਤਪਾਦਨ ਵਿੱਚ ਨਿਪੁੰਨ ਹੈ। ਪਰੰਤੂ ਇਹ ਨਿਪੁੰਨਤਾ ਚਾਵਲ ਦੇ ਉਤਪਾਦਨ ਵਿੱਚ ਕਪਾਹ ਦੇ ਉਤਪਾਦਨ ਨਾਲੋਂ ਜ਼ਿਆਦਾ ਹੈ। ਇਸ ਦੇ ਉਲਟ ਬੰਗਲਾ ਦੇਸ਼ ਦੋਹਾਂ ਵਸਤੂਆ ਦੇ ਉਤਪਾਦਨ ਵਿੱਚੋਂ ਭਾਰਤ ਨਾਲੋਂ ਘੱਟ ਨਿਪੁੰਨ ਹੈ। ਇਸ ਸਥਿਤੀ ਵਿੱਚ ਦੋਹਾਂ ਦੇਸ਼ਾਂ ਨੂੰ ਵਪਾਰ ਕਰਨ ਨਾਲ ਲਾਭ ਹੋਵੇਗਾ ਕਿਉਂਕਿ ਭਾਰਤ ਵਿੱਚ 1 ਇਕਾਈ ਚਾਵਲ = 1 ਇਕਾਈ ਕਪਾਹ

ਅਤੇ ਬੰਗਲਾ ਦੇਸ਼ ਵਿੱਚ


1 ਇਕਾਈ ਚਾਵਲ = 1.6 ਇਕਾਈ ਕਪਾਹ

ਦੋਹਾਂ ਦੇਸ਼ਾਂ ਦੀਆਂ ਉਤਪਾਦਨ ਲਾਗਤਾਂ ਦੇ ਅਨੁਪਾਤ ਨੂੰ ਅੱਗੇ ਦਿੱਤੇ ਰੇਖਾ ਚਿੱਤਰ ਰਾਹੀਂ ਉਤਪਾਦਨ ਸੰਭਾਵਨਾ ਵੱਕਰ ਅਤੇ ਆਫਰ ਵੱਕਰ ਦੀ ਸਹਾਇਤਾ ਨਾਲ ਸਪਸ਼ਟ ਕੀਤਾ ਜਾ ਸਕਦਾ ਹੈ।




ਦੋਵੇਂ ਦੇਸ਼ਾਂ ਦੇ ਉਤਪਾਦਨ ਸੰਭਾਵਨਾ ਵੱਕਰ

ਚਿੱਤਰ ਨੰ: 3




ਦੋਵੇਂ ਦੇਸ਼ਾਂ ਦੇ ਆਫਰ ਵੱਕਰ

ਚਿੱਤਰ ਨੰ: 4

ਚਿੱਤਰ ਨੰ: 3 ਵਿੱਚ (AB) ਭਾਰਤ ਦਾ ਉਤਪਾਦਨ ਸੰਭਾਵਨਾ ਵੱਕਰ ਹੈ ਅਤੇ (AC) ਬੰਗਲਾ ਦੇਸ਼ ਦਾ ਉਤਪਾਦਨ ਸੰਭਾਵਨਾ ਵੱਕਰ ਹੈ। ਚਿੱਤਰ 4 ਵਿੱਚ OA ਭਾਰਤ ਦਾ ਆਫਰ ਵੱਕਰ ਹੈ। ਜਿਸ ਉੱਤੇ 1 ਇਕਾਈ ਚਾਵਲ 1 ਇਕਾਈ ਕਪਾਹ ਦੇ ਬਰਾਬਰ ਹੈ ਅਤੇ OB ਬੰਗਲਾ ਦੇਸ਼ ਦਾ ਆਫਰ ਵੱਕਰ ਹੈ ਜਿਸ ਉੱਤੇ 1 ਇਕਾਈ ਚਾਵਲ 1.6 ਇਕਾਈ ਕਪਾਹ ਦੇ ਬਰਾਬਰ ਹੈ।

ਸੋ ਰੇਖਾ ਚਿੱਤਰਾਂ ਤੋਂ ਸਪਸ਼ਟ ਹੈ ਕਿ ਭਾਰਤ ਨੂੰ ਦੋਹਾਂ ਵਸਤੂਆਂ ਦੇ ਉਤਪਾਦਨ ਤੋਂ ਨਿਰਪੇਖ ਲਾਭ ਹੋ ਰਿਹਾ ਹੈ। ਇਸ ਦੇ ਉਲਟ ਬੰਗਲਾ ਦੇਸ਼ ਨੂੰ ਦੋਹਾਂ ਵਸਤੂਆਂ ਦੇ ਉਤਪਾਦਨ ਵਿੱਚ ਨਿਰਪੇਖ ਹਾਨੀ ਹੋ ਰਹੀ ਹੈ। ਹੁਣ ਅਸੀਂ ਵੇਖਾਂਗੇ ਕਿ ਦੋਵੇਂ ਦੇਸ਼ ਕਿਹੜੀਆਂ-ਕਿਹੜੀਆ ਵਸਤੂਆ ਦੇ ਉਤਪਾਦਨ ਵਿੱਚ ਵਿਸ਼ੇਸ਼ੀਕਰਨ ਕਰਨਗੇ। ਭਾਵੇਂ ਭਾਰਤ ਨੂੰ ਦੋਹਾਂ ਵਸਤੂਆਂ ਦੇ ਉਤਪਾਦਨ ਵਿੱਚ ਨਿਰਪੇਖ ਲਾਭ ਪ੍ਰਾਪਤ ਹੁੰਦਾ ਹੈ ਪਰ ਤੁਲਨਾਤਮਕ ਰੂਪ ਵਿੱਚ ਇਹ ਲਾਭ ਚਾਵਲ ਦੇ ਉਤਪਾਦਨ ਵਿੱਚ ਜ਼ਿਆਦਾ ਹੈ ਕਿਉਂਕਿ

$$\frac{\text{ਭਾਰਤ ਵਿੱਚ ਚਾਵਲਾਂ ਦੀਆਂ 10 ਇਕਾਈਆਂ}}{\text{ਬੰਗਲਾ ਦੇਸ਼ ਵਿੱਚ ਚਾਵਲਾਂ ਦੀਆਂ 5 ਇਕਾਈਆਂ}} > \frac{\text{ਭਾਰਤ ਵਿੱਚ ਕਪਾਹ ਦੀਆਂ 10 ਇਕਾਈਆਂ}}{\text{ਬੰਗਲਾ ਦੇਸ਼ ਵਿੱਚ ਕਪਾਹ ਦੀਆਂ 8 ਇਕਾਈਆਂ}}$$

ਜਾਂ 2 > 1.25

ਸਾਫ ਹੈ ਕਿ ਭਾਰਤ ਦੀ ਚਾਵਲ ਦਾ ਉਤਪਾਦਨ ਕਰਨ ਦੀ ਸਮਰਥਾ ਬੰਗਲਾ ਦੇਸ਼ ਤੋਂ ਦੁਗਣੀ ਹੈ ਜਦ ਕਿ ਕਪਾਹ ਦਾ ਉਤਪਾਦਨ ਕਰਨ ਦੀ ਸਮਰਥਾ 1.25 ਗੁਣਾਂ ਦੀ ਹੈ। ਇਸ ਦੇ ਉਲਟ ਬੰਗਲਾ ਦੇਸ਼ ਦੀ ਉਤਪਾਦਨ ਕਰਨ ਦੀ ਸਮਰਥਾ ਭਾਰਤ ਦੇ ਮੁਕਾਬਲੇ ਵਿੱਚ ਚਾਵਲਾਂ ਦੇ ਉਤਪਾਦਨ ਵਿੱਚ ਬਹੁਤ ਘੱਟ ਹੈ ਜਦ ਕਿ ਕਪਾਹ ਦੇ ਉਤਪਾਦਨ ਵਿੱਚ ਕੁਝ ਜ਼ਿਆਦਾ ਹੈ। ਜਾਂ ਅਸੀਂ ਕਹਿ ਸਕਦੇ ਹਾਂ ਕਿ ਬੰਗਲਾ ਦੇਸ਼ ਨੂੰ ਕਪਾਹ ਦੇ ਉਤਪਾਦਨ ਵਿੱਚ ਤੁਲਨਾਤਮਕ ਹਾਨੀ ਘੱਟ ਹੈ। ਸਪਸ਼ਟ ਹੈ ਕਿ ਭਾਰਤ ਚਾਵਲ ਅਤੇ ਬੰਗਲਾ ਦੇਸ਼ ਕਪਾਹ ਦੇ ਉਤਪਾਦਨ ਵਿੱਚ ਵਿਸ਼ੇਸ਼ੀਕਰਨ ਪ੍ਰਾਪਤ ਕਰੇਗਾ। ਭਾਰਤ 1 ਇਕਾਈ ਚਾਵਲ ਦੇ ਨਿਰਯਾਤ ਦੇ ਬਦਲੇ ਵਿੱਚ ਇਕਾਈ ਤੋਂ ਜ਼ਿਆਦਾ ਕਪਾਹ ਆਯਾਤ ਕਰਨਾ ਚਾਹੁੰਦਾ ਹੈ। ਜਦੋਂ ਕਿ ਬੰਗਲਾ ਦੇਸ਼ 1 ਇਕਾਈ ਚਾਵਲਾਂ ਦੇ ਬਦਲੇ 1.6 ਇਕਾਈ ਤੋਂ ਘੱਟ ਕਪਾਹ ਨਿਰਯਾਤ ਕਰਨ ਲਈ ਤਿਆਰ ਹੈ। ਇਸ ਤਰ੍ਹਾਂ ਦੋਹਾਂ ਦੇਸ਼ ਦੀਆਂ ਵਪਾਰਕ ਸ਼ਰਤਾਂ ਆਪਸੀ ਸਮਝੌਤੇ ਤੇ ਨਿਰਭਰ ਕਰਨਗੀਆਂ ਅਤੇ ਦੋਵੇਂ ਅੰਤਰ ਰਾਸ਼ਟਰੀ ਵਪਾਰ ਤੋਂ ਲਾਭ ਪ੍ਰਾਪਤ ਕਰਨਗੇ।

ਭਾਰਤ ਨੂੰ ਦੋਹਾਂ ਵਸਤੂਆਂ ਦੇ ਉਤਪਾਦਨ ਵਿੱਚ ਨਿਰਪੇਖ ਲਾਭ ਹੋ ਰਿਹਾ ਹੈ ਪਰ ਚਾਵਲ ਦੇ ਉਤਪਾਦਨ ਵਿੱਚੋਂ ਤੁਲਨਾਤਮਕ ਲਾਭ (10/5 > 10/8) ਜ਼ਿਆਦਾ ਹੈ ਜਦੋਂ ਕਿ ਬੰਗਲਾ ਦੇਸ਼ ਨੂੰ ਦੋਹਾਂ ਵਸਤੂਆਂ ਦੇ ਉਤਪਾਦਨ ਵਿੱਚ ਨਿਰਪੇਖ ਹਾਨੀ ਹੁੰਦੀ ਹੈ ਪਰ ਕਪਾਹ ਦੇ ਉਤਪਾਦਨ ਵਿੱਚ ਤੁਲਨਾਤਮਕ ਹਾਨੀ ਘੱਟ ਹੈ। ਰਿਕਾਰਡੋ ਅਨੁਸਾਰ, ਭਾਰਤ ਚਾਵਲਾਂ ਦੇ ਉਤਪਾਦਨ ਵਿੱਚ ਵਿਸ਼ੇਸ਼ੀਕਰਨ ਕਰੇਗਾ ਅਤੇ ਚਾਵਲ ਨਿਰਯਾਤ ਕਰੇਗਾ। ਬੰਗਲਾ ਦੇਸ਼ ਕਪਾਹ ਦੇ ਉਤਪਾਦਨ ਵਿੱਚ ਵਿਸ਼ੇਸ਼ੀਕਰਨ ਕਰੇਗਾ ਅਤੇ ਕਪਾਹ ਨਿਰਯਾਤ ਕਰੇਗਾ।

ਚਿੱਤਰ 4 ਤੋਂ ਸਪਸ਼ਟ ਹੈ ਕਿ ਭਾਰਤ ਚਾਵਲ ਤਾਂ ਹੀ ਨਿਰਯਾਤ ਕਰੇਗਾ ਜੇਕਰ ਇਸ ਨੂੰ 1 ਇਕਾਈ ਚਾਵਲ ਦੇ ਬਦਲੇ 1 ਇਕਾਈ ਕਪਾਹ ਤੋਂ ਜ਼ਿਆਦਾ ਕਪਾਹ ਪ੍ਰਾਪਤ ਹੋਵੇ ਕਿਉਂਕਿ ਭਾਰਤ ਦੀ ਆਪਣੇ ਦੇਸ਼ ਵਿੱਚ 1 ਇਕਾਈ ਚਾਵਲ ਦੀ ਉਤਪਾਦਨ ਲਾਗਤ 1 ਇਕਾਈ ਕਪਾਹ ਦੇ ਬਰਾਬਰ ਹੈ। ਬੰਗਲਾ ਦੇਸ਼ ਭਾਰਤ ਤੋਂ ਚਾਵਲ ਤਾਂ ਹੀ ਆਯਾਤ ਕਰੇਗਾ ਜੇਕਰ ਉਸ ਨੂੰ 1 ਇਕਾਈ ਚਾਵਲ ਦੇ ਬਦਲੇ 1.6 ਇਕਾਈ ਕਪਾਹ ਤੋਂ ਘੱਟ ਕਪਾਹ ਦੇਣੀ ਪਵੇ। ਸਾਫ਼ ਹੈ ਕਿ ਭਾਰਤ ਚਾਵਲ ਨਿਰਯਾਤ ਕਰੇਗਾ ਅਤੇ ਬੰਗਲਾ ਦੇਸ਼ ਚਾਵਲ ਆਯਾਤ ਕਰੇਗਾ।

ਮੰਨ ਲਉ ਕਿ ਦੋਵੇਂ ਦੇਸ਼ ਅੰਤਰ ਰਾਸ਼ਟਰੀ ਵਪਾਰ ਦੀਆਂ ਸ਼ਰਤਾਂ ਅਨੁਸਾਰ ਇਸ ਸ਼ਰਤ ਤੇ ਮੰਨ ਜਾਂਦੇ ਹਨ ਕਿ 1 ਇਕਾਈ ਚਾਵਲ 1.3 ਇਕਾਈ ਦੇ ਬਰਾਬਰ ਹੈ ਤਾਂ ਭਾਰਤ ਨੂੰ ਆਪਣੇ ਦੇਸ਼ ਵਿੱਚ 1 ਇਕਾਈ ਚਾਵਲ ਦੇ ਬਦਲੇ 1 ਇਕਾਈ ਕਪਾਹ ਪ੍ਰਾਪਤ ਹੁੰਦੀ ਹੈ। ਉਹ ਬੰਗਲਾ ਦੇਸ਼ ਕੋਲੋਂ 1 ਇਕਾਈ ਚਾਵਲ ਦੇ ਬਦਲੇ 1.3 ਇਕਾਈ ਕਪਾਹ ਲੈ ਰਿਹਾ ਹੈ। ਇਸ ਤਰ੍ਹਾਂ ਭਾਰਤ ਨੂੰ 1 ਇਕਾਈ ਚਾਵਲ ਨਿਰਯਾਤ ਕਰਨ ਨਾਲ 0.3 ਇਕਾਈ ਕਪਾਹ ਦਾ ਲਾਭ ਹੋ ਰਿਹਾ ਹੈ। ਬੰਗਲਾ ਦੇਸ਼ ਵਿੱਚ 1 ਇਕਾਈ ਚਾਵਲ ਦਾ ਮੁੱਲ ਜਾਂ ਲਾਗਤ 1.6 ਇਕਾਈ ਕਪਾਹ ਹੈ। ਜਦ ਕਿ ਭਾਰਤ ਕੋਲੋਂ ਉਸ ਨੂੰ ਇੱਕ ਇਕਾਈ ਚਾਵਲ ਸਿਰਫ 1.3 ਇਕਾਈ ਕਪਾਹ ਦੇ ਕੇ ਮਿਲ ਰਹੇ ਹਨ। ਇਸ ਕਰਕੇ ਬੰਗਲਾ ਦੇਸ਼ ਨੂੰ ਇਕਾਈ ਚਾਵਲ ਆਯਾਤ ਕਰਕੇ 0.3 ਇਕਾਈ ਦੇ ਬਰਾਬਰ ਲਾਭ ਹੋ ਰਿਹਾ ਹੈ। ਇਸੇ ਤਰ੍ਹਾਂ ਹੀ ਭਾਰਤ ਨੂੰ ਕਪਾਹ ਆਯਾਤ ਕਰਕੇ ਅਤੇ ਬੰਗਲਾ ਦੇਸ਼ ਨੂੰ ਕਪਾਹ ਨਿਰਯਾਤ ਕਰਕੇ ਲਾਭ ਹੋਵੇਗਾ।

**ਸਵੈ–ਅਭਿਆਸ ਪ੍ਰਸ਼ਨ**

5. ਅੰਤਰਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਦੀਆਂ ਮਾਨਤਾਵਾਂ ਦੱਸੋ ।
6. ਅੰਤਰਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਦਾ ਆਧਾਰ ਕੀ ਹੈ?

**ਆਲੋਚਨਾ (Criticism)**

ਅੰਤਰਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਦੀ ਆਲੋਚਨਾ ਬਹੁਤ ਸਾਰੇ ਅਰਥ ਸ਼ਾਸਤਰੀਆਂ ਦੀਆਂ ਲਿਖਤਾਂ ਵਿੱਚ ਮਿਲਦੀ ਹੈ। ਖਾਸ ਕਰਕੇ ਸੈਮੂਅਲਸਨ ਅਤੇ ਉਹਲਿਨ ਵਰਗੇ ਅਰਥ ਸ਼ਾਸਤਰੀਆਂ ਨੇ ਇਸ ਸਿਧਾਂਤ ਦੀ ਆਲੋਚਨਾ ਇਸ ਤਰ੍ਹਾਂ ਕੀਤੀ ਹੈ।

**1. ਕਿਰਤ ਦੀ ਲਾਗਤ ਸਬੰਧੀ ਮਾਨਤਾ :**

ਕਲਾਸੀਕਲ ਅਰਥ-ਸ਼ਾਸਤਰੀਆਂ ਅਨੁਸਾਰ ਕਿਸੇ ਵਸਤੂ ਦਾ ਮੁੱਲ ਉਸ ਵਸਤੂ ਦੀ ਕਿਰਤ, ਲਾਗਤ ਤੇ ਨਿਰਭਰ ਕਰਦਾ ਹੈ। ਪਰੰਤੂ ਅਸਲ ਵਿੱਚ ਕਿਰਤ ਦੇ ਨਾਲ ਹੋਰ ਵੀ ਉਤਪਾਦਨ ਦੇ ਸਾਧਨ ਜਿਵੇਂ ਕਿ ਪੂੰਜੀ, ਭੂਮੀ ਅਤੇ ਉਦਮੀ ਇੰਨੇ ਹੀ ਮਹੱਤਵਪੂਰਨ ਹਨ। ਆਲੋਚਕਾਂ ਅਨੁਸਾਰ ਕਿਰਤ ਦੀ ਲਾਗਤ ਦੀ ਥਾਂ ਤੇ ਅੰਤਰ-ਰਾਸ਼ਟਰੀ ਵਪਾਰ ਦਾ ਵਿਸ਼ਲੇਸ਼ਣ ਕੀਮਤਾਂ ਦੇ ਆਧਾਰ ਤੇ ਕਰਨਾ ਚਾਹੀਦਾ ਹੈ।

**2. ਸਥਿਰ ਲਾਗਤਾਂ ਦੇ ਨਿਯਮ ਦੀ ਮਾਨਤ** :

ਕਲਾਸੀਕਲ ਅਰਥ ਸ਼ਾਸਤਰੀਆਂ ਇਸ ਸਿਧਾਂਤ ਵਿੱਚ ਇਹ ਗੱਲ ਮੰਨਕੇ ਚਲਦੇ ਹਨ ਕਿ ਉਤਪਾਦਨ ਵਿੱਚ ਸਿਰਫ ਸਥਿਰ ਲਾਗਤਾਂ ਦਾ ਨਿਯਮ ਹੀ ਲਾਗੂ ਹੁੰਦਾ ਹੈ। ਪਰੰਤੂ ਆਮ ਤੌਰ ਤੇ ਉਤਪਾਦਨ ਵਿਚ ਘੱਟਦੇ ਫਲਣ ਜਾਂ ਵਧਦੀਆਂ ਲਾਗਤਾਂ ਦਾ ਨਿਯਮ ਲਾਗੂ ਹੁੰਦਾ ਹੈ।

**3. ਕਿਰਤ ਦੀਆਂ ਇਕਾਈਆਂ ਦੀ ਸਮਾਨਤਾ**:

ਇਹ ਸਿਧਾਂਤ ਇਸ ਮਾਨਤਾ ਤੇ ਆਧਾਰਿਤ ਹੈ ਕਿ ਕਿਰਤ ਦੀਆਂ ਸਾਰੀਆਂ ਇਕਾਈਆਂ ਸਮਾਨ ਹਨ। ਅਸਲ ਵਿੱਚ, ਕਿਰਤ ਦੀਆਂ ਇਕਾਈਆਂ ਦੀ ਕਾਰਜ ਕੁਸ਼ਲਤਾ ਵੱਖਰੀ-ਵੱਖਰੀ ਹੁੰਦੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਦੇਸ਼ਾਂ ਵਿੱਚ ਕਿਰਤ ਦੀਆਂ ਇਕਾਈਆਂ ਇਕੋ ਜਿਹੀਆਂ ਨਹੀਂ ਹੁੰਦੀਆਂ।

**4. ਸਾਧਨਾਂ ਦੀ ਗਤੀਹੀਣਤਾ :**

ਰਿਕਾਰਡੋ ਦਾ ਤੁਲਨਾਤਮਕ ਲਾਗਤ ਸਿਧਾਂਤ ਇਸ ਮਾਨਤਾ ਤੇ ਆਧਾਰਿਤ ਹੈ ਕਿ ਉਤਪਾਦਨ ਦੇ ਸਾਧਨ ਵੱਖੋ-ਵੱਖਰੇ ਦੇਸ਼ਾਂ ਵਿੱਚ ਗਤੀਹੀਣ ਹਨ ਜਦੋਂ ਕਿ ਅਸਲ ਵਿੱਚ ਉਤਪਾਦਨ ਦੇ ਸਾਧਨਾਂ ਦਾ ਗਤੀਹੀਣ ਹੋਣਾ ਬਹੁਤ ਔਖਾ ਹੈ। ਇਨ੍ਹਾਂ ਵਿੱਚ ਗਤੀਸ਼ੀਲਤਾ ਹੁੰਦੀ ਹੈ।

**5. ਮੰਗ ਪੱਖ ਨੂੰ ਅੱਖੋਂ ਉਹਲੇ ਕਰਨਾ :**

ਰਿਕਾਰਡੋ ਆਪਣੇ ਸਿਧਾਂਤ ਨੂੰ ਸਿਰਫ ਵਸਤਾਂ ਦੀ ਪੂਰਤੀ ਨੂੰ ਮੁੱਖ ਰੱਖ ਕੇ ਸਿਧਾਂਤ ਦੀ ਵਿਆਖਿਆ ਕਰਦੇ ਹਨ। ਅਰਥਾਤ ਕਿਸੇ ਦੇਸ਼ ਵਿੱਚ ਕਿਰਤ ਦੀਆਂ ਇਕਾਈਆਂ ਨੂੰ ਕੰਮ ਉਪਰ ਲਗਾਉਣ ਨਾਲ ਪ੍ਰਾਪਤ ਹੋਣ ਵਾਲੇ ਉਤਪਾਦਨ ਤੇ ਕੀ ਪ੍ਰਭਾਵ ਪੈਂਦਾ ਹੈ। ਕਿਸੇ ਦੇਸ਼ ਵਿੱਚ ਵਸਤੂ ਦੀ ਮੰਗ ਹੈ ਜਾਂ ਨਹੀਂ ਇਸ ਬਾਰੇ ਕੋਈ ਵਿਆਖਿਆ ਨਹੀਂ ਕੀਤੀ ਗਈ। ਅਸਲ ਵਿੱਚ ਰਿਕਾਰਡੋ ਚੰਗੀ ਤਰ੍ਹਾਂ ਸਪਸ਼ਟ ਨਹੀਂ ਕਰ ਸਕੇ ਕਿ ਮੰਗ ਅਤੇ ਪੂਰਤੀ ਦੋਵੇਂ ਹੀ ਮਹੱਤਵ ਪੂਰਨ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਨੇ ਕਿਸੇ ਵਸਤੂ ਦੀ ਕੀਮਤ ਨਿਰਧਾਰਤ ਕਰਨ ਲਈ ਪੂਰਤੀ ਜਾਂ ਲਾਗਤ ਨੂੰ ਹੀ ਮਹੱਤਵਪੂਰਣ ਮੰਨਿਆ ਹੈ।

**6. ਆਵਾਜਾਈ ਦੀ ਲਾਗਤ ਦਾ ਨਾ ਹੋਣਾ :**

ਜਦੋਂ ਕੋਈ ਦੇਸ਼ ਵਸਤਾਂ ਦਾ ਉਤਪਾਦਨ ਕਰਕੇ ਦੂਜੇ ਦੇਸ਼ ਨੂੰ ਵੇਚਦਾ ਹੈ ਤਾਂ ਉਸ ਨੂੰ ਆਵਾਜਾਈ ਦੇ ਸਾਧਨਾਂ ਦੀ ਲਾਗਤ ਸਹਿਣ ਕਰਨੀ ਪੈਂਦੀ ਹੈ। ਕਈ ਵਾਰ ਕੁਝ ਦੇਸ਼ ਬਹੁਤ ਜ਼ਿਆਦਾ ਦੂਰ ਹੋਣ ਕਰਕੇ ਇਹ ਲਾਗਤ ਇੰਨੀ ਜ਼ਿਆਦਾ ਹੋ ਜਾਂਦੀ ਹੈ ਕਿ ਤੁਲਨਾਤਮਕ ਲਾਭ ਖਤਮ ਹੋ ਜਾਂਦੇ ਹਨ। ਪਰ ਇਸ ਸਿਧਾਂਤ ਵਿੱਚ ਆਵਾਜਾਈ ਲਾਗਤ ਨੂੰ ਬਿਲਕੁਲ ਅੱਖੋਂ ਉਹਲੇ ਕੀਤਾ ਗਿਆ ਹੈ।

**7. ਦੋ ਵਸਤੂਆਂ ਅਤੇ ਦੋ ਦੇਸ਼ਾਂ ਦੀ ਮਾਨਤਾ :**

ਕਲਾਸੀਕਲ ਅਰਥ ਸ਼ਾਸਤਰੀ ਇਸ ਮਾਨਤਾ ਨੂੰ ਲੈ ਕੇ ਚਲਦੇ ਹਨ ਕਿ ਵਪਾਰ ਦੋ ਦੇਸ਼ਾਂ ਵਿੱਚ ਸਿਰਫ ਦੋ ਵਸਤਾਂ ਨਾਲ ਹੀ ਹੁੰਦਾ ਹੈ। ਜਦ ਕਿ ਵਾਸਤਵ ਵਿੱਚ ਅੰਤਰ ਰਾਸ਼ਟਰੀ ਵਪਾਰ ਦੋ ਤੋਂ ਵੱਧ ਦੇਸ਼ਾਂ ਜਾਂ ਵਸਤਾਂ ਵਿੱਚ ਹੁੰਦਾ ਹੈ। ਇਸ ਲਈ ਇਹ ਸਿਧਾਂਤ ਇਸ ਪੱਖੋਂ ਅਵਾਸਤਵਿਕ ਮੰਨਿਆ ਜਾਂਦਾ ਹੈ।

**8. ਪੂਰਨ ਰੁਜ਼ਗਾਰ ਦੀ ਮਾਨਤਾ :**

ਕਲਾਸੀਕਲ ਅਰਥ ਸ਼ਾਸਤਰੀ ਮੰਨਦੇ ਹਨ ਕਿ ਦੋਹਾਂ ਦੇਸ਼ਾਂ ਵਿੱਚ ਉਤਪਾਦਨ ਦੇ ਸਾਰੇ ਸਾਧਨ ਪੂਰਨ ਰੁਜ਼ਗਾਰ ਦੀ ਹਾਲਤ ਵਿੱਚ ਹੁੰਦੇ ਹਨ। ਜਦੋਂ ਕਿ ਕੇਨਜ਼ ਅਨੁਸਾਰ, ਅਰਥ ਵਿਵਸਥਾ ਵਿੱਚ ਜ਼ਰੂਰੀ ਨਹੀਂ ਕਿ ਪੂਰਨ ਰੁਜ਼ਗਾਰ ਦੀ ਹਾਲਤ ਬਣੀ ਰਹੇ।

**9. ਪੂਰਨ ਮੁਕਾਬਲੇ ਦੀ ਹਾਲਤ ਦੀ ਮਾਨਤਾ :**

ਕਲਾਸੀਕਲ ਅਰਥ ਸ਼ਾਸਤਰੀ ਇਹ ਧਾਰਨਾ ਨੂੰ ਲੈ ਕੇ ਚਲਦੇ ਹਨ ਕਿ ਵਸਤੂ ਬਾਜ਼ਾਰ ਵਿੱਚ ਪੂਰਨ ਮੁਕਾਬਲੇ ਦੀ ਹਾਲਤ ਹੁੰਦੀ ਹੈ। ਵਾਸਤਵ ਵਿੱਚ ਪੂਰਨ ਮੁਕਾਬਲੇ ਦੀ ਹਾਲਤ ਦਾ ਹੋਣਾ ਅਸੰਭਵ ਹੈ।

**10. ਲਾਭ ਦੀ ਵੰਡ ਦੀ ਉਲੰਘਣਾ :**

ਇਸ ਸਿਧਾਂਤ ਵਿੱਚ ਅੰਤਰ ਰਾਸ਼ਟਰੀ ਵਪਾਰ ਤੋਂ ਹੋਣ ਵਾਲੇ ਲਾਭ ਦੀ ਵੰਡ ਦੇ ਵਿਸ਼ੇ ਦੀ ਉਲੰਘਣਾ ਕੀਤੀ ਗਈ ਹੈ। ਇਸ ਸਿਧਾਂਤ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਆਯਾਤ ਕਰਦੇ ਸਮੇਂ ਦੋ ਦੇਸ਼ਾਂ ਨੂੰ ਕਿਸ ਮਾਤਰਾ ਜਾਂ ਅਨੁਪਾਤ ਵਿੱਚ ਲਾਭ ਪ੍ਰਾਪਤ ਹੋ ਰਿਹਾ ਹੈ।

ਬਰਟਿਲ ਉਹਲਿਨ ਨੇ ਇਸ ਸਿਧਾਂਤ ਦੀਆਂ ਖਾਮੀਆਂ ਨੂੰ ਮੁੱਖ ਰਖਦੇ ਹੋਏ ਕਿਹਾ ਕਿ ਇਸ ਸਿਧਾਂਤ ਦੀ ਸਹਾਇਤਾ ਨਾਲ ਅੰਤਰ ਰਾਸ਼ਟਰੀ ਵਪਾਰ ਦਾ ਵਿਸ਼ਲੇਸ਼ਣ ਕਰਨਾ ਔਖਾ ਹੈ।

## ਸਵੈ–ਅਭਿਆਸ ਪ੍ਰਸ਼ਨ

7. ਅੰਤਰਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਦੀ ਅਲੋਚਨਾਤਮਕ ਵਿਆਖਿਆ ਕਰੋ।
8. ਲਾਗਤਾਂ ਵਿੱਚ ਤੁਲਨਾਤਮਕ ਅੰਤਰ ਦੀ ਵਿਆਖਿਆ ਕਰੋ।

### 1.1.6 ਸਾਰਾਂਸ਼

ਵਪਾਰ ਇਕ ਅਜਿਹੀ ਕਿਰਿਆ ਹੈ ਜਿਸ ਰਾਹੀਂ ਵਸਤਾਂ ਜਾਂ ਸੁਵਿਧਾਵਾਂ ਲੋਕਾਂ ਦੇ ਇਕ ਸਮੂਹ ਤੋਂ ਦੂਜੇ ਸਮੂਹ ਵੱਲ ਜਾਂਦੀਆਂ ਹਨ ਇਸ ਦੇ ਬਦਲੇ ਦੂਜਾ ਸਮੂਹ ਪਹਿਲੇ ਸਮੂਹ ਨੂੰ ਮੁਦਰਾ ਦਿੰਦਾ ਹੈ। ਇਸ ਤਰ੍ਹਾਂ ਦੀ ਕਿਰਿਆ ਜਦੋਂ ਕਿਸੇ ਦੇਸ਼ ਵਿੱਚ ਦੋ ਫਰਮਾਂ, ਸੰਸਥਾਵਾਂ ਜਾਂ ਮਨੁੱਖਾਂ ਵਿੱਚ ਹੋਵੇ ਤਾਂ ਉਸ ਨੂੰ ਅੰਦਰੂਨੀ ਵਪਾਰ ਕਿਹਾ ਜਾਂਦਾ ਹੈ। ਪਰ ਜੇ ਇਹ ਖਰੀਦ ਜਾਂ ਵੇਚ ਦੋ ਵੱਖ-ਵੱਖ ਦੇਸ਼ਾਂ ਵਿੱਚ ਹੁੰਦੀ ਹੈ ਤਾਂ ਉਸ ਨੂੰ ਅੰਤਰਰਾਸ਼ਟਰੀ ਵਪਾਰ ਕਿਹਾ ਜਾਂਦਾ ਹੈ। ਅਜਿਹਾ ਵਪਾਰ ਵੱਖ-ਵੱਖ ਦੇਸ਼ਾਂ ਦੇ ਲੋਕਾਂ ਰਾਹੀਂ, ਫਰਮਾਂ ਰਾਹੀਂ ਜਾਂ ਸਰਕਾਰ ਰਾਹੀਂ ਹੋ ਸਕਦਾ ਹੈ। ਉਦਾਹਰਣ ਦੇ ਤੌਰ ਤੇ, ਜੇ ਭਾਰਤ ਕੋਈ ਚੀਜ਼ ਰੂਸ ਨੂੰ ਵੇਚਦਾ ਹੈ ਜਾਂ ਰੂਸ ਕੋਈ ਚੀਜ਼ ਭਾਰਤ ਨੂੰ ਵੇਚਦਾ ਹੈ ਤਾਂ ਇਹ ਕਿਰਿਆ ਅੰਤਰਰਾਸ਼ਟਰੀ ਵਪਾਰ ਦੀ ਕਿਰਿਆ ਹੋਵੇਗੀ। ਪਰੰਪਰਾਵਾਦੀ ਅਰਥ-ਸ਼ਾਸਤਰੀ ਇਸ ਵਿਚਾਰ ਦੇ ਧਾਰਣੀ ਹਨ ਕਿ ਵਿਭਿੰਨ ਦੇਸ਼ਾਂ ਵਿੱਚ ਉਤਪਾਦਨ ਲਾਗਤਾਂ ਵਿੱਚ ਫਰਕ ਹੋਣ ਕਰਕੇ ਅੰਤਰਰਾਸ਼ਟਰੀ ਵਪਾਰ ਹੁੰਦਾ ਹੈ। ਉਨ੍ਹਾਂ ਦਾ ਇਹ ਵੀ ਮੱਤ ਹੈ ਕਿ ਹਰੇਕ ਦੇਸ਼ ਉਨ੍ਹਾਂ ਵਸਤਾਂ ਦੇ ਉਤਪਾਦਨ ਵਿੱਚ ਵਿਸ਼ੇਸ਼ੀਕਰਨ ਪ੍ਰਾਪਤ ਕਰੇਗਾ ਜਿਨ੍ਹਾਂ ਦੀ ਉਤਪਾਦਨ ਲਾਗਤ ਭੌਤਿਕ ਅਤੇ ਭੂਗੋਲਿਕ ਕਾਰਨਾਂ ਕਰਕੇ ਦੂਜੇ ਦੇਸ਼ ਤੋਂ ਘੱਟ ਹੋਵੇਗੀ ਅਤੇ ਇਨ੍ਹਾਂ ਵਸਤੂਆਂ ਦਾ ਨਿਰਯਾਤ ਕੀਤਾ ਜਾਵੇਗਾ। ਇਸ ਦੇ ਬਦਲੇ ਦੂਜੇ ਦੇਸ਼ਾਂ ਤੋਂ ਇਹ ਵਸਤੂਆਂ ਆਯਾਤ ਕਰੇਗਾ ਜਿਨ੍ਹਾਂ ਦੀ ਉਤਪਾਦਨ ਲਾਗਤ ਅਨੁਕੂਲ ਹਾਲਤਾਂ ਨਾ ਹੋਣ ਕਰਕੇ ਦੂਜੇ ਦੇਸ਼ਾਂ ਤੋਂ ਵੱਧ ਹੋਵੇ।

### 1.1.7 ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਅੰਤਰਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਦੀ ਕੀ ਮਾਨਤਾਵਾਂ ਹਨ?
2. ਅੰਤਰਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਦੀ ਸੰਖੇਪ ਵਿਆਖਿਆ ਕਰੋ।
3. ਅੰਤਰਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਦੀਆਂ ਆਲੋਚਨਾਵਾਂ ਲਿਖੋ।
4. ਤੁਲਨਾਤਮਕ ਲਾਗਤ ਸਿਧਾਂਤ ਤੇ ਨੋਟ ਲਿਖੋ।

### 1.1.8 ਲੰਬੇ ਉੱਤਰਾਂ ਵਾਲੇ ਪ੍ਰਸ਼ਨ

1. ਅੰਤਰਰਾਸ਼ਟਰੀ ਵਪਾਰ ਦੇ ਸਿਧਾਂਤ ਦਾ ਮੁਲਾਂਕਣ ਕਰੋ।
2. ਅੰਤਰਰਾਸ਼ਟਰੀ ਵਪਾਰ ਦੇ ਪਰੰਪਰਾਵਾਦੀ ਸਿਧਾਂਤ ਦੀਆਂ ਆਲੋਚਨਾਵਾਂ ਦੀ ਵਿਆਖਿਆ ਕਰੋ।

### 1.1.9 ਪੜ੍ਹਨਯੋਗ ਪੁਸਤਕਾਂ


International Economics — B. O. Soderstan
International Economics — D. Salvatore
International Economics — Sadama Singh & Vaish
ਅੰਤਰਰਾਸ਼ਟਰੀ ਵਪਾਰ — Ranjit Singh Ghuman

**ਪਾਠ ਨੰਬਰ : 1.2**

## ਅੰਤਰਰਾਸ਼ਟਰੀ ਵਪਾਰ ਦਾ ਆਧੁਨਿਕ ਸਿਧਾਂਤ

1.2.1 ਭੂਮਿਕਾ
1.2.2 ਹੈਕਸ਼ਰ-ਉਹਲਿਨ ਦਾ ਸਿਧਾਂਤ
 1.2.2.1 ਮਾਨਤਾਵਾਂ
 1.2.2.2 ਵਿਆਖਿਆ
 1.2.2.3 ਆਲੋਚਨਾ
1.2.3 ਪਰੰਰਾਵਾਦੀ ਸਿਧਾਂਤ ਅਤੇ ਆਧੁਨਿਕ ਸਿਧਾਂਤ ਦੀ ਤੁਲਨਾਤਮਕ ਵਿਆਖਿਆ
1.2.4 ਸਾਰਾਂਸ਼
1.2.5 ਛੋਟੇ ਉੱਤਰਾਂ ਵਾਲੇ ਪ੍ਰਸ਼ਨ
1.2.6 ਲੰਬੇ ਉੱਤਰਾਂ ਵਲੇ ਪ੍ਰਸ਼ਨ
1.2.7 ਪੜ੍ਹਨਯੋਗ ਪੁਸਤਕਾਂ

### 1.2.1 ਭੂਮਿਕਾ

ਅੰਤਰ-ਰਾਸ਼ਟਰੀ ਵਪਾਰ ਦੇ ਕਲਾਸੀਕਲ ਸਿਧਾਂਤ ਅਨੁਸਾਰ ਦੋ ਦੇਸ਼ਾਂ ਵਿੱਚ ਵਪਾਰ ਦਾ ਮੁੱਖ ਕਾਰਨ ਤੁਲਨਾਤਮਕ ਲਾਗਤ ਅੰਤਰ ਹੈ। ਕਲਾਸੀਕਲ ਅਰਥ-ਸ਼ਾਸਤਰੀ ਇਸ ਗੱਲੋਂ ਬਿਲਕੁਲ ਚੁੱਪ ਹਨ ਕਿ ਲਾਗਤ ਵਿੱਚ ਅੰਤਰ ਕਿੰਨ੍ਹਾਂ-ਕਿੰਨ੍ਹਾਂ ਗੱਲਾਂ ਕਰਕੇ ਹੁੰਦਾ ਹੈ। ਆਧੁਨਿਕ ਅਰਥ-ਸ਼ਾਸਤਰੀ ਜਿਵੇਂ ਐਲੀ ਹੈਕਸ਼ਰ (Eli Heckscher) ਨੇ 1919 ਵਿੱਚ ਅਤੇ ਬਰਟਿਲ ਉਹਲਿਨ (Bertil Ohlin) ਨੇ 1933 ਵਿੱਚ ਤੁਲਨਾਤਮਕ ਲਾਗਤ ਅੰਤਰ ਦੇ ਕਾਰਨਾਂ ਦਾ ਵਰਣਨ ਕਰਦੇ ਹੋਏ ਅੰਤਰ-ਰਾਸ਼ਟਰੀ ਵਪਾਰ ਦੇ ਆਧੁਨਿਕ ਸਿਧਾਂਤ ਨੂੰ ਪੇਸ਼ ਕੀਤਾ ਹੈ। ਅਸਲ ਵਿੱਚ ਇਹ ਸਿਧਾਂਤ ਡੇਵਿਡ ਰਿਕਾਰਡੋ ਦੁਆਰਾ ਪੇਸ਼ ਕੀਤੇ ਤੁਲਨਾਤਮਕ ਲਾਗਤ ਸਿਧਾਂਤ ਨਾਲੋਂ ਵੱਖਰਾ ਨਹੀਂ ਸਗੋਂ ਉਸੇ ਦਾ ਹੀ ਇਕ ਸੋਧਿਆ ਹੋਇਆ ਰੂਪ ਹੈ।

### 1.2.2 ਹੈਕਸ਼ਰ-ਉਹਲਿਨ ਦਾ ਸਿਧਾਂਤ (Heckscher-Ohlin Theory)

ਕਲਾਸੀਕਲ ਅਰਥ-ਸ਼ਾਸਤਰੀ ਅਤੇ ਰਿਕਾਰਡੋ ਆਪਣੇ ਸਿਧਾਂਤ ਵਿੱਚ ਕੀਮਤ ਨੂੰ ਨਿਰਧਾਰਨ ਕਰਨ ਸਮੇਂ ਸਿਰਫ ਪੂਰਤੀ ਨੂੰ ਮਹੱਤਵਪੂਰਣ ਮੰਨਦਾ ਹੈ ਕਿਉਂਕਿ ਉਹ ਇਸ ਵਿਚਾਰ ਦੇ ਹਾਮੀ ਸਨ ਕਿ ਵਸਤੂ ਦੀ ਲਾਗਤ, ਕੀਮਤ ਨੂੰ ਨਿਰਧਾਰਨ ਕਰਨ ਲਈ ਮਹੱਤਵਪੂਰਣ ਹੁੰਦੀ ਹੈ। ਪਰ ਆਧੁਨਿਕ ਅਰਥ ਸ਼ਾਸਤਰੀਆਂ ਜਿਵੇਂ ਹੈਕਸ਼ਚਰ-ਉਹਲਿਨ ਨੇ ਪੂਰਤੀ ਪੱਖ ਦੇ ਨਾਲ, ਮੰਗ ਪੱਖ ਨੂੰ ਵੀ ਉਨ੍ਹਾਂ ਹੀ ਮਹੱਤਵਪੂਰਣ ਮੰਨਿਆ ਹੈ। ਉਨ੍ਹਾਂ ਅਨੁਸਾਰ ਜਿਸ ਤਰ੍ਹਾਂ ਕੀਮਤ ਦਾ ਨਿਰਧਾਰਣ ਮੰਗ ਅਤੇ ਪੂਰਤੀ ਨਾਲ ਬਾਜ਼ਾਰ ਵਿੱਚ ਹੁੰਦਾ ਹੈ ਉਸੇ ਤਰ੍ਹਾਂ ਹੀ ਵੱਖ-ਵੱਖ ਦੇਸ਼ਾਂ ਵਿੱਚ ਮੰਗ ਅਤੇ ਪੂਰਤੀ ਕੀਮਤ ਨੂੰ ਨਿਸ਼ਚਿਤ ਕਰਦੀ ਹੈ।

ਹੈਕਸ਼ਰ ਉਹਲਿਨ ਦਾ ਵਿਚਾਰ ਹੈ ਕਿ ਅੰਤਰ ਰਾਸ਼ਟਰੀ ਵਪਾਰ, ਅਸਲ ਵਿੱਚ ਇਕ ਦੇਸ਼ ਦੇ ਦੋ ਖੇਤਰਾਂ ਵਿੱਚ ਵਪਾਰ ਵਾਂਗ ਹੀ ਹੁੰਦਾ ਹੈ। ਅੰਤਰ-ਰਾਸ਼ਟਰੀ ਵਪਾਰ ਵਿੱਚ ਵਸਤਾਂ ਦੀਆਂ ਕੀਮਤਾਂ ਉਸੇ ਤਰ੍ਹਾਂ ਹੀ ਨਿਰਧਾਰਤ ਹੁੰਦੀਆਂ ਹਨ ਜਿਵੇਂ ਕਿ ਕਿਸੇ ਦੇਸ਼ ਵਿੱਚ ਵਸਤੂ ਦੀ ਕੀਮਤ ਉਸ ਵਸਤੂ ਦੀ ਮੰਗ ਅਤੇ ਪੂਰਤੀ ਦੁਆਰਾ ਨਿਰਧਾਰਤ ਹੁੰਦੀ ਹੈ। ਅਸਲ ਵਿੱਚ ਕਿਸੇ ਦੇਸ਼ ਵਿੱਚ ਇੱਕ ਵਸਤੂ ਦਾ ਉਤਪਾਦਨ ਉਸ ਵਸਤੂ ਦੇ ਉਤਪਾਦਨ ਦੇ ਸਾਧਨਾਂ ਦੀ ਪ੍ਰਾਪਤੀ ਤੇ ਨਿਰਭਰ ਕਰਦਾ ਹੈ। ਜਿਨ੍ਹਾਂ ਦੇਸ਼ਾਂ ਵਿੱਚ ਮਜ਼ਦੂਰ ਵੱਧ ਮਾਤਰਾ ਵਿੱਚ ਪਾਏ ਜਾਂਦੇ ਹਨ ਜਿਵੇਂ ਕਿ ਭਾਰਤ ਅਤੇ ਚੀਨ ਆਦਿ। ਇਨ੍ਹਾਂ ਦੇਸ਼ਾਂ ਵਿੱਚ ਉਨ੍ਹਾਂ ਵਸਤੂਆਂ ਦਾ ਉਤਪਾਦਨ ਕੀਤਾ ਜਾਵੇਗਾ ਜਿਨ੍ਹਾਂ ਵਸਤੂਆਂ ਲਈ ਵਧੇਰੇ

ਮਜ਼ਦੂਰਾਂ ਦੀ ਲੋੜ ਹੁੰਦੀ ਹੈ। ਦੂਜੇ ਪਾਸੇ ਉਹ ਦੇਸ਼ ਜਿਨ੍ਹਾਂ ਕੋਲ ਪੂੰਜੀ ਵੱਧ ਮਾਤਰਾ ਵਿੱਚ ਹੁੰਦੀ ਹੈ ਜਿਵੇਂ ਅਮਰੀਕਾ ਅਤੇ ਕਨੇਡਾ ਆਦਿ ਦੇਸ਼ ਹਨ। ਇਨ੍ਹਾਂ ਦੇਸ਼ਾਂ ਵਿੱਚ ਉਨ੍ਹਾਂ ਵਸਤੂਆਂ ਦਾ ਉਤਪਾਦਨ ਕੀਤਾ ਜਾਵੇਗਾ ਜਿਨ੍ਹਾਂ ਵਸਤੂਆਂ ਲਈ ਵਧੇਰੇ ਪੂੰਜੀ ਦੀ ਲੋੜ ਹੁੰਦੀ ਹੈ। ਇਨ੍ਹਾਂ ਵਸਤੂਆਂ ਦਾ ਹੀ ਨਿਰਯਾਤ ਕੀਤਾ ਜਾਵੇਗਾ। ਅੰਤਰ ਰਾਸ਼ਟਰੀ ਵਪਾਰ ਕਰਨ ਦਾ ਮੁੱਖ ਕਾਰਨ ਇਹ ਹੁੰਦਾ ਹੈ ਕਿ ਇਕ ਦੇਸ਼ ਕਿਸੇ ਵਸਤੂ ਨੂੰ ਵਿਦੇਸ਼ਾਂ ਵਿੱਚੋਂ ਘੱਟ ਕੀਮਤ ਤੇ ਹਾਸਲ ਕਰ ਸਕਦਾ ਹੈ। ਜਦੋਂ ਕਿ ਉਸ ਵਸਤੂ ਦਾ ਉਤਪਾਦਨ ਜੇਕਰ ਦੇਸ਼ ਵਿੱਚ ਹੀ ਕੀਤਾ ਜਾਵੇ ਤਾਂ ਵੱਧ ਲਾਗਤ ਆਉਂਦੀ ਹੈ।


**ਸਵੈ-ਅਭਿਆਸ ਪ੍ਰਸ਼ਨ**

1. ਅੰਤਰਰਾਸ਼ਟਰੀ ਵਪਾਰ ਦਾ ਆਧੁਨਿਕ ਸਿਧਾਂਤ ਕੀ ਹੈ?
2. ਅੰਤਰਰਾਸ਼ਟਰੀ ਵਪਾਰ ਦੇ ਆਧੁਨਿਕ ਸਿਧਾਂਤ ਦੀ ਕੀ ਮਾਨਤਾਵਾਂ ਹਨ?

## 1.2.3 ਮਾਨਤਾਵਾਂ (Assumptions)

1. ਇਹ ਸਿਧਾਂਤ ਮੁੱਖ ਰੂਪ ਵਿੱਚ ਦੋ ਦੇਸ਼, ਦੋ ਸਾਧਨ ਅਤੇ ਦੋ ਵਸਤੂਆਂ ($2\times2\times2$ ਮਾਡਲ) ਦੀ ਮਾਨਤਾ ਤੇ ਆਧਾਰਤ ਹੈ।
2. ਵਸਤੂ ਬਾਜ਼ਾਰ ਅਤੇ ਸਾਧਨ ਬਾਜ਼ਾਰ ਵਿੱਚ ਪੂਰਨ ਮੁਕਾਬਲੇ ਦੀ ਹਾਲਤ ਹੈ।
3. ਉਤਪਾਦਨ ਦੇ ਸਾਧਨ ਦੇਸ਼ ਦੇ ਅੰਦਰ ਪੂਰਨ ਰੂਪ ਵਿੱਚ ਗਤੀਸ਼ੀਲ ਅਤੇ ਵੱਖ-ਵੱਖ ਦੇਸ਼ਾਂ ਵਿੱਚ ਗਤੀਹੀਣ ਹਨ।
4. ਹਰ ਇਕ ਵਸਤੂ ਦੇ ਉਤਪਾਦਨ ਵਿੱਚ ਸਥਿਰ ਲਾਗਤਾਂ ਦਾ ਨਿਯਮ ਲਾਗੂ ਹੁੰਦਾ ਹੈ।
5. ਉਤਪਾਦਨ ਦੇ ਸਾਧਨਾਂ ਦੀ ਪੂਰਤੀ ਨਿਸ਼ਚਿਤ ਹੈ।
6. ਅੰਤਰ-ਰਾਸ਼ਟਰੀ ਵਪਾਰ ਉੱਪਰ ਕਿਸੇ ਤਰ੍ਹਾਂ ਦੀ ਪਾਬੰਦੀ ਨਹੀ ਲਗਾਈ ਜਾਂਦੀ ਅਤੇ ਆਵਾਜਾਈ ਦੀ ਕੋਈ ਲਾਗਤ ਨਹੀਂ ਹੁੰਦੀ।
7. ਵੱਖ-ਵੱਖ ਦੇਸ਼ਾਂ ਦੀ ਸਾਧਨ ਸੰਪਨਤਾ (Factor endowment) ਵਿੱਚ ਭਿੰਨਤਾ ਹੁੰਦੀ ਹੈ।
8. ਹਰੇਕ ਵਸਤੂ ਲਈ ਦੋ ਦੇਸ਼ਾਂ ਵਿੱਚ ਇਕ ਹੀ ਉਤਪਾਦਨ ਫਲਨ (Production Function) ਹੁੰਦਾ ਹੈ, ਪਰੰਤੂ ਵੱਖ-ਵੱਖ ਵਸਤੂਆਂ ਲਈ ਵੱਖ-ਵੱਖ ਉਤਪਾਦਨ ਫਲਨ ਹੁੰਦਾ ਹੈ।
9. ਉਤਪਾਦਨ ਦੀ ਤਕਨੀਕ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ।
10. ਵੱਖ-ਵੱਖ ਦੇਸ਼ਾਂ ਵਿੱਚ ਉਤਪਾਦਨ ਦੇ ਸਾਧਨਾਂ ਵਿੱਚ ਕੋਈ ਗੁਣਾਤਮਕ ਅੰਤਰ ਨਹੀਂ ਹੁੰਦਾ।


ਹੈਕਸ਼ਰ-ਉਹਲਿਨ ਦੇ ਅਨੁਸਾਰ ਵੱਖ-ਵੱਖ ਦੇਸ਼ਾਂ ਵਿੱਚ ਵਪਾਰ, ਵਸਤੂ ਦੀਆਂ ਕੀਮਤਾਂ ਵਿੱਚ ਅੰਤਰ ਹੋਣ ਕਾਰਨ ਪੈਦਾ ਹੁੰਦਾ ਹੈ। ਵਸਤੂ ਦੀਆਂ ਕੀਮਤਾਂ ਵਿੱਚ ਅੰਤਰ ਉਤਪਾਦਨ ਦੇ ਸਾਧਨਾਂ ਦੀ ਵੱਖ-ਵੱਖ ਦੇਸ਼ਾਂ ਵਿੱਚ ਸੰਪੰਨਤਾ ਵਿੱਚ ਵਿਭਿੰਨਤਾ ਕਾਰਨ ਪੈਦਾ ਹੁੰਦਾ ਹੈ। ਉਹਲਿਨ ਆਸਟਰੇਲੀਆ ਅਤੇ ਇੰਗਲੈਂਡ ਦੀ ਉਦਾਹਰਣ ਦਿੰਦੇ ਹੋਏ ਕਹਿੰਦੇ ਹਨ ਕਿ ਆਸਟਰੇਲੀਆ ਕੋਲ ਭੂਮੀ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਭੂਮੀ ਸਸਤੀ ਹੈ ਜਦੋਂ ਕਿ ਉਤਪਾਦਨ ਦੇ ਦੂਜੇ ਸਾਧਨ ਘੱਟ ਹੋਣ ਕਰਕੇ ਮਹਿੰਗੇ ਹਨ। ਇਸ ਲਈ ਆਸਟਰੇ ਲੀਆ ਵਿੱਚ ਉਨ੍ਹਾਂ ਵਸਤੂਆਂ ਦਾ ਉਤਪਾਦਨ ਕੀਤਾ ਜਾਵੇਗਾ ਜਿਨ੍ਹਾਂ ਵਸਤੂਆਂ ਦੇ ਉਤਪਾਦਨ ਲਈ ਭੂਮੀ ਦੀ ਵੱਧ ਲੋੜ ਹੋਵੇ ਅਤੇ ਉਤਪਾਦਨ ਦੇ ਦੂਜੇ ਸਾਧਨ ਜਿਵੇਂ ਕਿਰਤ ਤੇ ਪੂੰਜੀ ਦੀ ਘੱਟ ਲੋੜ ਹੋਵੇ। ਇਸ ਦੇ ਉਲਟ ਇੰਗਲੈਂਡ ਕੋਲ ਪੂੰਜੀ ਦੀ ਮਾਤਰਾ ਕਿਰਤ ਅਤੇ ਭੂਮੀ ਨਾਲੋਂ ਜ਼ਿਆਦਾ ਹੋਣ ਕਰਕੇ, ਉਨ੍ਹਾਂ ਵਸਤੂਆਂ ਦਾ ਉਤਪਾਦਨ ਕੀਤਾ ਜਾਵੇਗਾ ਜਿਨ੍ਹਾਂ ਲਈ ਪੂੰਜੀ ਦੀ ਵੱਧ ਲੋੜ ਹੋਵੇ। ਇਸ ਲਈ ਆਸਟਰੇਲੀਆ ਕਣਕ ਅਤੇ ਹੋਰ ਫਸਲਾਂ ਦਾ ਉਤਪਾਦਨ ਕਰੇਗਾ। ਸਿੱਟੇ ਵਜੋਂ ਆਸਟਰੇਲੀਆ, ਇੰਗਲੈਂਡ ਨੂੰ ਕਣਕ ਨਿਰਯਾਤ ਕਰਕੇ ਉਸਦੇ ਬਦਲੇ ਇੰਗਲੈਂਡ ਤੋਂ ਮਸ਼ੀਨਰੀ ਆਯਾਤ ਕਰੇਗਾ। ਇਸ ਸਿਧਾਂਤ ਨੂੰ ਅਸੀ ਹੇਠ ਦਿੱਤੇ ਚਿੱਤਰ ਦੁਆਰਾ ਦੱਸ ਸਕਦੇ ਹਾਂ।





ਚਿੱਤਰ ਵਿਚਲੇ ਦੋਵੇਂ ਦੇਸ਼, ਦੋ ਵਸਤਾਂ ਕੱਪੜਾ ਅਤੇ ਕਣਕ ਪੈਦਾ ਕਰਦੇ ਹਨ। ਕੱਪੜੇ ਦਾ ਉਤਪਾਦਨ ਪੂੰਜੀ-ਪ੍ਰਧਾਨ (Capital intensive) ਅਤੇ ਕਣਕ ਦਾ ਕ੍ਰਿਤੀ-ਪ੍ਰਧਾਨ (Labour Intensive) ਹੈ। ਦੇਸ਼ ਦੀ ਸਾਧਨ ਕੀਮਤ ਅਨੁਪਾਤ ਰੇਖਾ AB ਕੱਪੜੇ ਦੇ CC, isoquant ਨੂੰ a ਬਿੰਦੂ ਤੋਂ ਛੂੰਹਦੀ ਹੈ। ਇਸਤੋਂ ਪਤਾ ਲਗਦਾ ਹੈ ਕਿ ਇਹ ਦੇਸ਼ ਕਪੜੇ ਦੀ ਇਕ ਇਕਾਈ ਪੈਦਾ ਕਰਨ ਲਈ OK ਪੂੰਜੀ ਅਤੇ OM ਕ੍ਰਿਤੀ ਲਾਉਂਦਾ ਹੈ। ਲਾਗਤ ਦੇ ਰੂਪ ਵਿੱਚ ਇਸ ਦਾ ਭਾਵ ਹੈ ਪੂੰਜੀ ਦੀ OA ਮਾਤਰਾ ਅਤੇ ਮਜ਼ਦੂਰਾਂ ਦੀ ਸਿਫਰ ਮਾਤਰਾ। ਦੂਜੇ ਸ਼ਬਦਾਂ ਵਿੱਚ, OM ਮਜ਼ਦੂਰ = ਪੂੰਜੀ ਦੀ AK ਮਾਤਰਾ। ਇਸੇ ਤਰ੍ਹਾਂ ਦੇਸ਼ 1 ਵਿੱਚ ਕੱਪੜੇ ਦੀ ਇੱਕ ਇਕਾਈ ਨੂੰ ਪੈਦਾ ਕਰਨ ਦੀ ਪੂੰਜੀ ਦੇ ਰੂਪ ਵਿੱਚ ਕੁੱਲ ਲਾਗਤ OA ਹੈ। ਦੇਸ਼ 2, ਦੀ ਸਾਧਨ ਕੀਮਤ ਅਨੁਪਾਤ ਰੇਖਾ $A_2B_2$, CC isoquant ਨੂੰ b ਬਿੰਦੂ ਤੇ ਛੂੰਹਦੀ ਹੈ। ਇਸ ਦਾ ਭਾਵ ਇਹ ਹੈ ਕਿ ਦੇਸ਼ 2, ਵਿੱਚ ਕੱਪੜੇ ਦੀ ਇੱਕ ਇਕਾਈ ਨੂੰ ਪੈਦਾ ਕਰਨ ਲਈ ਪੂੰਜੀ ਦੀ $OK_1$ ਮਾਤਰਾ ਅਤੇ ਮਜ਼ਦੂਰਾਂ ਦੀ $OM_1$ ਮਾਤਰਾ ਲੋੜੀਂਦੀ ਹੈ। ਮਜ਼ਦੂਰਾਂ ਨੂੰ ਪੂੰਜੀ ਵਿੱਚ ਬਦਲਦਿਆਂ ਹੋਇਆਂ ਮਜ਼ਦੂਰਾਂ ਦੀ $OM_1$ ਮਾਤਰਾ ਨੂੰ, $A_2K_1$ ਪੂੰਜੀ ਦੀ ਮਾਤਰਾ ਦੇ ਬਰਾਬਰ ਕਹਿ ਸਕਦੇ ਹਾਂ। ਇਸ ਤਰ੍ਹਾਂ ਦੇਸ਼ 2, ਵਿੱਚ ਕੱਪੜੇ ਦੀ ਇੱਕ ਇਕਾਈ ਪੈਦਾ ਕਰਨ ਦੀ ਕੁੱਲ ਲਾਗਤ $OA_2$ ਪੂੰਜੀ ਹੈ।

ਇਸ ਤਰ੍ਹਾਂ ਇਸੇ ਵਿੱਧੀ ਨੂੰ ਹੀ ਅਪਨਾ ਕੇ ਅਸੀਂ ਕਪਾਹ ਦੀ ਇੱਕ ਇਕਾਈ ਨੂੰ ਪੈਦਾ ਕਰਨ ਦੀ ਕੁੱਲ ਲਾਗਤ ਦੇਸ਼ 1, ਵਿੱਚ ਪੂੰਜੀ ਦੀ OA ਮਾਤਰਾ ਅਤੇ ਦੇਸ਼ 2 ਵਿੱਚ $OA_3$ ਮਾਤਰਾ ਕੱਢ ਸਕਦੇ ਹਾਂ। $A_3B_3$ ਰੇਖਾ, ਦੇਸ਼ 2 ਦੀ ਸਾਧਨ ਕੀਮਤ ਅਨੁਪਾਤ ਰੇਖਾ $A_2B_2$ ਦੇ ਸਮਾਨਅੰਤਰ ਹੈ।ਸਾਧਨ-ਕੀਮਤ ਅਨੁਪਾਤ ਰੇਖਾ $A_3B_3$, WW ਕਪਾਹ ਦੇ isoquent ਨੂੰ d ਬਿੰਦੂ ਤੇ ਛੂੰਹਦੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਕਪਾਹ ਦੀ ਇਕ ਇਕਾਈ $OK_3$ ਪੂੰਜੀ ਦੀ ਮਾਤਰਾ ਅਤੇ $OM_3$ ਮਜ਼ਦੂਰਾਂ ਦੀ ਮਾਤਰਾ ਦੇ ਜੋੜ ਤੋਂ ਪੈਦਾ ਹੁੰਦੀ ਹੈ। $OM_3$ ਮਜ਼ਦੂਰਾਂ ਦੀ ਮਾਤਰਾ ਪੂੰਜੀ ਦੀ $A_3K_3$ ਮਾਤਰਾ ਦੇ ਬਰਾਬਰ ਹੈ। ਇਸ ਤਰ੍ਹਾ ਦੇਸ਼ 2, ਵਿੱਚ ਕਪਾਹ ਦੀ ਇੱਕ ਇਕਾਈ ਪੈਦਾ ਕਰਨ ਦੀ ਕੁੱਲ ਲਾਗਤ ਪੂੰਜੀ ਦੇ ਰੂਪ ਵਿੱਚ $OA_3(=OK_3+K_3A_3)$ ਹੁੰਦੀ ਹੈ। ਦੇਸ਼ 2, ਵਿੱਚ ਕਪਾਹ ਦੀ ਇਕੋ ਇਕਾਈ ਪੈਦਾ ਕਰਨ ਲਈ ਪੂੰਜੀ ਦੀ $OA_3$ ਮਾਤਰਾ ਜੋ ਕਿ $OA_2$ ਮਾਤਰਾ ਤੋਂ ਘੱਟ ਹੈ ਲੋੜੀਂਦੀ ਹੈ ਅਤੇ ਇਸ ਤਰ੍ਹਾਂ ਕਪਾਹ ਦਾ ਉਤਪਾਦਨ ਕ੍ਰਿਤ-ਪ੍ਰਧਾਨ ਹੈ। ਸਿੱਟੇ ਵਜੋਂ, ਦੇਸ਼ 2, ਨੂੰ ਕਪਾਹ ਹੀ ਪੈਦਾ ਅਤੇ ਬਰਾਮਦ ਕਰਨੀ ਚਾਹੀਦੀ ਹੈ ਕਿਉਂਕਿ ਇਹ ਕ੍ਰਿਤ ਸੰਪਨ (labour abundant) ਦੇਸ਼ ਹੈ। ਇਸ ਤਰ੍ਹਾਂ ਹੀ, ਦੇਸ਼ 1, ਜੋ ਕਿ ਪੂੰਜੀ ਵੱਜੋਂ ਅਮੀਰ ਹੈ, ਨੂੰ ਕੱਪੜੇ ਦਾ ਉਤਪਾਦਨ ਅਤੇ ਬਰਾਮਦ ਕਰਨੀ ਚਾਹੀਦੀ ਹੈ ਕਿਉਂਕਿ ਇਸ ਵਿੱਚ ਪੂੰਜੀ ਪ੍ਰਧਾਨ ਤਕਨੀਕ ਦੀ ਵਰਤੋਂ ਹੁੰਦੀ ਹੈ।

ਇਸ ਸਿਧਾਂਤ ਨੂੰ ਐਡਜ਼ਵਰਥ ਦੇ ਡੱਬਾ ਰੇਖਾ ਚਿੱਤਰ (Edgeworth Box Diagram) ਰਾਹੀਂ ਵੀ ਦੱਸ ਸਕਦੇ ਹਾਂ।








**EDGEWORTH BOX DIAGRAM**

ਇਸ ਵਿੱਚ ਦੋ ਦੇਸ਼ X ਅਤੇ Y ਲਏ ਹਨ ਜਿਨ੍ਹਾਂ ਵਿੱਚ ਦੋ ਵਸਤਾਂ ਕੱਪੜਾ ਅਤੇ ਕਪਾਹ ਪੈਦਾ ਕੀਤੀਆਂ ਜਾਂਦੀਆਂ ਹਨ ਅਤੇ ਉਤਪਾਦਨ ਦੇ ਦੋ ਸਾਧਨ ਪੂੰਜੀ ਅਤੇ ਕਿਰਤ ਦੀ ਵਰਤੋਂ ਹੁੰਦੀ ਹੈ। ਦੇਸ਼ X ਵਿੱਚ ਪੂੰਜੀ ਦੀ ਮਾਤਰਾ ਜ਼ਿਆਦਾ ਹੈ ਅਤੇ ਦੇਸ਼ Y ਵਿੱਚ ਕਿਰਤ ਦੀ ਮਾਤਰਾ ਜ਼ਿਆਦਾ ਹੈ।ਇਨ੍ਹਾਂ ਡੱਬਾ ਰੇਖਾ ਚਿੱਤਰਾਂ ਵਿੱਚ ਦੇਸ਼ X ਅਤੇ ਦੇਸ਼ Y ਲਈ ਵੱਖਰੇ-ਵੱਖਰੇ ਚਿੱਤਰ ਬਣਾਏ ਗਏ ਹਨ। ਦੇਸ਼ X ਵਿੱਚ ਪੂੰਜੀ ਵੱਧ ਹੈ ਜੋ ਕਿ AD ਦੁਆਰਾ ਸਪਸ਼ਟ ਕੀਤੀ ਗਈ ਹੈ ਅਤੇ ਕਿਰਤ ਘੱਟ ਹੈ ਜੋ ਕਿ AC ਰਾਹੀਂ ਦਰਸਾਈ ਗਈ ਹੈ। ਇਸਦੇ ਉਲਟ ਦੇਸ਼ Y ਵਿੱਚ ਕਿਰਤ ਵੱਧ ਹੈ ਜੋ ਕਿ A'C' ਰਾਹੀਂ ਦਿਖਾਈ ਗਈ ਹੈ ਅਤੇ ਪੂੰਜੀ ਘੱਟ ਹੈ ਜੋ ਕਿ A'D' ਰਾਹੀਂ ਦਿਖਾਈ ਗਈ ਹੈ।

ਮੰਨ ਲਓ ਦੇਸ਼ X ਦੇ ਰੇਖਾ ਚਿੱਤਰ ਵਿੱਚ AB ਸਮਝੌਤਾ ਵੱਕਰ (contract curve) ਉੱਤੇ ਕੋਈ ਬਿੰਦੂ M ਹੈ। ਬਕਸੇ A'C'B'D' ਵਿੱਚ ਰੇਖਾ A'F, ਬਕਸੇ ABCD ਵਿਚਲੀ AM ਦੇ ਸਮਾਨਾਂਤਰ ਅਤੇ B'G',BM ਦੇ ਸਮਾਨਾਂਤਰ ਖਿੱਚੀ ਗਈ ਹੈ ਜੋ ਕਿ M' ਬਿੰਦੂ ਤੇ ਕੱਟਦੀ ਹੈ। ਇਸ ਦਾ ਭਾਵ ਹੈ ਕਿ ਦੇਸ਼ X ਨੂੰ AM ਪੂੰਜੀ ਲਗਾਉਣੀ ਚਾਹੀਦੀ ਹੈ ਅਤੇ ਕੱਪੜਾ ਪੈਦਾ ਕਰਨਾ ਚਾਹੀਦਾ ਹੈ ਕਿਉਂਕਿ ਇਹ ਪੂੰਜੀ ਪ੍ਰਧਾਨ ਵਸਤੂ ਹੈ। ਇਸ ਦੇ ਉਲਟ ਦੇਸ਼ Y ਨੂੰ B'M' ਕਿਰਤ ਅਤੇ A'M' ਪੂੰਜੀ ਲਾ ਕੇ ਕਪਾਹ ਵਸਤੂ ਪੈਦਾ ਕਰਨੀ ਚਾਹੀਦੀ ਹੈ।ਇਸ ਤਰ੍ਹਾਂ, ਵਪਾਰ ਤੋਂ ਦੋਵੇਂ ਦੇਸ਼ਾਂ ਨੂੰ ਲਾਭ ਹੋਵੇਗਾ।

ਇਨ੍ਹਾਂ ਰੇਖਾ ਚਿੱਤਰਾਂ ਨੂੰ ਇਕੱਠਾ ਕਰਕੇ ਇਕੋ ਚਿੱਤਰ ਰਾਹੀਂ ਹੇਠ ਦਿਤੇ ਅਨੁਸਾਰ ਵਿਖਾਇਆ ਜਾ ਸਕਦਾ ਹੈ।



ਉਪਰ ਦਿੱਤੇ ਚਿੱਤਰ ਵਿੱਚ ਅਸੀ ਦੇਖਦੇ ਹਾਂ ਕਿ

AM=AS+ST+TM

ਕਿਉਂਕਿ ST ਰੇਖਾ A'M' ਦੇ ਸਮਾਨਾਂਤਰ ਹੈ। ਇਸ ਤਰ੍ਹਾਂ A'S TM' ਇਕ ਚਤੁਰਭੁਜ ਹੈ। ਚਿੱਤਰ ਤੋਂ ਇਹ ਵੀ ਸਪਸ਼ਟ ਹੈ ਕਿ ST>A'M'

ਕਿਉਂਕਿ AM>AS+TM+A'M' ਇਸ ਲਈ

AM > A'M'

## ਸਵੈ-ਅਭਿਆਸ ਪ੍ਰਸ਼ਨ

3. ਹੈਕਸ਼ਰ ਉਹਲਿਨ ਸਿਧਾਂਤ ਦੀ ਵਿਆਖਿਆਂ ਕਰੋ।

4. ਕਿਰਤ ਸੰਪਨ ਅਤੇ ਪੂੰਜੀ ਪ੍ਰਧਾਨ ਤੋਂ ਕੀ ਭਾਵ ਹੈ।

**ਆਲੋਚਨਾ**

ਭਾਵੇਂ ਆਧੁਨਿਕ ਅਰਥ-ਸ਼ਾਸਤਰੀਆਂ ਵੱਲੋਂ ਦਿਤਾ ਗਿਆ ਇਹ ਸਿਧਾਂਤ ਪਰੰਪਰਾਵਾਦੀ ਸਿਧਾਂਤ ਦੇ ਮੁਕਾਬਲੇ ਕਾਫੀ ਵਿਸਥਾਰ ਪੂਰਵਕ ਦਿੱਤਾ ਗਿਆ ਹੈ ਫਿਰ ਵੀ ਕਈ ਅਰਥ-ਸ਼ਾਸਤਰੀਆਂ, ਜਿਵੇਂ ਹੈਬਰਲਰ ਆਦਿ ਨੇ ਇਸ ਦੀ ਆਲੋਚਨਾ ਹੇਠ ਲਿਖੇ ਪੱਖਾਂ ਤੋਂ ਕੀਤੀ ਹੈ।

1. **ਸਾਧਾਰਣ ਵਿਸ਼ਲੇਸ਼ਣ** : ਇਸ ਸਿਧਾਂਤ ਵਿੱਚ ਅੰਤਰ-ਰਾਸ਼ਟਰੀ ਵਪਾਰ ਦੀ ਵਿਆਖਿਆ ਬਹੁਤ ਹੀ ਸਾਧਾਰਣ ਢੰਗ ਨਾਲ ਕੀਤੀ ਗਈ ਹੈ। ਇਸ ਸਿਧਾਂਤ ਵਿੱਚ ਦੋ ਦੇਸ਼-ਦੋ ਵਸਤਾਂ ਦਾ ਹੀ ਵਪਾਰ ਕਰਦੇ ਹਨ। ਜੇਕਰ ਅੰਤਰ-ਰਾਸ਼ਟਰੀ ਵਪਾਰ ਵਿੱਚ ਦੋ ਤੋਂ ਜ਼ਿਆਦਾ ਦੇਸ਼ ਹਿੱਸਾ ਲੈਂਦੇ ਹਨ ਜਾਂ ਦੋ ਤੋਂ ਵੱਧ ਵਸਤਾਂ ਦਾ ਲੈਣ-ਦੇਣ ਕੀਤਾ ਜਾਂਦਾ ਹੈ ਤਾਂ ਇਸ ਸਥਿਤੀ ਵਿੱਚ ਇਹ ਸਿਧਾਂਤ ਅੰਤਰ-ਰਾਸ਼ਟਰੀ ਵਪਾਰ ਦੀ ਵਿਆਖਿਆ ਕਰਨ ਵਿੱਚ ਅਸਮਰਥ ਹੋ ਜਾਂਦਾ ਹੈ।
2. **ਅਵਾਸਤਵਿਕ ਮਾਨਤਾਵਾਂ** : ਇਸ ਸਿਧਾਂਤ ਵਿੱਚ ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਮਾਨਤਾਵਾਂ ਜਿਵੇਂ ਕਿਰਤ ਪੂਰਨ ਮੁਕਾਬਲੇ ਦੀ ਸਥਿਤੀ ਜਾਂ ਆਵਾਜਾਈ ਦੀ ਲਾਗਤ ਦਾ ਨਾ ਹੋਣਾ ਆਦਿ ਹਨ। ਅਸਲ ਵਿੱਚ ਇਨ੍ਹਾਂ ਮਾਨਤਾਵਾਂ ਦਾ ਪੂਰਾ ਹੋਣਾ ਅਸੰਭਵ ਹੈ।
3. **ਸਥਿਰ ਸਿਧਾਂਤ** : ਇਸ ਸਿਧਾਂਤ ਵਿੱਚ ਅਸੀਂ ਇਹ ਮੰਨ ਕੇ ਚਲਦੇ ਹਾਂ ਕਿ ਉਤਪਾਦਨ ਦੀ ਤਕਨੀਕ ਅਤੇ ਪ੍ਰਸਥਿਤੀਆ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ। ਇਸ ਤੋਂ ਭਾਵ ਹੈ ਜੇ ਉਤਪਾਦਨ ਪ੍ਰਸਥਿਤੀਆਂ ਵਿੱਚ ਤਬਦੀਲੀ ਆ ਜਾਵੇ ਤਾਂ ਇਸ ਸਿਧਾਂਤ ਰਾਹੀਂ ਅੰਤਰ-ਰਾਸ਼ਟਰੀ ਵਪਾਰ ਦਾ ਵਿਸ਼ਲੇਸ਼ਣ ਕਰਨਾ ਮੁਸ਼ਕਲ ਹੈ।
4. **ਉਪਭੋਗੀਆਂ ਦੀਆਂ ਰੁਚੀਆਂ ਵਿੱਚ ਅੰਤਰ** : ਇਸ ਸਿਧਾਂਤ ਵਿੱਚ ਵਪਾਰ ਕਰ ਰਹੇ ਦੋ ਦੇਸ਼ਾਂ ਦੇ ਉਪਭੋਗੀਆਂ ਦੀਆਂ ਰੁਚੀਆਂ ਨੂੰ ਸਮਾਨ ਮੰਨ ਲਿਆ ਗਿਆ ਹੈ। ਪ੍ਰੰਤੂ ਅਸਲ ਵਿੱਚ ਉਪਭੋਗੀਆਂ ਦੀਆਂ ਰੁਚੀਆਂ ਵਿੱਚ ਸਮਾਨਤਾ ਨਹੀਂ ਹੁੰਦੀ।
5. **ਲਿਉਨਟਿਫ਼ ਦਾ ਵਿਰੋਧਾਭਾਸ** : ਲਿਊਨਟਿਫ਼ ਨੇ ਇਹ ਨਤੀਜਾ ਕੱਢਿਆ ਹੈ ਕਿ ਅਮਰੀਕਾ ਇਕ ਪੂੰਜੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਪੂੰਜੀ ਪ੍ਰਧਾਨ ਵਸਤਾਂ ਆਯਾਤ ਕਰਦਾ ਹੈ ਜਦੋਂ ਕਿਰਤ ਪ੍ਰਧਾਨ ਵਸਤਾਂ ਦਾ ਨਿਰਯਾਤ ਕਰਦਾ ਹੈ। ਇਹ ਇਸ ਸਿਧਾਂਤ ਦਾ ਵਿਰੋਧਾਭਾਸ ਹੈ। ਜੇ ਮੰਗ ਅਤੇ ਪੂਰਤੀ ਦੋਹਾਂ ਪੱਖਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਜ਼ਰੂਰੀ ਨਹੀਂ ਕਿ ਪੂੰਜੀ ਪ੍ਰਧਾਨ ਵਸਤਾਂ ਦਾ ਹੀ ਨਿਰਯਾਤ ਕਰਨਗੇ।
6. **ਪਰਸਪਰ ਵਿਰੋਧੀ ਸਿੱਟੇ** : ਆਧੁਨਿਕ ਸਿਧਾਂਤ ਅਨੁਸਾਰ, ਅੰਤਰ-ਰਾਸ਼ਟਰੀ ਵਪਾਰ ਦਾ ਆਧਾਰ, ਵੱਖ-ਵੱਖ ਦੇਸ਼ਾਂ ਵਿੱਚ ਸਾਧਨ ਕੀਮਤਾਂ ਵਿੱਚ ਭਿੰਨਤਾ ਹੈ। ਇਹ ਨਾ ਹੋਵੇ ਤਾਂ ਵਪਾਰ ਹੋਣਾ ਅਸੰਭਵ ਹੈ। ਇਸ ਸਿਧਾਂਤ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਵਪਾਰ ਦੇ ਦੌਰਾਨ ਦੋ ਦੇਸ਼ਾਂ ਵਿੱਚ ਸਾਧਨਾਂ ਦੀਆਂ ਕੀਮਤਾਂ ਸਮਾਨ ਹੁੰਦੀਆਂ ਹਨ। ਇਸ ਦਾ ਭਾਵ ਹੈ ਕਿ ਵਪਾਰ ਵੀ ਸਮਾਪਤ ਹੋ ਜਾਵੇਗਾ।
7. **ਸਾਧਨਾਂ ਦੀ ਅਸਮਾਨਤਾ** : ਇਹ ਸਿਧਾਂਤ ਸਾਧਨਾਂ ਦੀ ਸਮਰੂਪਤਾ ਤੇ ਆਧਾਰਿਤ ਹੈ। ਅਸਲ ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਸਾਧਨ ਇਕੋ ਜਿਹੇ ਨਹੀਂ ਹੁੰਦੇ। ਕਿਸੇ ਦੇਸ਼ ਵਿੱਚ ਮਜ਼ਦੂਰ ਜ਼ਿਆਦਾ ਕੁਸ਼ਲ ਅਤੇ ਮਿਹਨਤੀ ਹੁੰਦੇ ਹਨ ਅਤੇ ਕਿਸੇ ਦੇਸ਼ ਵਿੱਚ ਮਜ਼ਦੂਰਾਂ ਦੀ ਕੁਸ਼ਲਤਾ ਘੱਟ ਹੁੰਦੀ ਹੈ।

8. **ਸਾਧਨਾਂ ਦੀ ਮੰਗ ਨੂੰ ਅਣਗੌਲਿਆ ਕਰਨਾ :** ਇਹ ਸਿਧਾਂਤ ਸਾਧਨਾਂ ਦੀ ਮੰਗ ਨੂੰ ਅੱਖੋਂ ਉਹਲੇ ਕਰਦਾ ਹੈ। ਇਸ ਸਿਧਾਂਤ ਅਨੁਸਾਰ ਇੱਕ ਸਾਧਨ ਦੀ ਕੀਮਤ, ਉਸਦੀ ਪੂਰਤੀ ਤੇ ਨਿਰਭਰ ਕਰਦੀ ਹੈ। ਵਾਸਤਵ ਵਿਚ ਸਾਧਨਾਂ ਦੀ ਪੂਰਤੀ ਅਤੇ ਮੰਗ ਉਸਦੀ ਕੀਮਤ ਨੂੰ ਨਿਰਧਾਰਤ ਕਰਦੀਆਂ ਹਨ।

9. **ਅੰਸ਼ਿਕ ਸੰਤੁਲਨ ਵਿਸ਼ਲੇਸ਼ਣ** : ਆਧੁਨਿਕ ਅਰਥ-ਸ਼ਾਸਤਰੀਆਂ ਹੈਬਰਲਰ ਦੇ ਅਨੁਸਾਰ, ਇਹ ਸਿਧਾਂਤ ਸਧਾਰਨ ਸੰਤੁਲਨ ਦੀ ਹਾਲਤ ਨੂੰ ਬਿਆਨ ਨਹੀਂ ਕਰਦਾ। ਇਹ ਕਲਾਸੀਕਲ ਅਰਥ-ਸ਼ਾਸਤਰੀਆਂ ਦੇ ਸਿਧਾਂਤ ਦੀ ਤਰ੍ਹਾਂ ਸਿਰਫ ਅੰਸ਼ਕ ਸੰਤੁਲਨ ਦਾ ਹੀ ਵਿਸ਼ਲੇਸ਼ਣ ਕਰਦਾ ਹੈ।

**ਕਲਾਸੀਕਲ ਸਿਧਾਂਤ ਅਤੇ ਆਧੁਨਿਕ ਸਿਧਾਂਤ ਦੀ ਤੁਲਨਾ**

ਕਲਾਸੀਕਲ ਸਿਧਾਂਤ ਦੀ ਤਰ੍ਹਾਂ ਆਧੁਨਿਕ ਸਿਧਾਂਤ ਅਨੁਸਾਰ ਵੀ ਵਪਾਰ ਦਾ ਆਧਾਰ ਤੁਲਨਾਤਮਕ ਅੰਤਰ ਹੀ ਹੈ। ਪਰੰਤੂ ਕਲਾਸੀਕਲ ਸਿਧਾਂਤ ਵਿੱਚ ਲਾਗਤ ਅੰਤਰ ਪੈਦਾ ਹੋਣ ਦਾ ਕਾਰਨ ਨਹੀਂ ਦੱਸਿਆ ਗਿਆ। ਜਦੋਂ ਕਿ ਆਧੁਨਿਕ ਸਿਧਾਂਤ ਲਾਗਤ ਅੰਤਰ ਪੈਦਾ ਹੋਣ ਦੇ ਕਾਰਨਾਂ ਦਾ ਵੀ ਵਰਨਣ ਕਰਦਾ ਹੈ। ਹੈਕਸ਼ਰ-ਉਹਲਿਨ ਦੁਆਰਾ ਦਿੱਤੇ ਗਏ ਵਪਾਰ ਦੇ ਆਧੁਨਿਕ ਸਿਧਾਂਤ ਅਤੇ ਕਲਾਸੀਕਲ ਸਿਧਾਂਤ ਵਿੱਚ ਹੇਠ ਲਿਖਿਆ ਅੰਤਰ ਪਾਇਆ ਜਾਂਦਾ ਹੈ:

1. ਰਿਕਾਰਡੋ ਦੇ ਸਿਧਾਂਤ ਅਨੁਸਾਰ ਇਕ ਦੇਸ਼ ਉਸ ਵਸਤੂ ਦਾ ਉਤਪਾਦਨ ਅਤੇ ਨਿਰਯਾਤ ਕਰੇਗਾ ਜਿਸ ਨਾਲ ਉਸ ਨੂੰ ਤੁਲਨਾਤਮਕ ਲਾਭ ਪ੍ਰਾਪਤ ਹੁੰਦਾ ਹੈ। ਪ੍ਰੰਤੂ ਇਸ ਸਿਧਾਂਤ ਵਿੱਚ ਤੁਲਨਾਤਮਕ ਲਾਭ ਪ੍ਰਾਪਤ ਹੋਣ ਦੇ ਕਾਰਨਾਂ ਦਾ ਵਰਣਨ ਨਹੀਂ ਕੀਤਾ। ਜਦੋਂ ਕਿ ਆਧੁਨਿਕ ਸਿਧਾਂਤ ਤੁਲਨਾਤਮਕ ਲਾਭ ਪੈਦਾ ਹੋਣ ਦੇ ਕਾਰਨਾਂ ਦੀ ਵਿਆਖਿਆ ਕੀਤੀ ਗਈ ਹੈ।
2. ਕਲਾਸੀਕਲ ਸਿਧਾਂਤ ਦੀ ਵਿਆਖਿਆ ਸਿਰਫ਼ ਪੂਰਤੀ ਨੂੰ ਹੀ ਮੁੱਖ ਰੱਖ ਕੇ ਕੀਤੀ ਹੈ ਜਦੋਂ ਕਿ ਆਧੁਨਿਕ ਸਿਧਾਂਤ ਮੰਗ ਅਤੇ ਪੂਰਤੀ ਦੋਹਾਂ ਤੱਤਾਂ ਨੂੰ ਸ਼ਾਮਲ ਕਰਕੇ ਅੰਤਰ-ਰਾਸ਼ਟਰੀ ਵਪਾਰ ਦੀ ਵਿਆਖਿਆ ਕਰਦਾ ਹੈ।
3. ਕਲਾਸੀਕਲ ਸਿਧਾਂਤ ਵਿੱਚ ਉਤਪਾਦਨ ਦਾ ਸਾਧਨ ਸਿਰਫ਼ ਕਿਰਤ ਨੂੰ ਹੀ ਮੰਨਿਆ ਗਿਆ ਹੈ। ਪਰੰਤੂ ਆਧੁਨਿਕ ਸਿਧਾਂਤ ਅਨੁਸਾਰ ਕਿਰਤ ਅਤੇ ਪੂੰਜੀ ਦੋਵੇਂ ਹੀ ਉਤਪਾਦਨ ਦੇ ਮੁੱਖ ਸਾਧਨ ਹਨ। ਇਸ ਲਈ ਆਧੁਨਿਕ ਸਿਧਾਂਤ, ਕਲਾਸੀਕਲ ਸਿਧਾਂਤ ਦੇ ਮੁਕਾਬਲੇ ਵਧੇਰੇ ਵਿਵਹਾਰਕ ਹੈ।
4. ਕਲਾਸੀਕਲ ਸਿਧਾਂਤ, ਅੰਸ਼ਿਕ ਸੰਤੁਲਨ (Partial Equilibrium) ਦਾ ਸਿਧਾਂਤ ਹੈ। ਜਦੋਂ ਕਿ ਹੈਕਸ਼ਚਰ-ਉਹਲਿਨ ਦੁਆਰਾ ਦਿੱਤਾ ਗਿਆ ਸਿਧਾਂਤ ਸਾਧਾਰਨ ਸੰਤੁਲਨ (General Equilibrium) ਦਾ ਸਿਧਾਂਤ ਕਿਹਾ ਜਾ ਸਕਦਾ ਹੈ।
5. ਅੰਤਰ-ਰਾਸ਼ਟਰੀ ਵਪਾਰ ਦੇ ਕਲਾਸੀਕਲ ਸਿਧਾਂਤ ਅਨੁਸਾਰ, ਵੱਖ-ਵੱਖ ਦੇਸ਼ਾਂ ਦਾ ਉਤਪਾਦਨ ਫਲਨ ਵੱਖ-ਵੱਖ ਪ੍ਰਕਾਰ ਦਾ ਹੁੰਦਾ ਹੇ। ਜਦੋਂ ਕਿ ਆਧੁਨਿਕ ਸਿਧਾਂਤ ਅਨੁਸਾਰ ਦੋਵੇਂ ਦੇਸ਼ਾਂ ਦਾ ਉਤਪਾਦਨ ਫਲਨ ਇਕੋ-ਜਿਹਾ ਹੁੰਦਾ ਹੈ।
6. ਕਲਾਸੀਕਲ ਸਿਧਾਂਤ ਵਿੱਚ ਸਥਾਨ ਦੇ ਤੱਤ ਨੂੰ ਅੱਖੋਂ ਉਹਲੇ ਕੀਤਾ ਗਿਆ ਹੈ ਜਦੋਂ ਕਿ ਅੰਤਰ-ਰਾਸ਼ਟਰੀ ਵਪਾਰ ਦੇ ਆਧੁਨਿਕ ਸਿਧਾਂਤ ਵਿੱਚ ਕੀਮਤ ਨਿਰਧਾਰਨ ਵਿੱਚ ਸਮੇਂ ਦੇ ਤੱਤ ਦੇ ਨਾਲ-ਨਾਲ ਸਥਾਨ ਦੇ ਤੱਤ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ।
7. ਕਲਾਸੀਕਲ ਸਿਧਾਂਤ ਨੂੰ ਅੰਤਰ-ਖੇਤਰੀ ਸਿਧਾਂਤ ਕਿਹਾ ਜਾ ਸਕਦਾ ਹੈ ਜਦੋਂ ਕਿ ਆਧੁਨਿਕ ਸਿਧਾਂਤ, ਅੰਤਰ-ਖੇਤਰੀ ਦੀ ਥਾਂ ਅੰਤਰ-ਰਾਸ਼ਟਰੀ ਸਿਧਾਂਤ ਵਿੱਚ ਤਬਦੀਲ ਕਰਕੇ ਪੇਸ਼ ਕੀਤਾ ਗਿਆ ਹੈ।
8. ਆਧੁਨਿਕ ਸਿਧਾਂਤ ਅਨੁਸਾਰ ਵਪਾਰ ਦਾ ਮੁੱਖ ਆਧਾਰ ਸੰਪੰਨਤਾ (Factor endowments) ਵਿੱਚ ਵਿਭਿੰਨਤਾ ਹੈ। ਜਦੋਂ ਕਿ ਰਿਕਾਰਡੋ ਦੁਆਰਾ ਦਿੱਤੇ ਗਏ ਕਲਾਸੀਕਲ ਸਿਧਾਂਤ ਵਿੱਚ ਇਨ੍ਹਾਂ ਗੱਲਾਂ ਨੂੰ ਅਣਗੋਲਿਆ ਕੀਤਾ ਗਿਆ ਹੈ।
9. ਅੰਤਰ-ਰਾਸ਼ਟਰੀ ਵਪਾਰ ਦਾ ਕਲਾਸੀਕਲ ਸਿਧਾਂਤ ਸਟੈਟਿਕ (Static) ਹੈ ਜਦੋਂ ਕਿ ਆਧੁਨਿਕ ਸਿਧਾਂਤ ਗਤੀਸ਼ੀਲ (Dynamic) ਹੈ।

**ਸਵੈ-ਅਭਿਆਸ ਪ੍ਰਸ਼ਨ**

5. ਹੈਕਸ਼ਰ ਉਹਲਿਨ ਸਿਧਾਂਤ ਦੀ ਆਲੋਚਨਾਤਮਕ ਵਿਆਖਿਆ ਕਰੋ।
6. ਹੈਕਸ਼ਰ ਉਹਲਿਨ ਸਿਧਾਂਤ ਪਰੰਪਰਾਵਾਦੀ ਸਿਧਾਂਤ ਤੋਂ ਕਿਵੇਂ ਭਿੰਨ ਹੈ।

## ਅੰਤਰਰਾਸ਼ਟਰੀ ਵਪਾਰ ਦਾ ਆਧੁਨਿਕ ਸਿਧਾਂਤ

ਅੰਤਰਰਾਸ਼ਟਰੀ ਵਪਾਰ ਦਾ ਆਧੁਨਿਕ ਸਿਧਾਂਤ ਮੁੱਖ ਤੌਰ ਤੇ ਸਵੀਡਨ ਨਿਵਾਸੀ ਈ.ਐਫ. ਹੈਕਚਰ ਅਤੇ ਉਸਦੇ ਚੇਲੇ ਬਰਟਿਲ ਓਹਲਿਨ ਨਾਮੀ ਅਰਥਸ਼ਾਸਤਰੀਆਂ ਨੇ ਦਿੱਤਾ ਹੈ। ਅਸਲ ਵਿੱਚ ਸਭ ਤੋਂ ਪਹਿਲਾ ਹੈਕਚਰ ਨੇ ਇਸ ਸਿਧਾਂਤ ਦਾ ਵਰਣਨ ਸਵੀਡਨ ਭਾਸ਼ਾ ਵਿੱਚ 1919 ਵਿੱਚ ਪ੍ਰਕਾਸ਼ਿਤ ਹੋਏ ਆਪਣੇ ਇੱਕ ਖੋਜ਼ ਪੱਤਰ ਵਿੱਚ ਕੀਤਾ । ਇਸ ਖੋਜ਼ ਪੱਤਰ ਵਿੱਚ ਹੈਕਚਰ ਨੇ ਅੰਤਰਰਾਸ਼ਟਰੀ ਵਪਾਰ ਦਾ ਆਧਾਰ ਵੱਖ-ਵੱਖ ਦੇਸ਼ਾਂ ਵਿੱਚ ਸਾਧਨ ਸੰਪੰਨਤਾ ਦਾ ਵੱਖ-ਵੱਖ ਹੋਣਾ ਦੱਸਿਆ ਹੈ। ਹੈਕਚਰ ਦੇ ਅਨੁਸਾਰ ਹਰੇਕ ਦੇਸ਼ ਉਸ ਵਸਤੂ ਦਾ ਉਤਪਾਦਨ ਅਤੇ ਨਿਰਯਾਤ ਕਰੇਗਾ ਜਿਸ ਵਸਤੂ ਦੇ ਉਤਪਾਦਨ ਵਿੱਚ ਉਹਨਾਂ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਹੜੇ ਉਸ ਦੇਸ ਕੋਲ ਸਾਖੇਪ ਤੌਰ ਤੇ ਬਹੁਤਾਤ ਵਿੱਚ ਹਨ। ਇਸ ਦੇ ਉਲਟ, ਇਕ ਦੇਸ਼ ਉਸ ਵਸਤੂ ਦਾ ਆਯਾਤ ਕਰੇਗਾ ਜਿਸ ਦੇ ਉਤਪਾਦਨ ਵਿੱਚ ਉਹਨਾਂ ਸਾਧਨਾਂ ਦੀ ਵਰਤੋਂ ਹੋਵੇ ਜਿਹੜੇ ਉਸ ਦੇਸ਼ ਕੋਲ ਸਾਪੇਖ ਤੌਰ ਥੋੜ੍ਹੇ ਤੇ ਹਨ। ਹੈਕਚਰ ਤੋਂ 14 ਸਾਲ ਬਾਅਦ, ਉਹਲਿਨ ਨੇ 1933 ਵਿਚ ਪ੍ਰਕਾਸ਼ਿਤ ਆਪਣੀ ਪੁਸਤਕ ਵਿਚ ਇਸ ਸਿਧਾਂਤ ਨੂੰ ਵਿਸਤ੍ਰਿਤ ਰੂਪ ਵਿਚ ਪੇਸ਼ ਕੀਤਾ। ਉਸ ਨੇ ਆਪਣੇ ਵਪਾਰ ਸਿਧਾਂਤ ਦਾ ਆਧਾਰ ਵੀ ਵੱਖ-ਵੱਖ ਦੇਸ਼ਾਂ ਵਿਚ ਉਤਪਾਦਨ ਦੇ ਸਾਧਨਾਂ ਦੀ ਮਾਤਰਾ ਵਿਚ ਅੰਤਰ ਹੋਣ ਨੂੰ ਹੀ ਬਣਾਇਆ ਹੈ। ਉਹਲਿਨ ਨੇ ਪਹਿਲਾ ਇਕ ਦੇਸ਼ ਦੇ ਵੱਖ-ਵੱਖ ਇਲਾਕਿਆਂ ਵਿਚ ਹੋਣ ਵਾਲੇ ਵਪਾਰ ਦੇ ਕਾਰਨਾਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਅਤੇ ਉਸ ਤੋਂ ਬਾਅਦ ਉਸੇ ਨੂੰ ਅੰਤਰਰਾਸ਼ਟਰੀ ਪੱਧਰ ਤੇ ਲਾਗੂ ਕਰਨ ਦਾ ਯਤਨ ਕੀਤਾ। ਉਹਲਿਨ ਅਨੁਸਾਰ ਅੰਤਰਰਾਸ਼ਟਰੀ ਵਪਾਰ ਅੰਤਰ-ਖੇਤਰੀ ਵਪਾਰ ਦੀ ਇਕ ਵਿਸ਼ੇਸ਼ ਸਥਿਤੀ ਹੈ।

ਇਹ ਸਿਧਾਂਤ ਹੇਠ ਲਿਖੀਆਂ ਮਾਨਤਾਵਾਂ ਤੇ ਅਧਾਰਿਤ ਹੈ।

1. ਉਤਪਾਦਨ ਦੇ ਦੋ-ਕਿਰਤ ਅਤੇ ਪੂੰਜੀ-ਸਾਧਨ ਹਨ।
2. ਕੇਵਲ ਦੋ ਹੀ ਦੇਸ਼ ਹਨ। ਦੋਵੇ ਦੇਸ਼ਾਂ ਵਿਚ ਸਾਧਨ ਸੰਪੰਨਤਾ ਵੱਖਰੀ ਵੱਖਰੀ ਹੈ। ਇਕ ਦੇਸ਼ ਕਿਰਤ ਸੰਪੰਨ ਅਤੇ ਦੂਜਾ ਪੂੰਜੀ ਸੰਪੰਨ ਹੈ।
3. ਦੋ ਵਸਤਾਂ ਹਨ। ਦੋਵੇ ਵਸਤਾਂ ਵਿਚ ਦੋਵੇ ਸਾਧਨਾਂ ਦੀ ਵਰਤੋ ਕੀਤੀ ਜਾਂਦੀ ਹੈ। ਇਕ ਵਸਤੂ ਵਧੇਰੇ ਕਿਰਤ ਖਪਾਉ ਅਤੇ ਦੂਜੀ ਵਧੇਰੇ ਪੂੰਜੀ ਖਪਾਉ ਹੈ।
4. ਇਕ ਦੇਸ਼ ਅੰਦਰ ਸਾਧਨ ਗਤੀਸ਼ੀਲ ਹਨ ਪਰ ਦੋ ਦੇਸ਼ਾਂ ਵਿਚਕਾਰ ਸਾਧਨ ਗਤੀਹੀਣ ਹਨ।
5. ਦੋਵੇ ਦੇਸ਼ਾਂ ਵਿਚ ਉਤਪਾਦਨ ਦੀ ਤਕਨੀਕ ਸਾਮਾਨ ਰਹਿੰਦੀ ਹੈ।
6. ਆਵਾਜਾਈ ਅਤੇ ਢੋਅ-ਢੁਆਈ ਦੀ ਲਾਗਤ ਨਹੀਂ ਹੁੰਦੀ ।
7. ਦੋਵੇ ਦੇਸ਼ਾਂ ਵਿਚ ਉਤਪਾਦਨ ਸਾਧਨਾਂ ਦੀ ਮਾਤਰਾ ਦਿੱਤੀ ਹੋਈ ਅਤੇ ਸਥਿਰ ਰਹਿੰਦੀ ਹੈ।
8. ਸਾਧਨ ਬਾਜਾਰ ਅਤੇ ਵਸਤੂ ਬਾਜਾਰ ਵਿਚ ਪੂਰਨ ਮੁਕਾਬਲਾ ਪਾਇਆ ਜਾਂਦਾ ਹੈ।
9. ਸਾਰੀਆਂ ਵਸਤਾਂ ਦਾ ਉਤਪਾਦਨ ਫਲਨ ਪਹਿਲੀ ਡਿਗਰੀ ਦਾ ਸਮਰੂਪ ਹੈ।
10. ਵਸਤੂ ਵਟਾਦਰੇ ਤੇ ਕਿਸੇ ਕਿਸਮ ਦੀ ਰੋਕ ਨਹੀਂ ਹੈ ਭਾਵ ਸੁਤੰਤਰ ਵਪਾਰ ਹੁੰਦਾ ਹੈ।
11. ਦੋਵਾਂ ਵਸਤਾਂ ਦੇ ਉਤਪਾਦਨ ਦੀ ਤਕਨੀਕ ਵੱਖਰੀ-ਵੱਖਰੀ ਹੈ, ਪਰ ਦੋਵੇ ਦੇਸ਼ਾਂ ਵਿੱਚ ਇੱਕ ਹੀ ਵਸਤੂ ਦੇ ਉਤਪਾਦਨ ਲਈ ਇੱਕੋ ਜਿਹੀ ਤਕਨੀਕ ਵਰਤੀ ਜਾਂਦੀ ਹੈ।

ਉਪਰੋਕਤ ਮਾਨਤਾਵਾਂ ਉੱਤੇ ਅਧਾਰਿਤ ਹੈਕਚਰ-ਉਹਲਿਨ ਮਾਡਲ ਅਨੁਸਾਰ ਪੂੰਜੀ ਸੰਪੰਨ ਦੇਸ਼ ਵਧੇਰੇ ਪੂੰਜੀ ਖਪਾਉ ਵਸਤੂ ਅਤੇ ਕਿਰਤ ਸੰਪੰਨ ਦੇਸ਼ ਵਧੇਰੇ ਕਿਰਤ ਖਪਾਉ ਵਸਤੂ ਦਾ ਉਤਪਾਦਨ ਅਤੇ ਨਿਰਯਾਤ ਕਰਦੇ ਹਨ ਕਿਉਂਕਿ ਪੂੰਜੀ ਸੰਪੰਨ ਦੇਸ਼ ਵਿਚ ਪੂੰਜੀ ਖਪਾਉ ਵਸਤੂਆਂ ਦਾ ਅਤੇ ਕਿਰਤ ਸੰਪੰਨ ਦੇਸ਼ ਵਿਚ ਕਿਰਤ ਖਪਾਉ ਵਸਤੂਆ ਦਾ ਉਤਪਾਦਨ ਸਾਖੇਪ ਰੂਪ ਵਿਚ ਸਸਤਾ ਹੋਵੇਗਾ।ਸਾਧਨ ਸੰਪੰਨ ਨੂੰ ਦੋ ਤਰੀਕਿਆਂ ਤੋਂ ਪਤਾ ਕੀਤਾ ਜਾ ਸਕਦਾ ਹੈ।

1. ਸਾਧਨ ਸੰਪੰਨਤਾ ਦਾ ਕੀਮਤ ਅਨੁਪਾਤ
2. ਸਾਧਨ ਸੰਪੰਨਤਾ ਦਾ ਭੌਤਿਕ ਮਾਤਰਾ ਅਨੁਪਾਤ

ਅਸੀ ਹੈਕਚਰ-ਉਹਲਿਨ ਮਾਡਲ ਦੀ ਵਿਆਖਿਆ ਇਨ੍ਹਾਂ ਦੋਨਾਂ ਮਾਪਦੰਡਾਂ ਦੇ ਅਧਾਰ ਤੇ ਕਰਾਂਗੇ।

**1. ਸਾਧਨ ਸੰਪੰਨਤਾ ਦਾ ਕੀਮਤ ਅਨੁਪਾਤ**

ਇਸ ਅਨੁਪਾਤ ਮੁਤਾਬਕ ਜਿਸ ਦੇਸ਼ ਵਿਚ ਪੂੰਜੀ ਸਾਪੇਖ ਰੂਪ ਤੋਂ ਸਸਤੀ ਅਤੇ ਕਿਰਤ ਸਾਪੇਖ ਰੂਪ ਤੋਂ ਮਹਿੰਗੀ ਹੋਵੇ ਤਾਂ ਉਸ ਨੂੰ ਪੂੰਜੀ ਸੰਪੰਨ ਦੇਸ਼ ਕਿਹਾ ਜਾਵੇਗਾ ਭਾਵੇਂ ਉਸ ਦੇਸ਼ ਵਿਚ ਪੂੰਜੀ ਦੀ ਮਾਤਰਾ ਸਾਪੇਖ ਰੂਪ ਤੋਂ ਘੱਟ ਹੀ ਕਿਉਂ ਨਾ ਹੋਵੇ। ਦੂਜੇ ਸਬਦਾਂ ਵਿਚ ਦੇਸ਼ A ਪੂੰਜੀ ਸੰਪੰਨ ਅਤੇ ਦੇਸ਼ B ਕਿਰਤ ਸੰਪੰਨ ਹੋਵੇਗਾ ਜੇਕਰ-


$$\left(\frac{PK}{PL}\right)A < \left(\frac{PK}{PL}\right)B$$

ਇੱਥੇ P= ਸਾਧਨ ਕੀਮਤ, K= ਪੂੰਜੀ ਸਾਧਨ, L= ਕਿਰਤ ਸਾਧਨ, A= ਦੇਸ਼ A, B= ਦੇਸ਼ B

$\left(\frac{PK}{PL}\right)A$ ਤੋਂ ਭਾਵ ਦੇਸ਼ A ਵਿਚ ਪੂੰਜੀ ਅਤੇ ਕਿਰਤ ਸਾਧਨ ਦੀ ਕੀਮਤ ਅਨੁਪਾਤ

$\left(\frac{PK}{PL}\right)B$ ਤੋਂ ਭਾਵ ਦੇਸ਼ B ਵਿਚ ਪੂੰਜੀ ਅਤੇ ਕਿਰਤ ਸਾਧਨ ਦੀ ਕੀਮਤ ਅਨੁਪਾਤ

ਇਸ ਲਈ ਦੇਸ਼ A ਇੱਕ ਪੂੰਜੀ ਸੰਪੰਨ ਦੇਸ਼ ਹੈ ਉਸ ਵਿਚ ਪੂੰਜੀ ਸਾਪੇਖ ਰੂਪ ਵਿਚ ਸਸਤੀ ਅਤੇ ਦੇਸ਼ B ਕਿਰਤ ਸੰਪੰਨ ਦੇਸ਼ ਹੈ ਕਿਉਂਕਿ ਉਸ ਵਿਚ ਕਿਰਤ ਸਾਪੇਖ ਰੂਪ ਵਿਚ ਸਸਤੀ ਹੈ। ਜੇਕਰ ਇਨ੍ਹਾਂ ਦੇਸ਼ਾਂ ਵਿਚ ਦੋ ਵਸਤਾਂ- ਵਸਤੂ L ਅਤੇ ਵਸਤੂ K- ਦਾ ਉਤਪਾਦਨ ਹੁੰਦਾ ਹੈ। ਇੱਥੇ ਵਸਤੂ K ਵਧੇਰੇ ਪੂੰਜੀ ਖਪਾਉ ਵਸਤੂ ਹੈ ਅਤੇ ਵਸਤੂ L ਵਧੇਰੇ ਕਿਰਤ ਖਪਾਉ ਵਸਤੂ ਹੈ। ਤਾਂ ਹੈਕਚਰ-ਓਹਲਿਨ ਸਿਧਾਂਤ ਅਨੁਸਾਰ, ਦੇਸ਼ A ਪੂੰਜੀ ਖਪਾਉ ਵਸਤੂ ਭਾਵ ਵਸਤੂ K ਦਾ ਉਤਪਾਦਨ ਅਤੇ ਨਿਰਯਾਤ ਕਰੇਗਾ । ਦੂਜੇ ਪਾਸੇ, ਦੇਸ਼ B ਕਿਰਤ ਖਪਾਉ ਵਸਤੂ ਭਾਵ ਵਸਤੂ L ਦਾ ਉਤਪਾਦਨ ਅਤੇ ਨਿਰਯਾਤ ਕਰੇਗਾ। ਇਸ ਮਾਡਲ ਦੀ ਵਿਆਖਿਆ ਹੇਠ ਲਿਖੇ ਰੇਖਾ-ਚਿੱਤਰ ਦੀ ਸਹਾਇਤਾ ਨਾਲ ਕੀਤੀ ਜਾ ਸਕਦੀ ਹੈ।




ਉਪਰੋਕਤ ਰੇਖਾ ਚਿੱਤਰ ਵਿਚ aa ਅਤੇ bb ਦੋ ਸਮ-ਉਤਪਾਦ ਵਕਰਾਂ ਹਨ। ਦੋਵੇਂ ਵਕਰਾਂ ਦੇਸ਼ A ਅਤੇ ਦੇਸ਼ B ਵਾਸਤੇ ਵਸਤੂ K ਅਤੇ ਵਸਤੂ L ਦੇ ਉਤਪਾਦਨ ਫਲਨ ਦੀ ਪ੍ਰਤੀਨਿਧਤਾ ਕਰਦੀ ਹੈ। ਇਹ ਦੋਵੇਂ ਸਮ-ਉਤਪਾਦ ਰੇਖਾਵਾਂ ਇਕ ਹੀ ਬਿੰਦੂ ਤੇ ਇਕ ਦੂਜੇ ਨੂੰ ਕੱਟਦੀਆਂ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਵਸਤਾਂ ਦੇ ਉਤਪਾਦਨ ਵਿਚ ਸਾਧਨ ਘਣਤਾ ਵਿਚ ਪਰਿਵਰਤਨ ਨਹੀਂ ਹੁੰਦਾ ਭਾਵ ਦੋਵਾਂ ਵਸਤਾਂ ਦੇ ਉਤਪਾਦਨ ਦੀ ਤਕਨੀਕ ਵੱਖਰੀ-ਵੱਖਰੀ ਹੈ, ਪਰ ਦੋਵੇ ਦੇਸ਼ਾਂ ਵਿੱਚ ਇੱਕ ਹੀ ਵਸਤੂ ਦੇ ਉਤਪਾਦਨ ਲਈ ਇੱਕੋ ਜਿਹੀ ਤਕਨੀਕ ਵਰਤੀ ਜਾਂਦੀ ਹੈ (ਮਾਡਲ ਦੀ ਗਿਆਰਵੀਂ ਮਾਨਤਾਂ)। ਰੇਖਾ ਚਿੱਤਰ ਵਿਚ ਦੇਸ਼ A ਦੀ ਸਮ-ਲਾਗਤ ਵਕਰ $P_0P_0$ ਅਤੇ $P_1P_1$ ਹੈ। ਇਹਨਾਂ ਵਕਰਾਂ ਦਾ ਝੁਕਾਅ ਵਧੇਰੇ OY ਰੇਖਾ ਵੱਲ ਹੈ ਜਿਸਤੋਂ ਪਤਾ ਚਲਦਾ ਹੈ ਕਿ ਦੇਸ਼ A ਪੂੰਜੀ ਸੰਪੰਨ ਦੇਸ਼ ਹੈ ਜਿੱਥੇ ਪੂੰਜੀ ਸਾਪੇਖ ਰੂਪ ਵਿਚ ਸਸਤੀ ਅਤੇ ਕਿਰਤ ਸਾਪੇਖ ਰੂਪ ਵਿਚ ਮਹਿੰਗੀ ਹੈ।ਇਸੇ ਤਰ੍ਹਾਂ ਦੇਸ਼ B ਦੀ ਸਮ-ਲਾਗਤ ਵਕਰ $P_3P_3$ ਅਤੇ $P_4P_4$ ਹੈ। ਜਿਹਨਾਂ ਦਾ ਝੁਕਾਅ ਵਧੇਰੇ OX ਰੇਖਾ ਵੱਲ ਹੈ ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਦੇਸ਼ B ਕਿਰਤ ਸੰਪੰਨ ਦੇਸ਼ ਹੈ ਜਿੱਥੇ ਕਿਰਤ ਸਾਪੇਖ ਰੂਪ ਵਿਚ ਸਸਤੀ ਅਤੇ ਪੂੰਜੀ ਸਾਪੇਖ ਰੂਪ ਵਿਚ ਮਹਿੰਗੀ ਹੈ।

ਇਸ ਰੇਖਾ ਚਿੱਤਰ ਤੋਂ ਸਾਫ ਹੁੰਦਾ ਹੈ ਕਿ ਬਿਦੂੰ H ਉੱਤੇ, ਜਿੱਥੇ ਦੇਸ਼ A ਵਿਚ ਵਸਤੂ K ਦੀ ਸਮ-ਲਾਗਤ ਰੇਖਾ $P_1P_1$ ਵਸਤੂ K ਦੀ ਸਮ-ਉਤਪਾਦ ਵਕਰ bb ਨੂੰ ਸਪਰਸ਼ ਕਰਦੀ ਹੈ, ਵਸਤੂ K ਦੀ ਦਿੱਤੀ ਮਾਤਰਾ ਪੈਦਾ ਕਰਨ ਦੀ ਲਾਗਤ = HD ਪੂੰਜੀ ਦੀ ਮਾਤਰਾ + HF ਕਿਰਤ ਦੀ ਮਾਤਰਾ ਹੈ।ਦੂਜੇ ਪਾਸੇ, ਦੇਸ਼ A ਦੀ ਵਸਤੂ L ਦੀ ਸਮ-ਲਾਗਤ ਰੇਖਾ $P_0P_0$ ਵਸਤੂ L ਦੀ ਸਮ-ਉਤਪਾਦ ਵਕਰ aa ਨੂੰ ਬਿਦੂੰ J ਤੇ ਸਪਰਸ਼ ਕਰਦੀ ਹੈ, ਇਸ ਲਈ ਬਿਦੂੰ J ਤੇ ਵਸਤੂ L ਦੀ ਦਿੱਤੀ ਮਾਤਰਾ ਪੈਦਾ ਕਰਨ ਦੀ ਲਾਗਤ= JE ਪੂੰਜੀ ਦੀ ਮਾਤਰਾ (ਜਾਂ HD ਪੂੰਜੀ ਦੀ ਮਾਤਰਾ)+ JF ਕਿਰਤ ਦੀ ਮਾਤਰਾ ਹੈ।ਇਸ ਲਈ ਦੇਸ਼ A ਵਿਚ ਵਸਤੂ K ਅਤੇ ਵਸਤੂ L ਦੀ ਪੂੰਜੀ ਲਾਗਤ ਬਰਾਬਰ ਹੈ ਪਰ ਵਸਤੂ L ਦੀ ਕਿਰਤ ਲਾਗਤ (JF ਕਿਰਤ) ਵਸਤੂ K ਦੀ ਕਿਰਤ ਲਾਗਤ (HF ਕਿਰਤ) ਤੋਂ HJ ਕਿਰਤ ਵਧੇਰੇ ਹੈ। ਇਸ ਤੋਂ ਸਾਫ ਹੁੰਦਾ ਹੈ ਕਿ ਦੇਸ਼ A ਵਸਤੂ K (ਪੂੰਜੀ ਖਪਾਉ ਵਸਤੂ) ਦਾ ਉਤਪਾਦਨ ਤੁਲਨਾਤਮਿਕ ਰੂਪ ਵਿਚ ਘੱਟ ਲਾਗਤ ਤੇ ਕਰ ਸਕਦਾ ਹੈ। ਇਸ ਲਈ ਦੇਸ਼ A (ਪੂੰਜੀ ਸੰਪੰਨ ਦੇਸ਼) ਵਧੇਰੇ ਪੂੰਜੀ ਖਪਾਉ ਵਸਤੂ K ਦੇ ਉਤਪਾਦਨ ਵਿਚ ਮੁਹਾਰਤ ਹਾਸਲ ਕਰੇਗਾ ਅਤੇ ਉਸਦਾ ਨਿਰਯਾਤ ਕਰੇਗਾ।

ਇਸੇ ਤਰ੍ਹਾਂ ਦੇਸ਼ B ਦੀ ਸਮ-ਲਾਗਤ ਰੇਖਾ $P_3P_3$ ਵਸਤੂ K ਦੀ ਸਮ-ਉਤਪਾਦ ਵਕਰ bb ਨੂੰ ਬਿਦੂੰ R ਤੇ ਸਪਰਸ਼ ਕਰਦੀ ਹੈ, ਇਸ ਬਿਦੂੰ ਤੇ ਵਸਤੂ K ਦੀ ਦਿੱਤੀ ਮਾਤਰਾ ਪੈਦਾ ਕਰਨ ਦੀ ਲਾਗਤ = GR ਪੂੰਜੀ ਦੀ ਮਾਤਰਾ + NR ਕਿਰਤ ਦੀ ਮਾਤਰਾ ਹੈ। ਦੂਜੇ ਪਾਸੇ, ਦੇਸ਼ B ਦੀ ਸਮ-ਲਾਗਤ ਰੇਖਾ $P_4P_4$ ਵਸਤੂ L ਦੀ ਸਮ-ਉਤਪਾਦ ਵਕਰ aa ਨੂੰ ਬਿਦੂੰ M ਤੇ ਸਪਰਸ਼ ਕਰਦੀ ਹੈ, ਇਸ ਲਈ ਬਿਦੂੰ M ਤੇ ਵਸਤੂ L ਦੀ ਦਿੱਤੀ ਮਾਤਰਾ ਪੈਦਾ ਕਰਨ ਦੀ ਲਾਗਤ= GM ਪੂੰਜੀ ਦੀ ਮਾਤਰਾ + TM ਕਿਰਤ ਦੀ ਮਾਤਰਾ (ਜਾਂ NR ਕਿਰਤ ਦੀ ਮਾਤਰਾ) ਹੈ। ਇਸ ਲਈ ਦੇਸ਼ B ਵਿਚ ਵਸਤੂ K ਅਤੇ ਵਸਤੂ L ਦੀ ਕਿਰਤ ਲਾਗਤ ਬਰਾਬਰ ਹੈ ਪਰ ਵਸਤੂ K ਦੀ ਪੂੰਜੀ ਲਾਗਤ (GR ਪੂੰਜੀ) ਵਸਤੂ L ਦੀ ਪੂੰਜੀ ਲਾਗਤ (GM ਪੂੰਜੀ) ਤੋਂ RM ਪੂੰਜੀ ਵਧੇਰੇ ਹੈ। ਇਸ ਤੋਂ ਸਾਫ ਹੁੰਦਾ ਹੈ ਕਿ ਦੇਸ਼ B ਵਸਤੂ L (ਕਿਰਤ ਖਪਾਉ ਵਸਤੂ) ਦਾ ਉਤਪਾਦਨ ਤੁਲਨਾਤਮਿਕ ਰੂਪ ਵਿਚ ਘੱਟ ਲਾਗਤ ਤੇ ਕਰ ਸਕਦਾ ਹੈ। ਇਸ ਲਈ ਦੇਸ਼ B (ਕਿਰਤ ਸੰਪੰਨ ਦੇਸ਼) ਵਧੇਰੇ ਕਿਰਤ ਖਪਾਉ ਵਸਤੂ L ਦੇ ਉਤਪਾਦਨ ਵਿਚ ਮੁਹਾਰਤ ਹਾਸਲ ਕਰੇਗਾ ਅਤੇ ਉਸਦਾ ਨਿਰਯਾਤ ਕਰੇਗਾ।

**2. ਸਾਧਨ ਸੰਪੰਨਤਾ ਦਾ ਭੌਤਿਕ ਮਾਤਰਾ ਅਨੁਪਾਤ**

ਇਸ ਅਨੁਪਾਤ ਮੁਤਾਬਕ ਜਿਸ ਦੇਸ਼ ਵਿਚ ਪੂੰਜੀ ਦੀ ਭੌਤਿਕ ਮਾਤਰਾ, ਕਿਰਤ ਦੀ ਭੌਤਿਕ ਮਾਤਰਾ ਦੇ ਮੁਕਾਬਲੇ ਜ਼ਿਆਦਾ ਹੋਵੇ ਉਸ ਦੇਸ਼ ਨੂੰ ਪੂੰਜੀ ਸੰਪੰਨ ਦੇਸ਼ ਕਿਹਾ ਜਾਵੇਗਾ ਇਸਦੇ ਉਲਟ, ਜਿਸ ਦੇਸ਼ ਵਿਚ ਪੂੰਜੀ

ਦੀ ਭੌਤਿਕ ਮਾਤਰਾ, ਕਿਰਤ ਦੀ ਭੌਤਿਕ ਮਾਤਰਾ ਦੇ ਮੁਕਾਬਲੇ ਘੱਟ ਹੋਵੇ ਉਸ ਦੇਸ਼ ਨੂੰ ਕਿਰਤ ਸੰਪੰਨ ਦੇਸ਼ ਕਿਹਾ ਜਾਵੇਗਾ। ਦੂਜੇ ਸਬਦਾਂ ਵਿਚ ਦੇਸ਼ A ਪੂੰਜੀ ਸੰਪੰਨ ਅਤੇ ਦੇਸ਼ B ਕਿਰਤ ਸੰਪੰਨ ਹੋਵੇਗਾ ਜੇਕਰ-

$$\left(\frac{QK}{QL}\right)A > \left(\frac{QK}{QL}\right)B$$

ਇੱਥੇ Q= ਸਾਧਨ ਮਾਤਰਾ, K= ਪੂੰਜੀ ਸਾਧਨ, L= ਕਿਰਤ ਸਾਧਨ, A= ਦੇਸ਼ A, B= ਦੇਸ਼ B

$\left(\frac{QK}{QL}\right)A$ ਤੋਂ ਭਾਵ ਦੇਸ਼ A ਵਿਚ ਪੂੰਜੀ ਅਤੇ ਕਿਰਤ ਸਾਧਨ ਦੀ ਭੌਤਿਕ ਮਾਤਰਾ ਦਾ ਅਨੁਪਾਤ

$\left(\frac{QK}{QL}\right)B$ ਤੋਂ ਭਾਵ ਦੇਸ਼ B ਵਿਚ ਪੂੰਜੀ ਅਤੇ ਕਿਰਤ ਸਾਧਨ ਦੀ ਭੌਤਿਕ ਮਾਤਰਾ ਦਾ ਅਨੁਪਾਤ

ਇਸ ਲਈ ਦੇਸ਼ A ਇੱਕ ਪੂੰਜੀ ਸੰਪੰਨ ਦੇਸ਼ ਹੈ ਕਿਉਂਕਿ ਉਸ ਕੋਲ ਪੂੰਜੀ ਦੀ ਭੌਤਿਕ ਮਾਤਰਾ, ਕਿਰਤ ਦੀ ਭੌਤਿਕ ਮਾਤਰਾ ਦੇ ਮੁਕਾਬਲੇ ਜ਼ਿਆਦਾ ਹੈ। ਇਸਦੇ ਉਲਟ, ਦੇਸ਼ B ਇੱਕ ਕਿਰਤ ਸੰਪੰਨ ਦੇਸ਼ ਹੈ ਕਿਉਂਕਿ ਉਸ ਕੋਲ ਪੂੰਜੀ ਦੀ ਭੌਤਿਕ ਮਾਤਰਾ, ਕਿਰਤ ਦੀ ਭੌਤਿਕ ਮਾਤਰਾ ਦੇ ਮੁਕਾਬਲੇ ਘੱਟ ਹੈ ।

ਹੈਕਚਰ-ਉਹਲਿਨ ਮਾਡਲ ਅਨੁਸਾਰ ਪੂੰਜੀ ਸੰਪੰਨ ਦੇਸ਼ ਵਧੇਰੇ ਪੂੰਜੀ ਖਪਾਉ ਵਸਤੂ ਅਤੇ ਕਿਰਤ ਸੰਪੰਨ ਦੇਸ਼ ਵਧੇਰੇ ਕਿਰਤ ਖਪਾਉ ਵਸਤੂ ਦਾ ਉਤਪਾਦਨ ਕਰਦਾ ਹੈ। ਹੇਠਲਾ ਰੇਖਾ-ਚਿੱਤਰ ਇਸ ਤੱਤ ਨੂੰ ਸਿੱਧ ਕਰਦਾ ਹੈ-





Figure 2

ਉਪਰੋਕਤ ਰੇਖਾ ਚਿੱਤਰ ਵਿਚ AB ਵਕਰ ਦੇਸ਼ A ਦੀ ਅਤੇ CD ਵਕਰ ਦੇਸ਼ B ਦੀ ਸੰਭਾਵੀ ਉਤਪਾਦਨ ਵਕਰ ਹੈ। ਜੇਕਰ ਦੋਵੇ ਦੇਸ਼ ਦੋਵੇ ਵਸਤੂਆਂ ਇਕ ਹੀ ਅਨੁਪਾਤ ਵਿਚ ਪੈਦਾ (ਰੇਖਾ OR ਦੇ ਨਾਲ-ਨਾਲ) ਕਰਨ ਤਾਂ ਦੇਸ਼ A ਬਿਦੂੰ $Q_1$ ਤੇ ਅਤੇ ਦੇਸ਼ B ਬਿਦੂੰ $Q_2$ ਤੇ ਉਤਪਾਦਨ ਕਰੇਗਾ। AB ਵਕਰ ਦੀ ਬਿਦੂੰ $Q_1$ ਉੱਤੇ ਢਲਾਨ CD ਵਕਰ ਦੀ ਬਿਦੂੰ $Q_2$ ਉੱਤੇ ਢਲਾਨ ਦੀ ਤੁਲਨਾ ਵਿਚ ਜ਼ਿਆਦਾ ਹੈ। ਇਸੇ ਤਰ੍ਹਾਂ ਦੇਸ਼ A ਦੀ ਸਮ-ਲਾਗਤ ਰੇਖਾ $P_1P_1$ ਦੀ ਢਲਾਨ ਦੇਸ਼ B ਦੀ ਸਮ-ਲਾਗਤ ਰੇਖਾ $P_2P_2$ ਤੋਂ ਜ਼ਿਆਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਦੇਸ਼ A ਵਿਚ ਸਟੀਲ (ਪੂੰਜੀ ਖਪਾਉ ਵਸਤੂ) ਦੀ ਕੀਮਤ ਦੇਸ਼ B ਨਾਲੋਂ ਘੱਟ ਹੈ ਅਤੇ ਦੇਸ਼ B ਵਿਚ ਕੱਪੜੇ (ਕਿਰਤ ਖਪਾਉ ਵਸਤੂ) ਦੀ ਕੀਮਤ ਦੇਸ਼ A ਨਾਲੋਂ ਘੱਟ ਹੈ। ਸਪਸ਼ਟ ਹੈ ਕਿ ਦੇਸ਼ A ਸਟੀਲ ਦੇ ਉਤਪਾਦਨ ਨੂੰ ਅਤੇ ਦੇਸ਼ B ਕੱਪੜੇ ਦੇ ਉਤਪਾਦਨ ਨੂੰ ਤਰਜ਼ੀਹ ਦੇਵੇਗਾ। ਅਰਥਾਤ ਪੂੰਜੀ ਸੰਪੰਨ ਦੇਸ਼ ਵਧੇਰੇ ਪੂੰਜੀ ਖਪਾਉ ਵਸਤੂ ਅਤੇ ਕਿਰਤ ਸੰਪੰਨ ਦੇਸ਼ ਵਧੇਰੇ ਕਿਰਤ ਖਪਾਉ ਵਸਤੂ ਦੇ ਉਤਪਾਦਨ ਤਰਜ਼ੀਹ ਦੇਵੇਗਾ। ਉਪਰੋਕਤ ਵਿਸ਼ਲੇਸ਼ਣ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਕਿਹੜਾ ਦੇਸ਼ ਕਿਸ ਵਸਤੂ ਦਾ ਨਿਰਯਾਤ ਕਰੇਗਾ, ਇਹ ਦੋਵੇ ਦੇਸ਼ਾਂ ਦੇ ਮੰਗ ਪੈਟਰਨ ਤੇ ਨਿਰਭਰ ਕਰਦਾ ਹੈ। ਇਥੇ ਦੋ ਸੰਭਾਵਨਾਵਾਂ ਹੋ ਸਕਦੀਆਂ ਹਨ-

1. ਜੇਕਰ ਦੇਸ਼ A ਵਿਚ ਸਟੀਲ ਦੀ ਮੰਗ ਉਸ ਦੇ ਉਤਪਾਦਨ ਤੋਂ ਘੱਟ ਅਤੇ ਕੱਪੜੇ ਦੀ ਮੰਗ ਉਸ ਦੇ ਉਤਪਾਦਨ ਤੋਂ ਜ਼ਿਆਦਾ ਹੈ ਤਾਂ ਦੇਸ਼ A ਸਟੀਲ ਦਾ ਨਿਰਯਾਤ ਅਤੇ ਕੱਪੜੇ ਦਾ ਅਯਾਤ ਕਰੇਗਾ। ਇਸੇ ਤਰ੍ਹਾਂ ਜੇ

ਦੇਸ਼ B ਵਿਚ ਕੱਪੜੇ ਦੀ ਮੰਗ ਉਸ ਦੇ ਉਤਪਾਦਨ ਤੋਂ ਘੱਟ ਅਤੇ ਸਟੀਲ ਦੀ ਮੰਗ ਉਸ ਦੇ ਉਤਪਾਦਨ ਤੋਂ ਜ਼ਿਆਦਾ ਹੈ ਤਾਂ ਦੇਸ਼ B ਕੱਪੜੇ ਦਾ ਨਿਰਯਾਤ ਅਤੇ ਸਟੀਲ ਦਾ ਅਯਾਤ ਕਰੇਗਾ। ਇਸ ਸਥਿਤੀ ਵਿਚ ਦੋਵੇ ਦੇਸ਼ ਆਪਸੀ ਵਪਾਰ ਹੈਕਚਰ-ਉਹਲਿਨ ਮਾਡਲ ਅਨੁਸਾਰ ਕਰਨਗੇ।

2. ਜੇਕਰ ਦੇਸ਼ A ਵਿਚ ਸਟੀਲ ਦੀ ਮੰਗ ਉਸ ਦੇ ਉਤਪਾਦਨ ਤੋਂ ਜ਼ਿਆਦਾ ਅਤੇ ਕੱਪੜੇ ਦੀ ਮੰਗ ਉਸ ਦੇ ਉਤਪਾਦਨ ਤੋਂ ਘੱਟ ਹੈ ਤਾਂ ਦੇਸ਼ A ਸਟੀਲ ਦਾ ਅਯਾਤ ਅਤੇ ਕੱਪੜੇ ਦਾ ਨਿਰਯਾਤ ਕਰੇਗਾ। ਇਸੇ ਤਰ੍ਹਾਂ ਜੇ ਦੇਸ਼ B ਵਿਚ ਕੱਪੜੇ ਦੀ ਮੰਗ ਉਸ ਦੇ ਉਤਪਾਦਨ ਤੋਂ ਜ਼ਿਆਦਾ ਅਤੇ ਸਟੀਲ ਦੀ ਮੰਗ ਉਸ ਦੇ ਉਤਪਾਦਨ ਤੋਂ ਘੱਟ ਹੈ ਤਾਂ ਦੇਸ਼ B ਕੱਪੜੇ ਦਾ ਅਯਾਤ ਅਤੇ ਸਟੀਲ ਦਾ ਨਿਰਯਾਤ ਕਰੇਗਾ। ਇਸ ਸਥਿਤੀ ਵਿਚ ਦੋਵੇ ਦੇਸ਼ ਆਪਸੀ ਵਪਾਰ ਹੈਕਚਰ-ਉਹਲਿਨ ਮਾਡਲ ਅਨੁਸਾਰ ਨਹੀਂ ਕਰਨਗੇ।

ਪਹਿਲੀ ਸੰਭਾਵਨਾ ਨੂੰ ਹੇਠਲੇ ਰੇਖਾ-ਚਿੱਤਰ ਰਾਹੀਂ ਸਪਸ਼ਟ ਕੀਤਾ ਗਿਆ ਹੈ।






Figure 3

ਉਪਰੋਕਤ ਰੇਖਾ ਚਿੱਤਰ ਵਿਚ aa ਵਕਰ ਦੇਸ਼ A ਦੀ ਅਤੇ bb ਵਕਰ ਦੇਸ਼ B ਦੀ ਸੰਭਾਵੀ ਉਤਪਾਦਨ ਵਕਰ ਹੈ। PP ਰੇਖਾ ਅੰਤਰਰਾਸ਼ਟਰੀ ਵਸਤੂ-ਕੀਮਤ ਰੇਖਾ ਹੈ। ਉਦਾਸੀਨ ਵਕਰ $IC_A$ ਅਤੇ $IC_B$ ਕ੍ਰਮਵਾਰ ਦੇਸ਼ A ਅਤੇ ਦੇਸ਼ B ਦੇ ਮੰਗ ਪੈਟਰਨ ਨੂੰ ਦਰਸਾਉਂਦੇ ਹਨ। ਬਿਦੂੰ $\mathbf{E_a}$ ਅਤੇ ਬਿਦੂੰ $\mathbf{E_b}$ ਕ੍ਰਮਵਾਰ ਦੇਸ਼ A ਅਤੇ ਦੇਸ਼ B ਦੇ ਉਤਪਾਦਨ ਬਿਦੂੰ ਹਨ ਜਿਥੇ ਅੰਤਰਰਾਸ਼ਟਰੀ ਵਸਤੂ-ਕੀਮਤ ਰੇਖਾ PP ਕ੍ਰਮਵਾਰ ਦੇਸ਼ A ਦੀ ਸੰਭਾਵੀ

ਉਤਪਾਦਨ ਵਕਰ aa ਅਤੇ ਦੇਸ਼ B ਦੀ ਸੰਭਾਵੀ ਉਤਪਾਦਨ ਵਕਰ bb ਸਪਰਸ਼ ਕਰਦੀ ਹੈ। ਬਿਦੂੰ $C_a$ ਅਤੇ ਬਿਦੂੰ $C_b$ ਕ੍ਰਮਵਾਰ ਦੇਸ਼ A ਅਤੇ ਦੇਸ਼ B ਦੇ ਉਪਭੋਗ ਬਿਦੂੰ ਹਨ। ਇਥੇ ਬਿਦੂੰ $C_a$, ਬਿਦੂੰ **$E_a$ ਦੇ ਸੱਜੇ ਹੱਥ ਹੈ ਭਾਵ** ਦੇਸ਼ A ਵਿਚ ਸਟੀਲ ਦੀ ਮੰਗ ਉਸ ਦੇ ਉਤਪਾਦਨ ਤੋਂ ਘੱਟ ਅਤੇ ਕੱਪੜੇ ਦੀ ਮੰਗ ਉਸ ਦੇ ਉਤਪਾਦਨ ਤੋਂ ਜ਼ਿਆਦਾ ਹੈ। ਇਸ ਲਈ ਦੇਸ਼ A ਸਟੀਲ ਦੀ **$E_aR$** ਮਾਤਰਾ ਦਾ ਨਿਰਯਾਤ ਅਤੇ ਕੱਪੜੇ ਦੀ **$C_aR$** ਮਾਤਰਾ ਦਾ ਅਯਾਤ ਕਰਨਾ ਚਾਹੇਗਾ। ਪਰ ਬਿਦੂੰ $C_b$, ਬਿਦੂੰ **$E_b$ ਦੇ ਖੱਬੇ ਹੱਥ ਹੈ ਭਾਵ** ਦੇਸ਼ B ਵਿਚ ਕੱਪੜੇ ਦੀ ਮੰਗ ਉਸ ਦੇ ਉਤਪਾਦਨ ਤੋਂ ਘੱਟ ਅਤੇ ਸਟੀਲ ਦੀ ਮੰਗ ਉਸ ਦੇ ਉਤਪਾਦਨ ਤੋਂ ਜ਼ਿਆਦਾ ਹੈ। ਇਸ ਲਈ ਦੇਸ਼ B ਦਾ ਕੱਪੜੇ ਦੀ **$E_bT$ ਮਾਤਰਾ** ਦਾ ਨਿਰਯਾਤ ਅਤੇ ਸਟੀਲ ਦੀ **$C_bT$ ਮਾਤਰਾ** ਅਯਾਤ ਕਰਨਾ ਚਾਹੇਗਾ। ਇਸ ਤਰ੍ਹਾਂ ਇਸ ਸਥਿਤੀ ਵਿਚ ਦੋਵੇ ਦੇਸ਼ ਆਪਸੀ ਵਪਾਰ ਹੈਕਚਰ-ਉਹਲਿਨ ਮਾਡਲ ਅਨੁਸਾਰ ਕਰਨਗੇ।

ਦੂਜੀ ਸੰਭਾਵਨਾ, ਜੇਕਰ ਦੇਸ਼ A ਵਿਚ ਸਟੀਲ ਦੀ ਮੰਗ ਉਸ ਦੇ ਉਤਪਾਦਨ ਤੋਂ ਜ਼ਿਆਦਾ ਅਤੇ ਕੱਪੜੇ ਦੀ ਮੰਗ ਉਸ ਦੇ ਉਤਪਾਦਨ ਤੋਂ ਘੱਟ ਹੋਵੇ ਅਤੇ ਦੇਸ਼ B ਵਿਚ ਕੱਪੜੇ ਦੀ ਮੰਗ ਉਸ ਦੇ ਉਤਪਾਦਨ ਤੋਂ ਜ਼ਿਆਦਾ ਅਤੇ ਸਟੀਲ ਦੀ ਮੰਗ ਉਸ ਦੇ ਉਤਪਾਦਨ ਤੋਂ ਘੱਟ ਹੋਵੇ, ਨੂੰ ਹੇਠਲੇ ਰੇਖਾ-ਚਿੱਤਰ ਰਾਹੀਂ ਸਪਸ਼ਟ ਕੀਤਾ ਗਿਆ ਹੈ।




Cloth (Capital Intensive Good)

Figure 4

ਇਸ ਰੇਖਾ ਚਿੱਤਰ ਵਿਚ ਬਿਦੂੰ $E_a$ ਅਤੇ ਬਿਦੂੰ $C_a$ ਕ੍ਰਮਵਾਰ ਦੇਸ਼ A ਦੇ ਉਤਪਾਦਨ ਬਿਦੂੰ ਅਤੇ ਉਪਭੋਗ ਬਿਦੂੰ ਹਨ। ਬਿਦੂੰ $C_a$, ਬਿਦੂੰ **$E_a$ ਦੇ ਖੱਬੇ ਹੱਥ ਹੈ ਭਾਵ** ਦੇਸ਼ A ਵਿਚ ਸਟੀਲ ਦੀ ਮੰਗ ਉਸ ਦੇ ਉਤਪਾਦਨ ਤੋਂ ਜ਼ਿਆਦਾ ਅਤੇ ਕੱਪੜੇ ਦੀ ਮੰਗ ਉਸ ਦੇ ਉਤਪਾਦਨ ਤੋਂ ਘੱਟ ਹੈ। ਇਸ ਲਈ ਦੇਸ਼ A ਸਟੀਲ ਦੀ **$C_aR$** ਮਾਤਰਾ ਦਾ ਅਯਾਤ ਅਤੇ ਕੱਪੜੇ ਦੀ **$E_aR$** ਮਾਤਰਾ ਦਾ ਨਿਰਯਾਤ ਕਰਨਾ ਚਾਹੇਗਾ।ਉਸੇ ਤਰ੍ਹਾਂ, ਜੇ ਬਿਦੂੰ $E_b$ ਅਤੇ ਬਿਦੂੰ $C_b$ ਕ੍ਰਮਵਾਰ ਦੇਸ਼ B ਦੇ ਉਤਪਾਦਨ ਬਿਦੂੰ ਅਤੇ ਉਪਭੋਗ ਬਿਦੂੰ ਹਨ, ਤਾਂ ਬਿਦੂੰ $C_b$, ਬਿਦੂੰ **$E_b$ ਦੇ ਸੱਜੇ ਹੱਥ ਹੈ ਭਾਵ** ਦੇਸ਼ B ਵਿਚ ਕੱਪੜੇ ਦੀ ਮੰਗ ਉਸ ਦੇ ਉਤਪਾਦਨ ਤੋਂ ਜ਼ਿਆਦਾ ਅਤੇ ਸਟੀਲ ਦੀ ਮੰਗ ਉਸ ਦੇ ਉਤਪਾਦਨ ਤੋਂ ਘੱਟ ਹੈ। ਇਸ ਲਈ ਦੇਸ਼ B ਦਾ ਕੱਪੜੇ ਦੀ **$C_bT$ ਮਾਤਰਾ** ਦਾ ਅਯਾਤ ਅਤੇ ਸਟੀਲ ਦੀ **$E_bT$ ਮਾਤਰਾ** ਨਿਰਯਾਤ ਕਰਨਾ ਚਾਹੇਗਾ। ਇਸ ਤਰ੍ਹਾਂ ਇਸ ਸਥਿਤੀ ਵਿਚ ਦੋਵੇ ਦੇਸ਼ ਆਪਸੀ ਵਪਾਰ ਹੈਕਚਰ-ਉਹਲਿਨ ਮਾਡਲ ਅਨੁਸਾਰ ਨਹੀਂ ਕਰਨਗੇ।

**ਆਲੌਚਨਾਵਾਂ**

ਹੈਕਚਰ-ਉਹਲਿਨ ਸਿਧਾਂਤ ਦੀ ਅੰਤਰਰਾਸ਼ਟਰੀ ਵਪਾਰ ਸਿਧਾਂਤਾਂ ਵਿਚ ਇਕ ਮਹੱਤਵਪੂਰਨ ਸਥਾਨ ਹੈ। ਪਰ ਕੁਝ ਅਰਥਸਾਸ਼ਤਰੀਆਂ ਨੇ ਇਸ ਸਿਧਾਤ ਦੀ ਹੇਠ ਲਿਖੇ ਅਨੁਸਾਰ ਆਲੋਚਨਾ ਕੀਤੀ ਹੈ-

1. ਗਤੀਹੀਨ ਵਿਸਲੇਸ਼ਣ- ਹੈਕਚਰ ਉਹਲਿਨ ਮਾਡਲ ਅੰਤਰਰਾਸ਼ਟਰੀ ਵਪਾਰ ਦਾ ਅਧਿਐਨ ਗਤੀਹੀਨ ਹਾਲਤਾਂ ਵਿਚ ਕਰਦਾ ਹੈ। ਜੋ ਅਜੋਕੇ ਸਮੇਂ ਦੇ ਗਤੀਸੀਲ ਯੁੱਗ ਵਿਚ ਸਹੀ ਨਹੀਂ ਢੁੱਕਦਾ।

2 ਸਮਰੂਪੀ ਉਤਪਾਦਨ ਫਲਨ- ਹੈਕਚਰ ਉਹਲਿਨ ਮਾਡਲ ਦਾ ਇਹ ਮੰਨਣਾ ਹੈ ਕਿ ਦੋਵਾਂ ਦੇਸਾਂ ਵਿਚ ਸਮਰੂਪ ਵਸਤੂ ਦੇ ਉਦਯੋਗ ਦੇ ਉਤਪਾਦਨ ਫਲਨ ਸਮਰੂਪ ਹੁੰਦੇ ਹਨ, ਪਰ ਵਿਕਾਸਸੀਲ ਅਤੇ ਵਿਕਸਿਤ ਦੇਸਾਂ ਵਿਚ ਵਸਤੂ ਦੇ ਉਤਪਾਦਨ ਲਈ ਵਰਤੀ ਜਾਣ ਵਾਲੀ ਤਕਨੀਕ ਵਿਚ ਅੰਤਰ ਪਾਇਆ ਜਾਂਦਾ ਹੈ।

3 ਮੰਗ ਘਣਤਾ- ਹੈਕਚਰ ਉਹਲਿਨ ਮਾਡਲ ਦੇ ਅਨੁਸਾਰ ਪੂੰਜੀ ਸੰਪੰਨ ਦੇਸ਼ ਵਧੇਰੇ ਪੂੰਜੀ ਖਪਾਉ ਵਸਤੂ ਅਤੇ ਕਿਰਤ ਸੰਪੰਨ ਦੇਸ਼ ਵਧੇਰੇ ਕਿਰਤ ਖਪਾਉ ਵਸਤੂ ਦਾ ਉਤਪਾਦਨ ਅਤੇ ਨਿਰਯਾਤ ਕਰਦੇ ਹਨ। ਪਰ ਇਸ ਵਿਚ ਮੰਗ ਪੈਟਰਨ ਬਾਰੇ ਕੁਝ ਨਹੀ ਦੱਸਿਆ ਗਿਆ, ਜੇਕਰ ਪੂੰਜੀ ਸੰਪੰਨ ਦੇਸ਼ਾਂ ਦਾ ਮੰਗ ਪੈਟਰਨ ਪੂੰਜੀ ਖਪਾਉ ਵਸਤੂ ਵਲ ਅਤੇ ਕਿਰਤ ਸੰਪੰਨ ਦੇਸ਼ਾਂ ਦਾ ਮੰਗ ਪੈਟਰਨ ਕਿਰਤ ਖਪਾਉ ਵਸਤੂ ਵਲ ਹੋਵੇ ਤਾਂ ਹੈਕਚਰ ਉਹਲਿਨ ਥਿਊਰਮ ਲਾਗੂ ਨਹੀ ਹੁੰਦੀ।

4 ਲਿਉਂਨਟਿਫ ਦਾ ਵਿਰੋਧਾਭਾਸ- ਨੋਬਲ ਪੁਰਸਕਾਰ ਵਿਜੇਤਾ ਅਰਥਸਾਸਤਰੀ ਨੇ ਅਮਰੀਕਾ ਦੇ ਆਯਾਤ ਅਤੇ ਨਿਰਯਾਤ ਸੰਬੰਧੀ ਅੰਕੜਿਆਂ ਦੀ ਸਹਾਇਤਾ ਨਾਲ ਇਹ ਸਿੱਧ ਕੀਤਾ ਹੈ ਕਿ ਹੈਕਚਰ ਉਹਲਿਨ ਸਿਧਾਂਤ ਦਾ ਸਿੱਟਾ ਗਲਤ ਹੈ ਕਿ ਪੂੰਜੀ ਸੰਪੰਨ ਦੇਸ਼ ਵਧੇਰੇ ਪੂੰਜੀ ਖਪਾਉ ਵਸਤੂ ਅਤੇ ਕਿਰਤ ਸੰਪੰਨ ਦੇਸ਼ ਵਧੇਰੇ ਕਿਰਤ

ਖਪਾਉ ਵਸਤੂ ਦਾ ਉਤਪਾਦਨ ਅਤੇ ਨਿਰਯਾਤ ਕਰਦੇ ਹਨ। ਇਸ ਨੂੰ ਲਿਊਨਟਿਫ ਵਿਰੋਧਾਭਾਸ ਕਿਹਾ ਜਾਂਦਾ ਹੈ।

5 ਅੰਸਿਕ ਸੰਤੁਲਨ ਵਿਸਲੇਸਣ- ਹੈਬਰਲਰ ਨੇ ਇਸ ਸਿਧਾਂਤ ਦੀ ਅਲੋਚਨਾ ਕਰਦਿਆਂ ਹੋਇਆ ਕਿਹਾ ਹੈ ਕਿ ਉਹਲਿਨ ਦਾ ਸਿਧਾਂਤ ਸੰਤੁਲਨ ਪ੍ਰਣਾਲੀ ਨੂੰ ਵਿਕਸਿਤ ਕਰਨ ਵਿਚ ਅਸਫਲ ਰਿਹਾ ਹੈ। ਇਹ ਤਾਂ ਸਿਰਫ ਅੰਸਿਕ ਸੰਤੁਲਨ ਵਿਸਲੇਸ਼ਣ ਹੈ।

6 ਅਵਾਸਤਵਿਕ ਮਾਨਤਾਵਾਂ- ਪੂਰਨ ਮੁਕਾਬਲਾ, ਮੁਕਤ ਵਪਾਰ, ਆਵਾਜਾਈ ਅਤੇ ਢੋਆ-ਢੁਆਈ ਲਾਗਤਾਂ ਦਾ ਨਾ ਹੋਣਾ, ਸਮਰੂਪੀ ਉਤਪਾਦਨ ਫਲਨ ਆਦਿ ਕੁਝ ਅਜਿਹੀਆਂ ਮਾਨਤਾਵਾਂ ਹਨ ਜੋ ਕਿ ਅਸਲ ਸੰਸਾਰ ਵਿਚ ਸੰਭਵ ਨਹੀ ਹੋ ਸਕਦੀਆਂ

7 ਸਾਧਨਾਂ ਦੀਆਂ ਇਕਾਈਆਂ ਦੀ ਇਕਸਾਰਤਾ- ਜੈਕੋਬ ਵਾਈਨਰ ਆਦਿ ਅਰਥਸਾਸਤਰੀਆਂ ਅਨੁਸਾਰ ਹੈਕਚਰ ਉਹਲਿਨ ਮਾਡਲ ਦੀ ਇਹ ਮੰਨਤਾ ਸਹੀ ਨਹੀਂ ਹੈ ਕਿ ਸਾਧਨ ਦੀਆਂ ਵੱਖ-ਵੱਖ ਇਕਾਈਆਂ ਦੀ ਕਾਰਜ ਕੁਸਲਤਾ ਸਮਰੂਪ ਹੁੰਦੀ ਹੈ। ਵਾਸਤਵ ਵਿਚ ਵੱਖਵੱਖ ਦੇਸਾਂ ਵਿਚ ਕਿਰਤ ਦੀਆਂ ਵੱਖ ਵੱਖ ਇਕਾਈਆਂ ਕਲਾਤਮਕ ਤੌਰ ਤੇ ਇਕੋ ਜਿਹੀਆਂ ਨਹੀਂ ਹੋ ਸਕਦੀਆਂ ।

8 ਸਾਧਨ-ਘਣਤਾ ਦਾ ਉਲਟ ਹੋਣਾ- ਇਸ ਮਾਨਤਾ ਦੇ ਅਨੁਸਾਰ ਜੇਕਰ ਕੋਈ ਵਸਤੂ ਸਾਧਨਾਂ ਦੇ ਇਕ ਸੰਯੋਗ ਤੇ ਪੂੰਜੀ ਖਪਾਉ ਵਸਤੂ ਹੈ ਤਾਂ ਉਹ ਵਸਤੂ ਸਾਧਨ ਸਾਧਨਾਂ ਦੇ ਹੋਰ ਸੰਯੋਗਾਂ ਤੇ ਵੀ ਪੂੰਜੀ ਖਪਾਉ ਵਸਤੂ ਹੋਣੀ ਚਾਹੀਦੀ ਹੈ। ਜੇਕਰ ਇਹ ਸਰਤ ਪੂਰੀ ਨਾ ਹੋਵੇ, ਤਾਂ ਹੈਕਚਰ-ਉਹਲਿਨ ਮਾਡਲ ਦਾ ਲਾਗੂ ਹੋਣਾ ਅਸੰਭਵ ਹੋ ਜਾਵੇਗਾ

9 ਵਸਤੂ ਵਿਭੇਦ ਨੂੰ ਨਜਰਅੰਦਾਜ ਕਰਨਾ- ਜੇਕਰ ਦੋ ਦੇਸਾਂ ਦੇ ਉਤਪਾਦਾਂ ਵਿਚ ਵਸਤੂ ਵਿਭੇਦ ਪਾਇਆ ਜਾਵੇ ਤਾਂ ਇੱਕੋ ਜਿਹੇ ਸਾਧਨ-ਧਨ ਰੱਖਣ ਵਾਲੇ ਦੇਸਾਂ ਵਿਚ ਵੀ ਵਪਾਰ ਹੋ ਸਕਦਾ ਹੈ। ਲਿੰਡਰ ਦੇ ਅਨੁਸਾਰ ਜਿਹਨਾਂ ਦੇਸਾਂ ਦਾ ਆਮਦਨ ਪੱਧਰ ਇੱਕੋ ਜਿਹਾ ਹੋਵੇ ਅਤੇ ਜਿਹਨਾਂ ਦੇ ਉਪਭੋਗੀਆਂ ਦੇ ਸੁਆਦ ਵੀ ਇਕੋ ਜਿਹੇ ਹੋਣ ਉਹਨਾਂ ਦੇਸਾਂ ਵਿਚ ਆਪਸੀ ਵਪਾਰ ਕਾਫੀ ਹੁੰਦਾ ਅਤੇ ਇਸ ਦਾ ਕਾਰਨ ਵਸਤੂ ਵਿਭੇਦ ਹੀ ਹੈ।

**1.1.2.4 ਸਾਰਾਂਸ਼**

ਹੈਕਸ਼ਰ ਉਹਲਿਨ ਦਾ ਵਿਚਾਰ ਹੈ ਕਿ ਅੰਤਰ ਰਾਸ਼ਟਰੀ ਵਪਾਰ, ਅਸਲ ਵਿੱਚ ਇਕ ਦੇਸ਼ ਦੇ ਦੋ ਖੇਤਰਾਂ ਵਿੱਚ ਵਪਾਰ ਵਾਂਗ ਹੀ ਹੁੰਦਾ ਹੈ। ਅੰਤਰ-ਰਾਸ਼ਟਰੀ ਵਪਾਰ ਵਿੱਚ ਵਸਤਾਂ ਦੀਆਂ ਕੀਮਤਾਂ ਉਸੇ ਤਰ੍ਹਾਂ ਹੀ ਨਿਰਧਾਰਤ ਹੁੰਦੀਆਂ ਹਨ ਜਿਵੇਂ ਕਿ ਕਿਸੇ ਦੇਸ਼ ਵਿੱਚ ਵਸਤੂ ਦੀ ਕੀਮਤ ਉਸ ਵਸਤੂ ਦੀ ਮੰਗ ਅਤੇ ਪੂਰਤੀ ਦੁਆਰਾ ਨਿਰਧਾਰਤ ਹੁੰਦੀ ਹੈ। ਅਸਲ ਵਿੱਚ ਕਿਸੇ ਦੇਸ਼ ਵਿੱਚ ਇੱਕ ਵਸਤੂ ਦਾ ਉਤਪਾਦਨ ਉਸ ਵਸਤੂ ਦੇ ਉਤਪਾਦਨ ਦੇ ਸਾਧਨਾਂ ਦੀ ਪ੍ਰਾਪਤੀ ਤੇ ਨਿਰਭਰ ਕਰਦਾ ਹੈ। ਜਿਨ੍ਹਾਂ ਦੇਸ਼ਾਂ ਵਿੱਚ ਮਜ਼ਦੂਰ ਵੱਧ ਮਾਤਰਾ ਵਿੱਚ ਪਾਏ ਜਾਂਦੇ ਹਨ ਜਿਵੇਂ ਕਿ ਭਾਰਤ ਅਤੇ ਚੀਨ ਆਦਿ ਦੇਸ਼ਾਂ ਵਿੱਚ ਹੈ, ਇਨ੍ਹਾਂ ਦੇਸ਼ਾਂ ਵਿੱਚ ਉਨ੍ਹਾਂ ਵਸਤੂਆਂ ਦਾ ਉਤਪਾਦਨ ਕੀਤਾ ਜਾਵੇਗਾ। ਦੂਜੇ ਪਾਸੇ

ਉਹ ਦੇਸ਼ ਜਿਨ੍ਹਾਂ ਕੋਲ ਪੂੰਜੀ ਵੱਧ ਮਾਤਰਾ ਵਿੱਚ ਹੁੰਦੀ ਹੈ ਜਿਵੇਂ ਅਮਰੀਕਾ ਅਤੇ ਕਨੇਡਾ ਆਦਿ ਦੇਸ਼ ਹਨ। ਇਨ੍ਹਾਂ ਦੇਸ਼ਾਂ ਵਿੱਚ ਉਨ੍ਹਾਂ ਵਸਤੂਆਂ ਦਾ ਉਤਪਾਦਨ ਕੀਤਾ ਜਾਵੇਗਾ ਜਿਨ੍ਹਾਂ ਵਸਤੂਆਂ ਲਈ ਵਧੇਰੇ ਪੂੰਜੀ ਦੀ ਲੋੜ ਹੁੰਦੀ ਹੈ। ਇਨ੍ਹਾਂ ਵਸਤੂਆਂ ਦਾ ਨਿਰਯਾਤ ਕੀਤਾ ਜਾਵੇਗਾ। ਅੰਤਰ ਰਾਸ਼ਟਰੀ ਵਪਾਰ ਕਰਨ ਦਾ ਮੁੱਖ ਕਾਰਨ ਇਹ ਹੁੰਦਾ ਹੈ ਕਿ ਇਕ ਦੇਸ਼ ਕਿਸੇ ਵਸਤੂ ਨੂੰ ਵਿਦੇਸ਼ਾਂ ਵਿੱਚੋਂ ਘੱਟ ਕੀਮਤ ਤੇ ਹਾਸਲ ਕਰ ਸਕਦਾ ਹੈ। ਜਦੋਂ ਕਿ ਉਸ ਵਸਤੂ ਦਾ ਉਤਪਾਦਨ ਜੇਕਰ ਦੇਸ਼ ਵਿੱਚ ਹੀ ਕੀਤਾ ਜਾਵੇ ਤਾਂ ਵੱਧ ਲਾਗਤ ਆਉਂਦੀ ਹੈ।

**1.1.2.5 ਛੋਟੇ ਉੱਤਰਾਂ ਵਾਲੇ ਪ੍ਰਸ਼ਨ**

1. ਅੰਤਰਰਾਸ਼ਟਰੀ ਵਪਾਰ ਦੇ ਆਧੁਨਿਕ ਸਿਧਾਂਤ ਦਾ ਕੀ ਆਧਾਰ ਹੈ?
2. ਅੰਤਰਰਾਸ਼ਟਰੀ ਵਪਾਰ ਦੇ ਆਧੁਨਿਕ ਸਿਧਾਂਤ ਦੀਆਂ ਮਾਨਤਾਵਾਂ ਦੱਸੋਂ।
3. ਅੰਤਰਰਾਸ਼ਟਰੀ ਵਪਾਰ ਦੇ ਆਧੁਨਿਕ ਸਿਧਾਂਤ ਦੀ ਆਲੋਚਨਾਵਾਂ ਲਿਖੋ।
4. ਅੰਤਰਰਾਸ਼ਟਰੀ ਵਪਾਰ ਦੇ ਆਧੁਨਿਕ ਸਿਧਾਂਤ ਦੀ ਪਰੰਪਰਾਵਾਦੀ ਸਿਧਾਂਤ ਉੱਤੇ ਸ਼੍ਰੇਸ਼ਠਾ ਲਿਖੋ।

**1.1.2.6 ਲੰਬੇ ਉੱਤਰਾਂ ਵਲੇ ਪ੍ਰਸ਼ਨ**

1. ਅੰਤਰਰਾਸ਼ਟਰੀ ਵਪਾਰ ਦੇ ਹੈਕਸ਼ਰ ਉਹਲਿਨ ਸਿਧਾਂਤ ਦੀ ਵਿਆਖਿਆ ਕਰੋ।
2. ਅੰਤਰਰਾਸ਼ਟਰੀ ਵਪਾਰ ਦੇ ਹੈਕਸ਼ਰ ਉਹਲਿਨ ਸਿਧਾਂਤ ਦੀ ਆਲੋਚਨਾ ਕਰੋ।
3. ਅੰਤਰਰਾਸ਼ਟਰੀ ਵਪਾਰ ਦਾ ਆਧੁਨਿਕ ਸਿਧਾਂਤ ਪਰੰਪਰਾਵਾਦੀ ਸਿਧਾਂਤ ਤੋਂ ਕਿਵੇਂ ਭਿੰਨ ਹੈ?

**1.1.2.7 ਪੜ੍ਹਨਯੋਗ ਪੁਸਤਕਾਂ**


| | |
|---|---|
| International Economics | B. O. Soderstan |
| International Economics | D. Salvatore |
| International Economics | Sadama Singh & Vaish |
| ਅੰਤਰਰਾਸ਼ਟਰੀ ਵਪਾਰ | Ranjit Singh Ghuman |

**ਪਾਠ ਨੰਬਰ : 1.3**

# ਵਿਕਲਪੀ ਲਾਗਤਾਂ ਦਾ ਸਿਧਾਂਤ

ਰਿਕਾਰਡੋ ਦੇ ਤੁਲਾਤਮਕ ਮੁਲ ਸਿਧਾਂਤ ਦਾ ਇਕ ਮੁਖ ਦੋਸ ਇਹ ਹੈ ਕਿ ਇਹ ਕੇਵਲ ਕਿਰਤ ਦੇ ਮੁਲ ਦਾ ਸਿਧਾਂਤ ਹੈ ਭਾਵ ਕਿਸੇ ਵਸਤੂ ਦੀ ਕੀਮਤ ਉਸ ਵਸਤੂ ਦੇ ਉਤਪਾਦਨ ਵਿਚ ਲਗੇ ਕਿਰਤ ਸਮੇਂ ਦੇ ਮੁਲ ਦੇ ਬਰਾਬਰ ਹੈ। ਹੈਬਲਰ ਦੇ ਅਨੁਸਾਰ ਕਿਰਤ ਤੋਂ ਇਲਾਵਾ ਉਤਪਾਦਨ ਦੇ ਹੋਰ ਵੀ ਸਾਧਨ ਹਨ ਜਿਹਨਾਂ ਨੂੰ ਕਿਰਤ ਦੇ ਰੂਪ ਵਿਚ ਮਿਣਨਾ ਸੰਭਵ ਨਹੀਂ। ਇਹਨਾਂ ਨੂੰ ਵਿਕਲਪੀ ਲਾਗਤ ਦੇ ਰੂਪ ਵਿਚ ਮਿਣਿਆ ਜਾ ਸਕਦਾ ਹੈ। ਹੈਬਰਲਰ ਨੇ 1936 ਵਿਚ ਆਪਣਾ ਵਿਕਲਪੀ ਲਾਗਤ ਦਾ ਸਿਧਾਂਤ ਪੇਸ ਕੀਤਾ। ਵਸਤੂ X ਦੀ ਵਿਕਲਪੀ ਲਾਗਤ ਦੂਜੇ ਸਰਬੋਤਮ ਵਿਕਲਪ ਵਸਤੂ ਦੀ ਕੀਮਤ ਹੋਵੇਗੀ ਜਿਸਦਾ ਤਿਆਗ ਕੀਤਾ ਜਾਵੇਗਾ ਤਾਂ ਜੋ ਵਸਤੂ X ਨੂੰ ਪੈਦਾ ਕੀਤਾ ਜਾ ਸਕੇ। ਹੈਬਲਰ ਦੀ ਵਿਕਲਪੀ ਲਾਗਤਾਂ ਦਾ ਸਿਧਾਂਤ ਸੰਭਾਵੀ ਉਤਪਾਦਨ ਵਕਰਾਂ ਜਾਂ ਵਿਕਲਪੀ ਲਾਗਤ ਵਕਰਾਂ ਤੇ ਅਧਾਰਿਤ ਹੈ। ਇਸ ਸਿਧਾਂਤ ਦੇ ਅਨੁਸਾਰ ਕਿਸੇ ਦੇਸ ਨੂੰ ਉਸ ਵਸਤੂ ਉਤਪਾਦਨ ਦਾ ਲਾਭ ਹੈ ਜਿਸ ਵਿਚ ਉਸਦੀ ਤੁਲਨਾਤਮਕ ਵਿਕਲਪੀ ਲਾਗਤ ਘੱਟ ਹੈ।

ਮਾਨਤਾਵਾਂ

1) ਕੇਵਲ ਦੋ ਦੇਸ਼ ਹੀ ਹਨ
2) ਦੋਨਾ ਦੇਸ਼ਾਂ ਵਿਚ ਦੋ ਵਸਤੂਆ ਦਾ ਉਤਪਾਦਨ ਕੀਤਾ ਜਾਂਦਾ ਹੈ।
3) ਉਤਪਾਦਨ ਦੀ ਕੇਵਲ ਦੋ- ਕਿਰਤ ਅਤੇ ਪੂੰਜੀ-ਸਾਧਨ ਹਨ।
4) ਸਾਧਨ ਅਤੇ ਵਸਤੂ ਬਾਜ਼ਾਰ ਵਿਚ ਪੂਰਨ ਪ੍ਰਤੀਯੋਗਤਾ ਪਾਈ ਜਾਂਦੀ ਹੈ
5) ਹਰੇਕ ਵਸਤੂ ਦਾ ਮੁੱਲ ਉਸਦੀ ਸੀਮਾਂਤ ਲਾਗਤ ਦੇ ਬਰਾਬਰ ਹੈ।
6) ਹਰੇਕ ਸਾਧਨ ਦੀ ਪੂਰਤੀ ਸਥਿਰ ਹੈ।
7) ਹਰੇਕ ਦੇਸ਼ ਵਿਚ ਪੂਰਨ ਰੋਜ਼ਗਾਰ ਦੀ ਸਥਿਤੀ ਪਾਈ ਜਾਂਦੀ ਹੈ।
8) ਤਕਨੀਕ ਵਿਚ ਕੋਈ ਬਦਲਾਵ ਨਹੀਂ ਹੁੰਦਾ ।

9) ਦੋਨਾਂ ਦੇਸ਼ਾਂ ਵਿਚਕਾਰ ਸਾਧਨ ਗਤੀਸੀਲ ਨਹੀਂ ਹਨ ਪਰ ਇਕ ਦੇਸ਼ ਵਿਚਕਾਰ ਸਾਧਨ ਵਿਚ ਗਤੀਸੀਲਤਾ ਪਾਈ ਜਾਂਦੀ ਹੈ।

10) ਦੋਨਾਂ ਦੇਸਾਂ ਵਿਚਕਾਰ ਖੁੱਲੇ ਅਤੇ ਪਾਬੰਦੀ ਰਹਿਤ ਵਪਾਰ ਪਾਇਆ ਜਾਂਦਾ ਹੈ

ਉਪਰੋਕਤ ਮਾਨਤਾਵਾਂ ਦੇ ਆਧਾਰ ਉੱਤੇ ਵਿਕਲਪੀ ਲਾਗਤ ਵਕਰ ਜ਼ਾਂ ਸੰਭਾਵੀ ਉਤਪਾਦਨ ਵਕਰ ਦੋ ਵਸਤਾਂ ਦੇ ਉਹਨਾਂ ਸੰਭਵ ਜੋੜਿਆਂ ਨੂੰ ਦਰਸਾਉਂਦੀ ਹੈ ਜੋ ਕਿ ਇਕ ਦੇਸ ਦੇ ਆਪਣੇ ਸਾਧਨਾਂ ਅਤੇ ਤਕਨੀਕ ਦੀ ਵਰਤੋਂ ਕਰਕੇ ਉਤਪਾਦਿਤ ਕੀਤੇ ਜਾ ਸਕਦੇ ਹਨ। ਸੰਭਾਵੀ ਉਤਪਾਦਨ ਵਕਰ ਦੇ ਢਲਾਨ ਸੀਮਾਂਤ ਰੂਪਾਂਤਰਨ ਦਰ (Marginal Rate of Transformation-MRT) ਨਾਲ ਨਿਰਧਾਰਿਤ ਕੀਤੀ ਜਾਂਦੀ ਹੈ। ਇਹ ਦਰ ਦਰਸਾਉਂਦੀ ਹੈ ਕਿ ਵਸਤੂ X ਦੀ ਇਕ ਇਕਾਈ ਪੈਦਾ ਕਰਨ ਲਈ ਵਸਤੂ Y ਦੀਆਂ ਕਿੰਨੀਆਂ ਇਕਾਈਆਂ ਦਾ ਤਿਆਗ ਕੀਤਾ ਜਾਂਦਾ ਹੈ।

$$MRT = -\frac{\Delta x}{\Delta y}$$

ਉਪਰੋਕਤ ਸਮੀਕਰਨ ਵਿਚ ਰਿਣਾਤਮਕ ਚਿੰਨ (–) ਦਰਸਾਉਂਦਾ ਹੈ ਕਿ ਸੰਭਾਵੀ ਉਤਪਾਦਨ ਵਕਰ ਦੀ ਢਲਾਨ ਰਿਣਾਤਮਕ ਭਾਵ ਉਪਰੋ ਹੇਠਾ ਵਲ ਝੁੱਕੀ ਹੁੰਦੀ ਹੈ। ਸੰਭਾਵੀ ਉਤਪਾਦਨ ਵਕਰ ਸਿੱਧੀ ਰੇਖਾ, ਮੂਲ ਬਿੰਦੂ ਤੋਂ ਉਂਨਤੋਦਰ ਜਾਂ ਨਿਤੋਦਰ ਹੋ ਸਕਦੀ ਹੈ (Figure 1)।





**Figure 1**

**a) ਸਥਿਰ ਵਿਕਲਪੀ ਲਾਗਤ ਅਤੇ ਅੰਤਰਾਸਟਰੀ ਵਪਾਰ**

ਜਦੋ ਦੋ ਵਸਤੂਆਂ ਵਿਚਕਾਰ ਸੀਮਾਂਤ ਰੂਪਾਤਰਨ ਦਰ ਸਥਿਰ ਹੁੰਦੀ ਹੈ ਤਾਂ ਵਿਕਲਪੀ ਲਾਗਤ ਰੇਖਾ ਜ਼ਾਂ ਸੰਭਾਵੀ ਉਤਪਾਦਨ ਰੇਖਾ ਇਕ ਸਿੱਧੀ ਹੇਠਾ ਵੱਲ ਝੁੱਕੀ ਹੁੰਦੀ ਹੈ। ਜੇਕਰ ਦੋ ਦੇਸ਼ਾਂ ਵਿਚਕਾਰ ਵਿਕਲਪੀ ਲਾਗਤ ਵਕਰ ਦੀ ਢਲਾਨ ਇਕੋ ਜਿਹੀ ਹੋਵੇ ਭਾਵ ਵਿਕਲਪੀ ਲਾਗਤ ਵਕਰ ਇਕ ਦੂਜੇ ਸਮਾਂਤਰ ਹੋਣ ਤਾਂ ਦੋਨਾਂ ਦੇਸ਼ਾਂ ਵਿਚਕਾਰ ਵਪਾਰ ਸੰਭਵ ਨਹੀ ਹੁੰਦਾ, ਕਿਉਂਕਿ ਇਸ ਹਾਲਾਤ ਵਿਚ ਦੋਨਾਂ ਦੇਸਾਂ ਵਿਚ ਦੋਵੇਂ ਵਸਤੂਆਂ ਦਾ ਕੀਮਤ ਅਨੁਪਾਤ ਬਰਾਬਰ ਹੋਵੇਗਾ (Figure 2)।





Figure 2

ਅਤੰਰਰਾਸ਼ਟਰੀ ਵਪਾਰ ਉਸ ਵੇਲੇ ਹੀ ਸੰਭਵ ਹੈ ਜਦੋਂ ਦੋ ਦੇਸ਼ਾਂ ਦੇ ਵਿਕਲਪੀ ਲਾਗਤ ਵਕਰਾਂ ਦੀ ਢਲਾਨ ਵੱਖ- ਵੱਖ ਹੋਵੇ। ਜਿਵੇਂ ਕਿ ਹੇਠਲੇ ਰੇਖਾ ਚਿਤੱਰ 3 ਵਿਚ ਦਰਸਾਇਆ ਗਿਆ ਹੈ। ਰੇਖਾ-ਚਿੱਤਰ ਵਿਚ, ਰੇਖਾ PA ਅਤੇ ਰੇਖਾ QB ਕ੍ਰਮਵਾਰ ਦੇਸ਼ A ਅਤੇ ਦੇਸ਼ B ਦੀ ਵਿਕਲਪੀ ਲਾਗਤ ਰੇਖਾ ਹੈ। ਵਪਾਰ ਰਹਿਤ ਸਥਿਤੀ ਵਿਚ, ਜੇ ਦੇਸ਼ A ਆਪਣੀ ਵਿਕਲਪੀ ਲਾਗਤ ਰੇਖਾ (PA) ਦੇ ਬਿੰਦੂ C ਉੱਤੇ ਉਤਪਾਦਨ ਅਤੇ ਉਪਭੋਗ ਕਰਦਾ ਹੈ ਤਾਂ ਉਸ ਕੋਲ ਵਸਤੂ X ਦੀ CD ਮਾਤਰਾ ਅਤੇ ਵਸਤੂ Y ਦੀ DO ਮਾਤਰਾ ਹੋਵੇਗੀ । ਇਸੇ ਤਰ੍ਹਾਂ, ਜੇ ਦੇਸ਼ B ਆਪਣੀ ਵਿਕਲਪੀ ਲਾਗਤ ਰੇਖਾ (QB) ਦੇ ਬਿੰਦੂ E ਉੱਤੇ ਉਤਪਾਦਨ ਅਤੇ ਉਪਭੋਗ ਕਰਦਾ ਹੈ ਤਾਂ ਉਸ ਕੋਲ ਵਸਤੂ X ਦੀ OF ਮਾਤਰਾ ਅਤੇ ਵਸਤੂ Y ਦੀ EF ਮਾਤਰਾ ਹੋਵੇਗੀ। ਦੇਸ਼ A ਦੇ ਸੰਭਾਵੀ ਉਤਪਾਦਨ ਵਕਰ (PA) ਦੀ ਖੜ੍ਹਵੀਂ ਢਲਾਨ ਤੋਂ ਇਹ ਗਿਆਤ ਹੁੰਦਾ ਹੈ ਕਿ ਦੇਸ A ਨੂੰ ਵਸਤੂ Y ਦੇ ਉਤਪਾਦਨ ਵਿਚ ਤੁਲਨਾਤਮਕ ਲਾਭ ਹੈ। ਪਰ ਦੇਸ਼ B ਦੇ ਸੰਭਾਵੀ ਉਤਪਾਦਨ ਵਕਰ (QB) ਦੀ ਲੇਟਵੀਂ ਢਲਾਨ ਤੋਂ ਇਹ ਗਿਆਤ ਹੁੰਦਾ ਹੈ ਕਿ ਦੇਸ B ਨੂੰ ਵਸਤੂ X ਦੇ ਉਤਪਾਦਨ ਵਿਚ ਤੁਲਨਾਤਮਕ ਲਾਭ ਹੈ। ਇਸ ਕਰਕੇ ਦੇਸ਼ A ਵਸਤੂ Y ਦੇ ਉਤਪਾਦਨ ਵਿਚ ਮੁਹਾਰਤ ਹਾਸਿਲ ਕਰੇਗਾ ਅਤੇ ਦੇਸ਼ B ਵਸਤੂ X ਦੇ ਉਤਪਾਦਨ ਵਿਚ ਮੁਹਾਰਤ ਹਾਸਿਲ ਕਰੇਗਾ। ਜੇ ਦੇਸ਼ A ਆਪਣੀ ਵਿਕਲਪੀ ਲਾਗਤ ਰੇਖਾ (PA) ਉੱਤੇ ਕੇਵਲ ਵਸਤੂ Y ਦਾ ਹੀ ਉਤਪਾਦਨ ਕਰਦਾ ਹੈ ਤਾਂ ਉਹ ਵਸਤੂ Y

ਦਾ ਵੱਧ ਤੋਂ ਵੱਧ OP ਮਾਤਰਾ ਦਾ ਉਤਪਾਦਨ ਕਰ ਸਕਦਾ ਹੈ। ਇਸੇ ਤਰ੍ਹਾਂ, ਜੇ ਦੇਸ਼ B ਆਪਣੀ ਵਿਕਲਪੀ ਲਾਗਤ ਰੇਖਾ (QB) ਉੱਤੇ ਕੇਵਲ ਵਸਤੂ X ਦਾ ਹੀ ਉਤਪਾਦਨ ਕਰਦਾ ਹੈ ਤਾਂ ਉਹ ਵਸਤੂ X ਦਾ ਵੱਧ ਤੋਂ ਵੱਧ OB ਮਾਤਰਾ ਦਾ ਉਤਪਾਦਨ ਕਰ ਸਕਦਾ ਹੈ। ਦੋਵੇਂ ਦੇਸ ਰੇਖਾ PB ਦੇ ਅਨੁਪਾਤ ਵਿਚ ਦੋਵੇਂ ਵਸਤੂਆਂ ਦੀ ਅਦਲਾ ਬਦਲੀ ਕਰਨਗੇ







**Figure 3**

ਮੰਨ ਲਉ, ਦੇਸ਼ A ਬਿੰਦੂ H ਉੱਤੇ ਦੋਂਵੇ ਵਸਤੂਆਂ ਦਾ ਉਪਭੋਗ ਕਰਨਾ ਚਾਹੁੰਦਾ ਹੈ, ਤਾਂ ਇਸ ਬਿੰਦੂ ਉੱਤੇ ਦੇਸ਼ A ਵਸਤੂ Y ਦੀ PD ਮਾਤਰਾ ਦਾ ਨਿਰਯਾਤ ਕਰੇਗਾ ਅਤੇ ਵਸਤੂ X ਦੀ DH ਮਾਤਰਾ ਦਾ ਆਯਾਤ ਕਰੇਗਾ। ਇਸ ਤਰ੍ਹਾਂ ਅੰਤਰਰਾਸਟਰੀ ਵਪਾਰ ਨਾਲ ਦੇਸ਼ A ਵਸਤੂ X ਦੀ ਜ਼ਿਆਦਾ ਮਾਤਰਾ CH (=DH-CD) ਦਾ ਉਪਭੋਗ ਕਰ ਸਕਦਾ ਹੈ ਭਾਵ ਇਹ ਦੇਸ਼ A ਦਾ ਆਰਥਿਕ ਲਾਭ ਹੈ। ਇਸੇ ਤਰ੍ਹਾਂ ਹੀ ਜੇ ਦੇਸ਼ B ਬਿੰਦੂ G ਉੱਤੇ ਦੋਵੇ ਵਸਤੂਆਂ ਦਾ ਉਪਭੋਗ ਕਰਨਾ ਚਾਹੁੰਦਾ ਹੈ, ਤਾਂ ਇਸ ਬਿੰਦੂ ਉੱਤੇ ਦੇਸ਼ B ਵਸਤੂ X ਦੀ BF ਮਾਤਰਾ ਦਾ ਨਿਰਯਾਤ ਕਰੇਗਾ ਅਤੇ ਵਸਤੂ Y ਦੀ FG ਮਾਤਰਾ ਦਾ ਆਯਾਤ ਕਰੇਗਾ। ਇਸ ਤਰ੍ਹਾਂ ਅੰਤਰਰਾਸਟਰੀ ਵਪਾਰ ਨਾਲ ਦੇਸ਼ B ਵਸਤੂ Y ਦੀ ਜ਼ਿਆਦਾ ਮਾਤਰਾ GE (=GF-EF) ਦਾ ਉਪਭੋਗ ਕਰ ਸਕਦਾ ਹੈ ਭਾਵ ਇਹ ਦੇਸ਼ B ਦਾ ਆਰਥਿਕ ਲਾਭ ਹੈ।

**b) ਵਧਦੀ ਵਿਕਲਪੀ ਲਾਗਤ ਅਤੇ ਅੰਤਰਰਾਸਟਰੀ ਵਪਾਰ**

ਜਦੋ ਦੋ ਵਸਤੂਆਂ ਵਿਚਕਾਰ ਸੀਮਾਂਤ ਰੂਪਾਤਰਨ ਦਰ ਵਧਦੀ ਹੈ ਤਾਂ ਵਿਕਲਪੀ ਲਾਗਤ ਵਕਰ ਜ਼ਾਂ ਸੰਭਾਵੀ ਉਤਪਾਦਨ ਵਕਰ ਮੂਲ ਬਿੰਦੂ ਉੱਤੇ ਉਨਤੋਦਰ (Convex) ਹੋਵੇਗਾ। ਰੇਖਾ ਚਿੱਤਰ 4 ਵਿਚ ਦੇਸ਼ A ਦਾ ਸੰਭਾਵੀ ਉਤਪਾਦਨ ਵਕਰ AA ਹੈ ਅਤੇ ਰੇਖਾ ਚਿੱਤਰ 5 ਵਿਚ ਦੇਸ਼ B ਦਾ ਸੰਭਾਵੀ ਉਤਪਾਦਨ ਵਕਰ BB ਹੈ। ਦੇਸ਼ A ਅਤੇ ਦੇਸ਼ B ਦੇ ਉਤਪਾਦਨ ਸੰਭਾਵਨਾ ਵਕਰਾਂ ਦੇ ਆਕਾਰ ਦੇ ਤੁਲਨਾਤਮਕ ਅਧਿਐਨ ਤੋਂ ਪਤਾ ਚਲਦਾ ਹੈ ਕਿ ਵਸਤੂ Y ਦੇ ਰੂਪ ਵਿਚ ਵਸਤੂ X ਦੀ ਵਿਕਲਪੀ ਲਾਗਤ ਦੇਸ਼ A ਵਿਚ ਘੱਟ ਹੈ ਅਤੇ ਦੇਸ਼ B ਵਿਚ ਜ਼ਿਆਦਾ ਹੈ। ਦੂਜੇ ਸਬਦਾਂ ਵਿਚ ਦੇਸ਼ A ਦੀ ਵਸਤੂ X ਦੇ ਉਤਪਾਦਨ ਅਤੇ ਦੇਸ਼ B ਦੀ ਵਸਤੂ Y ਦੇ ਉਤਪਾਦਨ ਵਿਚ ਵਧੇਰੇ ਸਮੱਰਥਾ ਹੈ।




ਅੰਤਰਰਾਸਟਰੀ ਵਪਾਰ ਰਹਿਤ ਸਥਿਤੀ ਵਿਚ, ਦੇਸ਼ A ਬਿੰਦੂ E ਤੇ ਸੰਤੁਲਨ ਵਿਚ ਹੋਵੇਗਾ ਜਿੱਥੇ ਦੇਸ਼ ਦੀ ਸੰਭਾਵੀ ਉਤਪਾਦਨ ਵਕਰ (AA) ਦੇਸ਼ ਦੀ ਉਦਾਸੀਨ ਵਕਰ (II) ਇਕ ਦੂਜੇ ਨੂੰ ਸਪਰਸ਼ ਕਰਦੇ ਹਨ। ਇਸ ਬਿੰਦੂ ਤੇ ਦੇਸ਼ A ਵਸਤੂ X ਦੀ OX ਮਾਤਰਾ ਅਤੇ ਵਸਤੂ Y ਦੀ OY ਮਾਤਰਾ ਦਾ ਉਤਪਾਦਨ ਅਤੇ ਉਪਭੋਗ ਕਰੇਗਾ । ਸੰਭਾਵੀ ਉਤਪਾਦਨ ਵਕਰ (AA) ਦੀ ਬਿੰਦੂ E ਤੇ ਢਲਾਨ $P_aP_a$ ਰੇਖਾ ਰਾਹੀਂ ਦਰਸਾਈ ਗਈ ਹੈ। ਇਸੇ ਤਰ੍ਹਾਂ ਹੀ ਰੇਖਾ ਚਿੱਤਰ 5 ਵਿਚ ਦੇਸ਼ B ਬਿੰਦੂ $E_1$ ਤੇ ਸੰਤੁਲਨ ਵਿਚ ਹੋਵੇਗਾ ਜਿੱਥੇ ਦੇਸ਼ ਦੀ ਸੰਭਾਵੀ ਉਤਪਾਦਨ ਵਕਰ (BB) ਦੇਸ਼ ਦੀ ਉਦਾਸੀਨ ਵਕਰ ($I_1I_1$) ਇਕ ਦੂਜੇ ਨੂੰ ਸਪਰਸ਼ ਕਰਦੇ ਹਨ। ਇਸ ਬਿੰਦੂ ਤੇ ਦੇਸ਼ B ਵਸਤੂ X ਦੀ $OX_1$ ਮਾਤਰਾ ਅਤੇ ਵਸਤੂ Y ਦੀ $OY_1$ ਮਾਤਰਾ ਦਾ ਉਤਪਾਦਨ ਅਤੇ ਉਪਭੋਗ ਕਰੇਗਾ। ਸੰਭਾਵੀ ਉਤਪਾਦਨ

ਵਕਰ (BB) ਦੀ ਬਿੰਦੂ $E_1$ ਤੇ ਢਲਾਨ $P_bP_b$ ਰੇਖਾ ਰਾਹੀਂ ਦਰਸਾਈ ਗਈ ਹੈ। ਰੇਖਾ $P_bP_b$ ਦੇ ਤੁਲਨਾ ਵਿਚ ਰੇਖਾ $P_aP_a$ ਦੀ ਢਲਾਨ ਲੇਟਵੀਂ ਹੈ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਦੇਸ਼ A ਵਿਚ ਵਸਤੂ X ਸਸਤੀ ਹੈ ਅਤੇ ਦੇਸ਼ B ਵਿਚ ਵਸਤੂ Y ਸਸਤੀ ਹੈ। ਜੇ ਦੋਵੇ ਦੇਸ਼ ਇਕ ਦੂਜੇ ਨਾਲ ਵਪਾਰ ਕਰਦੇ ਹਨ ਤਾਂ ਅੰਤਰਰਾਸਟਰੀ ਵਪਾਰ ਅਨੁਪਾਤ ਰੇਖਾ $P_aP_a$ ਅਤੇ ਰੇਖਾ $P_bP_b$ ਦੇ ਵਿਚਕਾਰ ਹੋਵੇਗਾ। ਰੇਖਾ ਚਿੱਤਰ 6 ਅਤੇ 7 ਵਿਚ $P_iP_i$ ਰੇਖਾ ਸੰਭਵ ਅੰਤਰਰਾਸਟਰੀ ਵਪਾਰ ਰੇਖਾ ਨੂੰ ਦਰਸਾ ਰਹੀ ਹੈ। ਜੇ $P_iP_i$ ਰੇਖਾ ਅੰਤਰਰਾਸਟਰੀ ਵਪਾਰ ਰੇਖਾ ਹੋਵੇ ਤਾਂ ਦੇਸ਼ A ਬਿੰਦੂ N ਤੇ ਉਤਪਾਦਨ ਕਰੇਗਾ ਜਿਥੇ ਦੇਸ਼ ਦੀ ਸੰਭਾਵੀ ਉਤਪਾਦਨ ਵਕਰ (AA) ਅੰਤਰਰਾਸਟਰੀ ਵਪਾਰ ਰੇਖਾ $P_iP_i$ ਨੂੰ ਸਪਰਸ਼ ਕਰਦੀ ਹੈ। ਇਸ ਬਿੰਦੂ ਤੇ ਦੇਸ਼ A ਵਸਤੂ X ਦੀ MN ਵਧੇਰੇ ਮਾਤਰਾ ਅਤੇ ਵਸਤੂ Y ਦੀ EM ਘੱਟ ਮਾਤਰਾ ਦਾ ਉਤਪਾਦਨ ਕਰੇਗਾ। ਜੇ ਦੇਸ਼ A ਵਸਤੂ X ਦਾ ਉਪਭੋਗ ਦਾ ਪੱਧਰ ਪਹਿਲਾ ਜਿੰਨ੍ਹਾਂ ਭਾਵ OX ਹੀ ਰਖਣਾ ਚਾਹਵੇ, ਤਾਂ ਉਹ ਵਸਤੂ X ਦੀ MN ਮਾਤਰਾ ਦਾ ਨਿਰਯਾਤ ਕਰਕੇ ਇਸਦੇ ਬਦਲੇ ਵਿਚ ਵਸਤੂ Y ਦੀ $ME_2$ ਮਾਤਰਾ ਪ੍ਰਾਪਤ ਕਰੇਗਾ। ਇਸ ਤਰ੍ਹਾਂ ਅੰਤਰਰਾਸਟਰੀ ਵਪਾਰ ਨਾਲ ਦੇਸ਼ A ਵਸਤੂ Y ਦੀ $EE_2$ ਜ਼ਿਆਦਾ ਮਾਤਰਾ ਦਾ ਲਾਭ ਹੋਵੇਗਾ। ਹੁਣ ਦੇਸ਼ A ਆਪਣੇ ਉੱਚੇ ਉਦਾਸੀਨ ਵਕਰ ($I_2I_2$) ਦੇ ਬਿਦੂੰ $E_2$ ਤੇ ਸੰਤੁਨਲ ਵਿਚ ਹੋਵੇਗਾ। ਅੰਤਰਰਾਸਟਰੀ ਵਪਾਰ ਰਹਿਤ ਸਥਿਤੀ ਵਿਚ ਇਹ ਸੰਤੁਨਲ ਬਿਦੂੰ ਉਸਦੀ ਪਹੁੰਚ ਤੋਂ ਬਾਹਰ ਸੀ।





**Figure 6**






**Figure 7**

ਇਸੇ ਤਰ੍ਹਾਂ ਅੰਤਰਰਾਸਟਰੀ ਵਪਾਰ ਦੀ ਸਥਿਤੀ ਵਿਚ, ਦੇਸ਼ B ਵਸਤੂ Y ਦੀ TS ਵਧੇਰੇ ਮਾਤਰਾ ਅਤੇ ਵਸਤੂ X ਦੀ $TE_1$ ਘੱਟ ਮਾਤਰਾ ਦਾ ਉਤਪਾਦਨ ਕਰੇਗਾ। ਜੇ ਦੇਸ਼ B ਵਸਤੂ Y ਦਾ ਉਪਭੋਗ ਦਾ ਪੱਧਰ ਪਹਿਲਾ ਜਿੰਨ੍ਹਾਂ

ਭਾਵ $OY_1$ ਹੀ ਰਖਣਾ ਚਾਹਵੇ, ਤਾਂ ਉਹ ਵਸਤੂ Y ਦੀ TS ਮਾਤਰਾ ਦਾ ਨਿਰਯਾਤ ਕਰੇਗਾ ਅਤੇ ਵਸਤੂ X ਦੀ $TE_3$ ਮਾਤਰਾ ਦਾ ਅਯਾਤ ਕਰੇਗਾ। ਇਸ ਤਰ੍ਹਾਂ ਅੰਤਰਰਾਸਟਰੀ ਵਪਾਰ ਨਾਲ ਦੇਸ਼ B ਆਪਣੇ ਉੱਚੇ ਉਦਾਸੀਨ ਵਕਰ ($I_3I_3$) ਦੇ ਬਿਦੂੰ $E_3$ ਤੇ ਸੰਤੁਨਲ ਵਿਚ ਹੋਵੇਗਾ। ਅੰਤਰਰਾਸਟਰੀ ਵਪਾਰ ਰਹਿਤ ਸਥਿਤੀ ਵਿਚ ਇਹ ਸੰਤੁਨਲ ਬਿਦੂੰ ਉਸਦੀ ਪਹੁੰਚ ਤੋਂ ਬਾਹਰ ਸੀ। ਇਸ ਤਰ੍ਹਾਂ ਅੰਤਰਰਾਸਟਰੀ ਵਪਾਰ ਨਾਲ ਦੇਸ਼ B ਵਸਤੂ Y ਦੀ $E_1E_3$ ਜ਼ਿਆਦਾ ਮਾਤਰਾ ਦਾ ਲਾਭ ਹੋਵੇਗਾ।

### C) ਘੱਟਦੀ ਵਿਕਲਪੀ ਲਾਗਤ ਅਤੇ ਅੰਤਰਰਾਸਟਰੀ ਵਪਾਰ

ਜਦੋਂ ਦੋ ਵਸਤੂਆਂ ਵਿਚਕਾਰ ਸੀਮਾਂਤ ਰੂਪਾਤਰਨ ਦਰ ਘੱਟਦੀ ਹੈ ਤਾਂ ਵਿਕਲਪੀ ਲਾਗਤ ਵਕਰ ਜ਼ਾਂ ਸੰਭਾਵੀ ਉਤਪਾਦਨ ਵਕਰ ਮੂਲ ਬਿੰਦੂ ਉੱਤੇ ਨਿਤੋਦਰ (Cancave) ਹੋਵੇਗਾ। ਰੇਖਾ ਚਿੱਤਰ 8 ਵਿਚ ਰੇਖਾ AA ਅਤੇ ਰੇਖਾ BB ਕ੍ਰਮਵਾਰ ਦੇਸ਼ A ਅਤੇ ਦੇਸ਼ B ਦੀ ਵਿਕਲਪੀ ਲਾਗਤ ਵਕਰ ਜ਼ਾਂ ਸੰਭਾਵੀ ਉਤਪਾਦਨ ਵਕਰ ਹੈ। ਵਪਾਰ ਰਹਿਤ ਸਥਿਤੀ ਵਿਚ, ਦੇਸ਼ A ਆਪਣੀ ਸੰਭਾਵੀ ਉਤਪਾਦਨ ਵਕਰ (AA) ਦੇ ਬਿੰਦੂ R ਉੱਤੇ ਸਤੁੰਲਨ ਅਵਸਥਾ ਵਿਚ ਹੈ ਜਿਥੇ ਦੇਸ਼ ਦੀ ਘਰੇਲੂ ਕੀਮਤ ਰੇਖਾ EE ਦੇਸ਼ ਦੀ ਸੰਭਾਵੀ ਉਤਪਾਦਨ ਵਕਰ (AA) ਨੂੰ ਸਪਰਸ਼ ਕਰਦੀ ਹੈ। ਇਸੇ ਤਰ੍ਹਾਂ, ਦੇਸ਼ B ਆਪਣੀ ਸੰਭਾਵੀ ਉਤਪਾਦਨ ਵਕਰ (BB) ਦੇ ਬਿੰਦੂ S ਉੱਤੇ ਸਤੁੰਲਨ ਅਵਸਥਾ ਵਿਚ ਹੈ।



ਅੰਤਰਰਾਸਟਰੀ ਵਪਾਰ ਦੀ ਸਥਿਤੀ ਵਿਚ, AB ਰੇਖਾ ਅੰਤਰਰਾਸਟਰੀ ਕੀਮਤ ਰੇਖਾ ਨੂੰ ਦਰਸਾਉਂਦੀ ਹੈ। ਅੰਤਰਰਾਸਟਰੀ ਕੀਮਤ ਰੇਖਾ AB ਦੀ ਤੁਲਨਾ ਵਿਚ, ਦੇਸ਼ A ਦੀ ਘਰੇਲੂ ਕੀਮਤ ਰੇਖਾ EE ਦੀ ਖੜ੍ਹਵੀਂ ਢਲਾਨ ਤੋਂ ਇਹ ਗਿਆਤ ਹੁੰਦਾ ਹੈ ਕਿ ਦੇਸ਼ A ਨੂੰ ਵਸਤੂ Y ਦੇ ਉਤਪਾਦਨ ਵਿਚ ਤੁਲਨਾਤਮਕ ਲਾਭ ਹੈ। ਇਸੇ ਤਰ੍ਹਾਂ, ਅੰਤਰਰਾਸਟਰੀ ਕੀਮਤ ਰੇਖਾ AB ਦੀ ਤੁਲਨਾ ਵਿਚ, ਦੇਸ਼ B ਦੀ ਘਰੇਲੂ ਕੀਮਤ ਰੇਖਾ FF ਦੀ ਲੇਟਵੀਂ ਢਲਾਨ ਤੋਂ ਇਹ ਗਿਆਤ ਹੁੰਦਾ ਹੈ ਕਿ ਦੇਸ਼ B ਨੂੰ ਵਸਤੂ X ਦੇ ਉਤਪਾਦਨ ਵਿਚ ਤੁਲਨਾਤਮਕ ਲਾਭ ਹੈ। ਇਸ ਕਰਕੇ ਦੇਸ਼ A ਵਸਤੂ Y ਦੇ ਉਤਪਾਦਨ ਵਿਚ ਮੁਹਾਰਤ ਹਾਸਿਲ ਕਰੇਗਾ ਅਤੇ ਦੇਸ਼ B ਵਸਤੂ X ਦੇ ਉਤਪਾਦਨ ਵਿਚ ਮੁਹਾਰਤ ਹਾਸਿਲ ਕਰੇਗਾ।

ਦੂਜੇ ਸਬਦਾਂ ਵਿਚ, ਦੇਸ਼ A ਵਸਤੂ Y ਦਾ ਨਿਰਯਾਤ ਕਰੇਗਾ ਅਤੇ ਵਸਤੂ X ਦਾ ਆਯਾਤ ਕਰੇਗਾ। ਦੂਜੇ ਪਾਸੇ, ਦੇਸ਼ B ਵਸਤੂ X ਦਾ ਨਿਰਯਾਤ ਕਰੇਗਾ ਅਤੇ ਵਸਤੂ Y ਦਾ ਆਯਾਤ ਕਰੇਗਾ। ਦੋਵੇਂ ਦੇਸ਼ਾਂ ਦੇ ਲਈ ਸਤੁੰਲਿਨ ਬਿਦੂੰ ਸਮੂਹਿਕ ਉਦਾਸੀਨ ਵਕਰ ਅਤੇ ਅੰਤਰਰਾਸਟਰੀ ਕੀਮਤ ਰੇਖਾ ਦੇ ਸਪਰਸ਼ ਬਿਦੂੰ ਤੇ ਹੋਵੇਗਾ, ਜੋ ਰੇਖਾ AB ਉੱਤੇ ਕਿੱਤੇ ਸਥਿਤ ਹੋਵੇਗਾ। ਇਹ ਸਤੁੰਲਿਨ ਬਿਦੂੰ, ਬਿਦੂੰ R ਜਾਂ S ਤੋਂ ਜ਼ਿਆਦਾ ਸੰਤੁਸ਼ਟੀ ਦੇ ਪੱਧਰ ਨੂੰ ਦਰਸਾਉਂਦਾ ਹੈ। ਇਹੀ ਦੋਵੇਂ ਦੇਸ਼ਾਂ ਦੇ ਲਈ ਅੰਤਰਰਾਸਟਰੀ ਵਪਾਰ ਤੋਂ ਲਾਭ ਹੈ।

### ਸਿਧਾਂਤ ਦਾ ਮੁਲਾਂਕਣ

ਹੈਬਰਲਰ ਦੇ ਵਿਕਲਪੀ ਲਾਗਤ ਸਿਧਾਂਤ ਦਾ ਮੁਲਾਂਕਣ ਹੇਠ ਲਿਖੇ ਦੋ ਢੰਗਾਂ ਨਾਲ ਕੀਤਾ ਜਾ ਸਕਦਾ ਹੈ-

I. ਤੁਲਨਾਤਮਕ ਲਾਗਤ ਸਿਧਾਂਤ ਨਾਲੋਂ ਵਧੀਆ

II. ਆਲੋਚਨਾਵਾਂ

### I. ਤੁਲਨਾਤਮਕ ਲਾਗਤ ਸਿਧਾਂਤ ਨਾਲੋਂ ਵਧੀਆ

ਇਸ ਸਿਧਾਂਤ ਨੂੰ ਪਰੰਪਰਾਗਤ ਅਰਥਸਾਸਤਰੀਆਂ ਜਿਵੇ ਕਿ ਐਡਮ ਸਮਿੱਥ ਅਤੇ ਡੇਵਿਡ ਰਿਕਾਰਡੋ ਦੁਆਰਾ ਦਿੱਤੇ ਤੁਲਨਾਤਮਕ ਲਾਗਤ ਸਿਧਾਂਤ ਤੋਂ ਵਧੀਆ ਹੇਠਾ ਲਿਖੇ ਕਾਰਨਾਂ ਕਰਕੇ ਮੰਨਿਆ ਜਾਂਦਾ ਹੈ-

1) ਇਹ ਮਾਡਲ ਪਰੰਪਰਾਗਤ ਸਿਧਾਂਤ ਦੀ ਤਰ੍ਹਾਂ ਕਿਰਤ ਮੁਲ ਸਿਧਾਂਤ ਦੀ ਮਾਨਤਾ ਤੇ ਅਧਾਰਿਤ ਨਹੀਂ ਹੈ। ਜਿਸ ਕਰਕੇ ਇਹ ਅਸਲ ਦੇ ਜਿਆਦਾ ਨੇੜੇ ਹੈ।
2) ਹੈਬਰਲਰ ਦਾ ਸਿਧਾਂਤ ਵਪਾਰ ਤੋਂ ਪਹਿਲਾਂ ਅਤੇ ਬਾਅਦ ਦੀਆਂ ਸਥਿਤੀਆਂ ਦੀ ਸਮਾਨ ਵਿਕਲਪੀ ਲਾਗਤ, ਵਧਦੀ ਵਿਕਲਪੀ ਲਾਗਤ ਅਤੇ ਘਟਦੀ ਵਿਕਲਪੀ ਲਾਗਤ ਦੇ ਅਧੀਨ ਵਿਆਖਿਆ ਕਰਦਾ। ਜਦੋਂ ਕਿ

ਪਰੰਮਪਰਾਗਤ ਸਿਧਾਂਤ ਕੇਵਲ ਦੋ ਦੇਸਾਂ ਦੇ ਅਧੀਨ ਸਮਾਨ ਲਾਗਤ ਦੇ ਨਿਯਮ ਦੀ ਹੀ ਵਿਆਖਿਆ ਕਰਦਾ ਹੈ

3) ਵਿਕਲਪੀ ਲਾਗਤ ਸਿਧਾਂਤ ਵਪਾਰ ਸਿਧਾਂਤ ਵਿਚ ਸਾਧਨ ਪ੍ਰਤੀਸਥਾਪਨ ਦੇ ਮਹੱਤਵ ਨੂੰ ਦੱਸਦਾ ਹੈ।
4) ਵਿਕਲਪੀ ਲਾਗਤ ਨੂੰ ਆਸਾਨੀ ਨਾਲ ਮਾਪਿਆ ਜਾ ਸਕਦਾ ਹੈ।
5) ਵਿਕਲਪੀ ਲਾਗਤ ਦਾ ਸਿਧਾਂਤ ਸਾਨੂੰ ਦੱਸਦਾ ਹੈ ਕਿ ਵਪਾਰ ਕਿਉਂ ਅਤੇ ਕਦੋਂ ਹੋਣਾ ਚਾਹੀਦਾ ਹੈ ਕਿ ਲਾਭ ਨੂੰ ਦੋ ਦੇਸਾਂ ਵਿਚਾਲੇ ਕਿਵੇਂ ਵੰਡਿਆ ਜਾਂਦਾ ਹੈ।

**II. ਆਲੋਚਨਾਵਾਂ**

ਹੈਬਰਲਰ ਦਾ ਵਿਕਲਪੀ ਲਾਗਤ ਸਿਧਾਂਤ ਆਲੋਚਨਾਵਾਂ ਤੋਂ ਮੁਕਤ ਨਹੀਂ ਹੈ। ਇਸ ਸਿਧਾਂਤ ਦੇ ੍ਰਆਲੋਚਨਾ ਜੈਕੋਬ ਵਾਇਨਰ ਵਲੋਂ ਇਸ ਪ੍ਰਕਾਰ ਕੀਤੀ ਗਈ –

1) ਜੈਕੋਬ ਵਾਇਨਰ ਦੇ ਅਨੁਸਾਰ ਇਸ ਸਿਧਾਂਤ ਤੋਂ ਕਲਿਆਣ ਸੰਬੰਧੀ ਵਿਸਲੇਸ਼ਣ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਸਿਧਾਂਤ ਤਿਆਗ ਅਤੇ ਤੁਸਟੀਗੁਣ ਦੀ ਅਣਹੋਂਦ ਆਦਿ ਅਸਲ ਮੁਲ ਨੂੰ ਨਹੀਂ ਦੱਸਦਾ।
2) ਹੈਬਰਲਰ ਦੇ ਸਿਧਾਂਤ ਦੀਆਂ ਮਾਨਤਾਵਾਂ ਜਿਵੇਂ ਕਿ ਦੋ ਦੇਸ, ਦੋ ਵਸਤਾਂ, ਦੋ ਸਾਧਨ, ਪੂਰਨ ਪ੍ਰਤੀਯੋਗਤਾ, ਪੂਰਨ ਰੋਜ਼ਗਾਰ ਆਦਿ ਅਸਲ ਦੁਨੀਆਂ ਵਿਚ ਸੱਚ ਨਹੀਂ ਹਨ।
3) ਜੈਕੋਬ ਵਾਇਨਰ ਅਨੁਸਾਰ ਵਿਕਲਪੀ ਲਾਗਤ ਸਿਧਾਂਤ ਤੋਂ ਸਾਧਨਾਂ ਦੀ ਪੂਰਤੀ ਵਿਚ ਹੋਣ ਵਾਲੇ ਬਦਲਾਵਾਂ ਦਾ ਪਤਾ ਨਹੀਂ ਚੱਲਦਾ।

**ਪਾਠ ਨੰਬਰ : 1.4**

# ਸਮਾਨ ਕੀਮਤ ਸਮਾਨਕਰਨ ਪ੍ਰਮੇਯ ਅਤੇ ਆਪਸੀ ਮੰਗ ਦਾ ਸਿਧਾਂਤ


1. **ਭੂਮਿਕਾ**
2. **ਪਾਠ ਦੇ ਉਦੇਸ਼**
3. **ਸਮਾਨ ਕੀਮਤ ਸਮਾਨੀਕਰਨ ਪ੍ਰਮੇਯ** ਅਤੇ ਆਪਸੀ ਮੰਗ ਦਾ ਸਿਧਾਂਤ
4. **ਇਸਦੀਆਂ ਆਲੋਚਨਾਵਾਂ**
5. **ਸਿੱਟਾ**
6. **ਛੋਟੇ ਉਤਰਾਂ ਵਾਲੇ ਪ੍ਰਸ਼ਨਾਂ**
7. **ਵੱਡੇ ਉਤਰਾਂ ਵਾਲੇ ਪ੍ਰਸ਼ਨ**
8. **ਪ੍ਰਤਸਤਾਵਿਤ ਪੁਸਤਕਾ**


## 1. ਭੂਮਿਕਾ

ਹੈਕਸਰ ਉਹਲਿਨ ਸਿਧਾਂਤ ਦਸਦਾ ਹੈ ਕਿ ਵਪਾਰ ਸ਼ੁਰੂ ਹੋਣ ਤੋਂ ਪਹਿਲਾਂ ਦੋ ਦੇਸ਼ਾਂ ਦੇ ਵਿਚ ਸਾਪੇਖ ਕੀਮਤਾਂ ਵੱਖ-ਵੱਖ ਹੁੰਦੀਆ ਹਨ। ਜਦ ਇਹ ਮੰਨਕੇ ਕਿ ਮਾਲ ਢੁਆਈ ਤੇ ਕੋਈ ਲਾਗਤ ਨਹੀਂ ਹੈ,ਵਪਾਰ ਸ਼ੁਰੂ ਕੀਤਾ ਜਾਦਾ ਹੈ,ਤਾਂ ਸਾਪੇਖ ਵਸਤੂ ਕੀਮਤਾ ਬਰਾਬਰ ਹੋ ਜਾਦੀਆਂ ਹਨ। ਪਰ ਸੁਆਲ ਇਹ ਹੈ ਕਿ ਕੀ ਸਾਧਨਾ ਦੀਆਂ ਵਾਸਤਵਿਕ ਗਤੀਆਂ ਦੀ ਅਣਹੋਂਦ 'ਚ ਵੀ,ਦੋ ਦੇਸ਼ਾਂ 'ਚ ਦੋ ਵਸਤਾਂ ਦੇ ਉਤਪਾਦਨ 'ਚ ਲੱਗੇ ਉਤਪਾਦਨ ਦੇ ਸਾਧਨਾ ਦੀਆਂ ਕੀਮਤਾਂ ਬਰਾਬਰ ਹੋ ਜਾਣਗੀਆਂ। ਸਾਧਨ ਕੀਮਤ ਸਮਾਨੀਕਰਨ ਦੀ ਇਹ ਸਮੱਸਿਆ ਅਰਥਸ਼ਾਸ਼ਤ੍ਰੀਆਂ 'ਚ ਬਹੁਤ ਬਹਿਸ ਦਾ ਵਿਸ਼ਾ ਰਹੀ ਹੈ। ਖੁਦ ਹੈਕਸ਼ਰ ਨੇ ਇਹ ਸੁਝਾਉ ਦਿਤਾ ਸੀ ਕਿ ਜੇਕਰ ਇਹ ਮੰਨ ਲਿਆ ਜਾਏ ਕਿ ਦੋਵੇ ਦੇਸ਼ਾਂ 'ਚ ਇਕ ਹੀ ਤਕਨੀਕ ਅਪਨਾਈ ਜਾ ਰਹੀ ਹੈ, ਤਾ ਸਾਧਨਾ ਦੀਆਂ ਵਾਸਤਵਿਕ ਗਤੀਆਂ ਦੇ ਬਗੈਰ ਹੀ ਵਪਾਰ ਤੋਂ ਸਾਧਨ ਸਮਾਨੀਕਰਨ ਹੋ ਜਾਏਗਾ। ਪਰੰਤੂ ਉਸਨੂੰ ਵਿਸ਼ਵਾਸ਼ ਸੀ ਕਿ ਵਾਸਤਵਿਕਤਾ 'ਚ ਦੋ ਦੇਸ਼ਾਂ 'ਚ ਉਤਪਾਦਨ ਦੀਆਂ ਤਕਨੀਕਾਂ ਇਕੋ ਜਿਹੀਆਂ ਹੋਣ ਦੀ ਸੰਭਾਵਨਾ ਨਹੀਂ ਹੈ। ਇਸ ਲਈ ਕਦੇ ਵੀ ਪੂਰਨ ਸਾਧਨ ਕੀਮਤ ਸਮਾਨੀਕਰਨ ਨਹੀਂ ਹੋਵੇਗਾ। ਉਸਦਾ ਮੱਤਹੈ ਕਿ ਪੂਰਨ ਸਾਧਨ ਕੀਮਤ ਸਮਾਨੀਕਰਨ ਸਿਰਫ ਤਦੇ ਹੋ ਸਕਦਾ ਹੈ ਜਦ ਉਤਪਾਦਨ ਦੇ ਸਾਧਨਸੁਤੰਤਰਤਾ-ਪੂਰਬਕ ਦੋਵਾਂ ਦੇਸ਼ਾਂ ਦੇ ਵਿਚ ਗਤੀਸੀਲ ਹਨ।

## 2. ਪਾਠ ਦੇ ਉਦੇਸ਼

ਇਸ ਪਾਠ ਵਿਚ ਅਸੀਂ ਸਮਾਨ ਕੀਮਤ ਸਮਾਨੀਕਰਨ ਪ੍ਰਮੇਯ ਦੀਆਂ ਮਾਨਤਾਵਾਂ, ਇਸ ਦੀ ਵਿਆਖਿਆ ਅਤੇ ਅਲੋਚਨਾਵਾਂ ਬਾਰੇ ਪੜ੍ਹਾਂਗੇ।

## 3. ਸਮਾਨ ਕੀਮਤ ਸਮਾਨੀਕਰਨ ਪ੍ਰਮੇਯ

ਸੈਮਿਉਲਸਨ ਨੇ ਇਹ ਸਪਸ਼ਟ ਕੀਤਾ ਹੈ ਕਿ ਕੁਝ ਖਾਸ ਹਾਲਾਤਾਂ ਦੇ ਅੰਤਰਗਤ ਵਸਤਾਂ ਦੇ ਸੁਤੰਤਰ ਵਪਾਰਤੋਂ ਲਾਜ਼ਮੀ ਤੌਰ ਤੇ ਪੂਰਨ ਸਾਧਨ ਕੀਮਤ ਸਮਾਨੀਕਰਨ ਹੋ ਜਾਏਗਾ।

ਇਸਦੀਆਂ ਮਾਨਤਾਵਾਂ:

ਸੈਮਿਉਲਸਨ ਸਿਧਾਂਤ ਉਪਕਲਪਨਾਵਾ ਜਾਂ ਮਾਨਤਾਵਾਂ ਤੇ ਅਧਾਰਤ ਹੈ:

1. ਸਿਰਫ ਦੋ ਦੇਸ਼ ਹਨ, ਮੰਨ ਲਉ ੳ (ਅਮਰੀਕਾ) ਅਤੇ ਅ (ਬ੍ਰਿਟੇਨ)।
2. ਉਹ ਦੋ ਵਸਤਾ ਦਾ,ਮੰਨ ਲਉ ਅਨਾਜ ( ਕ ) ਅਤੇ ਕਪੜੇ ਦਾ ਉਤਪਾਦਨ ਅਤੇ ਵਪਾਰਕਰਦੇ ਹਨ।
3. ਇਹਨਾਂ ਵਸਤਾਂ ਦਾ ਉਤਪਾਦਨ ਕਰਨ ਲਈ ਦੋ ਸਾਧਨ ਹਨ ਭੂਮੀ (ੲ) ਅਤੇ ਕਿਰਤ।
4. ਹਰ ਇਕ ਵਸਤੂ ਦਾ ਉਤਪਾਦਨ ਫਲਨ ਇਕ ਕੋਟੀ ਦਾ ਸਮਰੂਪ ਹੈ ਇਸ ਲਈ ਉਸ ਤੇ ਆਈਲਰ ਦਾ ਸਿਧਾਂਤ ਲਾਗੂ ਹੁੰਦਾ ਹੈ। ਦੂਜੇ ਸ਼ਬਦਾਂ 'ਚ ਉਹ ਪੈਮਾਨੇ ਲਈ ਸਥਿਰਪ੍ਰਤੀਫਲ ਦਰਸਾਉਂਦੇ ਹਨ।
5. ਉਤਪਾਦਨ ਦੇ ਸਾਧਨ ਘਟਦੀ ਸੀਮਾਂਤ ਉਤਪਦਾਕਤਾ ਦੇ ਨਿਯਮ ਦੇ ਅੰਤਰਗਤ ਕਾਰਜਕਰਦੇ ਹਨ।
6. ਹਰ ਇਕ ਵਸਤੂ ਲਈ ਸਾਧਨ ਗਹਿਨਤਾਵਾਂ ਵੱਖ-ਵੱਖ ਹਨ। ਅਨਾਜ ਮੁਕਾਬਲਤਨ ਭੂਮੀ-ਗਹਿਨ ਅਤੇ ਕਪੜਾ ਮੁਕਾਬਲਤਨ ਕਿਰਤ ਗਹਿਨ ਹੈ।
7. ਦੋਂਵੇ ਦੇਸ਼ਾਂ 'ਚ ਹਰ ਇਕ ਵਸਤੂ ਦਾ ਤਕਨੀਕੀ ਉਤਪਾਦਨ ਫਲਨ ਇਕੋ ਜਿਹਾ ਹੈ।
8. ਜ਼ਮੀਨ ਅਤੇ ਕਿਰਤ ਆਗਤਾਂ ਨੂੰ ਦੋਵੇਂ ਦੇਸ਼ਾਂ'ਚ ਗੁਣਾਤਮਕ ਰੂਪ ਨਾਲਇਕੋਜਿਹਾ ਮੰਨ ਲਿਆ ਗਿਆ ਹੈ।
9. ਦੇਸ਼ ੳ ਭੂਮੀ (ਜਾਂ ਪੂੰਜੀ) ਬਹੁਤ ਦੇਸ਼, ਅ ਕਿਰਤ-ਬਹੁਤ ਦੇਸ਼ ਹੈ।
10. ਪੂਰਨ ਮੁਕਾਬਲਾ ਹੈ।
11. ਪ੍ਰਸ਼ੁਲਕ ਨਹੀ ਹੈ।
12. ਮਾਲ ਢੁਆਈ ਲਾਗਤਾਂ ਨਹੀਂ ਹਨ।
13. ਉਤਪਾਦਨ ਦੇ ਸਾਧਨ ਦੋਵੇਂ ਦੇਸ਼ਾਂ ਦੇ ਵਿਚ ਗਤੀਸੀਲ ਨਹੀਂ ਹਨ।
14. ਹਰ ਇਕ ਸਾਧਨ ਹਰਇਕ ਦੇਸ਼ ਪੂਰਨ ਨਿਯੋਜਿਤਹੈ।
15. ਉਤਪਾਦਨ 'ਚ ਪ੍ਰਯੋਗ ਕੀਤੇ ਜਾਣ ਵਾਲੇ ਉਤਪਾਦਨ ਦੇ ਸਾਧਨਾਂ ਦੀਆਂ ਮਾਤ੍ਰਾਵਾਂ ਸਥਿਰ ਮੰਨ ਲਈਆਂ ਗਈਆਂ ਹਨ।
16. ਦੋਵੇ ਦੇਸ਼ਾਂ'ਚ ਰੁਚੀਆਂ ਇਕੋ ਜਿਹੀਆਂ ਹਨ।
17. ਦੋਵੇਂ ਦੇਸ ਉਤਪਾਦਨ ਦੇ ਦੋਨੋਂ ਸਾਧਨਾਂ ਦਾ ਪ੍ਰਯੋਗ ਕਰਦੇ ਹੋਏ ਦੋਵੇਂ ਵਸਤਾਂ ਦਾ ਉਤਪਾਦਨ ਕਰਦੇ ਹਨ। ਇਸਦਾ ਮਤਲਬ ਹੈ ਕਿ ਕੋਈ ਵੀ ਦੇਸ਼ ਕਿਸੇ ਇਕ ਵਸਤੂ ਦੇ ਉਤਪਾਦਨ 'ਚ ਪੂਰੀ ਤਰ੍ਹਾਂ ਵਿਸ਼ਿਸ਼ਟੀਕਰਨ ਨਹੀਂ ਕਰਦਾ ਹੈ।

**ਵਿਆਖਿਆ**


ਇਹਨਾਂ ਮਾਨਤਾਵਾਂ ਦੇ ਦਿੱਤੇ ਹੋਣ ਤੇ ਦੋਵਾਂ ਦੇਸ਼ਾਂ 'ਚ ਵਾਸਤਵਿਕ ਸਾਧਨ ਕੀਮਤਾਂ ਜਰੂਰ ਠੀਕ ਇਕੋ ਜਿਹੀਆਂ ਹੋਣਗੀਆਂ ਅਤੇ ਦਰਅਸਲ ਅਮਰੀਕਾ 'ਚ ਅਨਾਜ ਦੇ ਉਤਪਾਦਨ 'ਚ ਵਰਤੀਦੇ ਆਗਤਾਂ ਦਾ ਅਨੁਪਾਤ ਬ੍ਰਿਟੇਨ 'ਚ ਅਨਾਜ ਦੇ ਉਤਪਾਦਨ 'ਚ ਵਰਤੀਆਂ ਜਾਦੀਆਂ ਆਗਤਾਂ ਦੇ ਬਰਾਬਰ ਹੋਏਗਾ ਅਤੇ ਇਹੀ ਗਲ ਕਪੜੇ ਦੇ ਉਤਪਾਦਨ 'ਚ ਵੀ ਹੋਏਗੀ ਸੈਮਿਉਲਸਨ ਨੇ ਇਸ ਸਿਧਾਂਤ ਲਈ ਹੇਠ ਲਿਖਿਤ ਸਹਿਜ ਪ੍ਰਮਾਣ ਦਿੱਤਾ ਹੈ। ਇਹ ਮੰਨ ਲੈਣ ਤੇ ਕਿ ਪੂਰਨ ਮੁਕਾਬਲਾ ਹੈ, ਹਰਇਕ ਦੇਸ਼ 'ਚ ਕਪੜੇ ਤੋਂ ਅਨਾਜ ਦੀ ਕੀਮਤ ਦਾ ਅਨੁਪਾਤ ਹਰਇਕ ਦੇਸ 'ਚ ਕਪੜਾ ਵਿਨਿਰਮਾਣ ਦੀ ਸੀਮਾਂਤ ਲਾਗਤ ਤੋਂ ਅਨਾਜ ਉਤਪਾਦਨ ਦੀ ਸੀਮਾਂਤ ਲਾਗਤ ਦੇ ਅਨੁਪਾਤ ਦੇ ਬਰਾਬਰ ਹੋਵੇਗਾ। ਫਿਰ ਦੋਵੇਂ ਦੇਸ਼ਾਂ'ਚ ਅਨਾਜ ਦੀ ਇਕ ਕੀਮਤ ਹੋਵੇਗੀ ਅਤੇ ਕਪੜੇ ਦੀ ਇਕ ਕੀਮਤ ਹੋਵੇਗੀ, ਕਿਉਂਕਿ ਇਹ ਮੰਨ ਲਿਆ ਗਿਆ ਹੈ ਕਿ ਵਪਾਰ ਸੁਤੰਤਰ ਹੈ ਅਤੇ ਉਸ ਤੇ ਕੋਈ ਰੋਕ ਨਹੀ ਹੈ ਅਤੇ ਮਾਲ-ਢੁਆਈ ਲਾਗਤਾਂ ਨਹੀਂ ਹਨ।

ਕਿਉਂਕਿ ਕੀਮਤਾਂ ਸੀਮਾਂਤ ਲਾਗਤਾਂ ਨੂੰ ਪ੍ਰਗਟਾਉਦੀਆਂ ਹਨ,ਇਸਲਈ ਜੇਕਰ ਦੋਵੇ ਦੇਸ਼ਾਂ'ਚ ਕੀਮਤਾਂ ਇਕੋ ਜਿਹੀਆਂ ਹਨ ਤਾਂ ਸੀਮਾਂਤ ਲਾਗਤਾਂ ਵੀ ਜਰੂਰ ਇਕੋ ਜਿਹੀਆਂ ਹੋਣਗੀਆ। ਇਸਤਰ੍ਹਾਂ ਅਮਰੀਕਾ ਅਤੇ ਬ੍ਰਿਟੇਨ 'ਚ ਅਨਾਜ ਅਤੇ ਕਪੜੇ ਦੇ ਉਤਪਾਦਨ ਦੀ ਸੀਮਾਂਤ ਲਾਗਤ ਇਕੋ ਜਿਹੀ ਹੋਵੇਗੀ। ਫਿਰ,ਇਹ ਮੰਨ ਲੈਣ ਤੇ ਕਿ ਉਤਪਾਦਨ ਫਲਨ ਸਮਰੂਪ ਹੈ, ਦੋਵੇਂ ਦੇਸ਼ਾਂ ਚ ਕਿਰਤ ਦੀ ਸੀਮਾਂਤ ਉਤਪਾਦਕਤਾ ਇਕੋਜਿਹੀ ਹੈ। ਅਤੇ ਕਿਉਂਕਿ ਉਤਪਾਦਨ ਦੇ ਸਾਧਨਾਂ ਨੂੰ ਕੀਤੇ ਗਏ ਭੁਗਤਾਨ ਸੀਮਾਂਤ ਉਤਪਾਦਕਤਾਵਾਂ ਨੂੰ ਪ੍ਰਗਟਾਉਂਦੇ ਹਨ,ਇਸ ਲਈ ਦੋਵੇ ਦੇਸ਼ਾਂ 'ਚ ਮਜ਼ਦੂਰੀ ਜ਼ਰੂਰ ਇਕੋ ਜਿਹੀ ਹੋਵੇਗੀ। ਦੂਜੇ ਸਾਧਨ ਅਰਥਾਤ ਭੂਮੀ ਤੇ ਵੀ ਇਹੀ ਤਰਕ ਲਾਗੂ ਹੁੰਦਾ ਹੈ।

ਸੈਮਿਉਲਸਨ ਦੇ ਸਹਿਜ ਪ੍ਰਮਾਣ ਨੂੰ ਪਰਖਨ ਲਈ ਅਸੀਂ ਇਹ ਮੰਨ ਲਈਏ ਕਿ ਅਮਰੀਕਾ ਦੇ ਮੁਕਾਬਲੇ ਬ੍ਰਿਟੇਨ 'ਚ ਮਜ਼ਦੂਰੀ ਦੀ ਦਰ ਘੱਟ ਹੈ। ਕਿਉਂਕਿ ਲਾਗਤਾਂ ਨੂੰ ਸਿਰਫ ਸਾਧਨ ਕੀਮਤਾਂ ਨਿਰਧਾਰਤ ਕਰਦੀਆਂ ਹਨ ਇਸ ਲਈ ਕਿਰਤ-ਗਹਿਨ ਕਪੜੇ ਦੀ ਕੀਮਤ ਬ੍ਰਿਟੇਨ 'ਚ ਮੁਕਾਬਲਤਨ ਘੱਟ ਹੋਵੇਗੀ। ਇਸ ਤੋਂ ਅਮਰੀਕਾ 'ਚ ਕਪੜੇ ਦੀ ਮੰਗ ਵੱਧ ਜਾਏਗੀ। ਜਿਉਂ-ਜਿਉਂ ਕਪੜੇ ਦਾ ਉਤਪਾਦਨ ਵਧਦਾ ਹੈ, ਤਿਉਂ-ਤਿਉਂ ਭੂਮੀ ਦੇ ਲਗਨ ਦੀ ਸਾਪੇਖਤਾ 'ਚ ਮਜਦੂਰੀ ਵੱਧ ਜਾਂਦੀ ਹੈ। ਜਦੋਂ ਤੋਂ ਲਗਾਨ ਮਜ਼ਦੂਰੀ ਦਾ ਅਨੁਪਾਤ ਵਧੇਗਾ ਤਾਂ ਉਹ ਪ੍ਰਤਿਯੋਗੀ ਬਾਜ਼ਾਰ 'ਚ ਬ੍ਰਿਟੇਨ 'ਚ ਭੂਮੀ ਗਹਿਨ ਅਨਾਜ ਦੀ ਸਾਪੇਖਤਾ 'ਚ ਕਿਰਤ ਗਹਿਨ ਕਪੜੇ ਦੀ ਕੀਮਤ ਨੂੰ ਜ਼ਰੂਰ ਵਧਾ ਦਏਗਾ। ਇਸ ਤਰ੍ਹਾਂ ਅਮਰੀਕਾ ਤੋਂ ਭੂਮੀ ਗਹਿਨ ਅਨਾਜ ਦਾ ਆਯਾਤ ਬ੍ਰਿਟੇਨ 'ਚ ਦੁਰਲਭਤਾ ਅਤੇ ਅਨਾਜ ਉਦਯੋਗ ਦੇ ਲਗਾਨ ਤੋਂ ਮਜ਼ਦੂਰੀ ਦਾ ਅਨੁਪਾਤ ਘਟਾ ਦਏਗਾ। ਇਹੀ ਤਰਕ ਅਮਰੀਕਾ 'ਚ ਅਨਾਜ ਅਤੇ ਕਪੜੇ ਦੇ ਉਤਪਾਦਨ ਤੇ ਲਾਗੂ ਹੁੰਦਾ ਹੈ।

ਸਾਧਨ ਕੀਮਤ ਸਮਾਨੀਕਰਨ ਸਿਧਾਂਤ ਨੂੰ ਲਰਨਰ ਦੇ ਥੋੜੇ ਸੋਧੇ ਹੋਏ ਪ੍ਰਸਤੁਤੀਕਰਨ ਦੇ ਰੂਪ ਚਿੱਤਰ 1'ਚ ਦਰਸਾਇਆ ਗਿਆ ਹੈ। FF ਅਨਾਜ ਦਾ ਸਮਮਾਤ੍ਰਾਵਕ੍ਰ ਹੈ ਅਤੇ CC ਕਪੜੇ ਦਾ ਸਮਮਾਤ੍ਰਾ ਵਕ੍ਰ ਹੈ। ਉਹ ਦੋਵੇਂ ਦੇਸ਼ਾਂ 'ਚ ਦੋਨੋਂ ਵਸਤਾਂ ਦੇ ਉਤਪਾਦਨ ਫਲਨਾਂ ਨੂੰ ਪ੍ਰਗਟਾਉਂਦੇ ਹਨ। OR ਅਤੇ OS ਰੇਖਾਵਾਂ ਚਿਪਮਨ ਦੇ ਮੁਤਾਬਕ ਬਹੁਵਿਧਕਰਨ ਕੋਣਪ੍ਰਸਤੁਤ ਕਰਦੀਆਂ ਹਨ, ਚਿੱਤਰ 'ਚ ROS ਹੈ। ਜੇਕਰ ਇਹ ਮੰਨ ਲਿਆ ਜਾਏ ਕਿ ਅਮਰੀਕਾ ਅਤੇ ਬ੍ਰਿਟੇਨ 'ਚ ਵਪਾਰ ਪਸਚਾਤ ਸਾਧਨ ਕੀਮਤ ਅਨੁਪਾਤ ਨੂੰ PL ਰੇਖਾ ਪ੍ਰਗਟਾਉਦੀ ਹੈ,ਤਾਂ ਇਹ ਰੇਖਾ ਸਮਮਾਤ੍ਰਾ ਵਕ੍ਰFF ਨੂੰ R ਤੇ ਅਤੇ ਸਮਮਾਤ੍ਰਾ ਵਕ੍ਰ CC ਨੂੰ S ਤੇ ਸਪਰਸ਼ ਕਰਦੀ ਹੈ। ਮੰਨ ਲਉ ਕਿ ਅਮਰੀਕਾ 'ਚ ਅਨਾਜ ਅਤੇ ਕਪੜੇ ਦੀਆਂ ਵਪਾਰਪੂਰਬ ਸਾਪੇਖ ਸਾਧਨ ਕੀਮਤਾਂ ਨੂੰ $P_AL_A$, ਰੇਖਾ ਦੀ ਢਲਾਨ ਪ੍ਰਗਟਾਉਂਦੀ ਹੈ,ਤਾਂ ਇਹ ਰੇਖਾ ਸਮਮਾਤ੍ਰਾ ਵਕ੍ਰ FF ਨੂੰ ਬਿੰਦੂ K ਤੇ ਛੂੰਹਦੀ ਹੈ। ਇਹ ਸੰਪੰਨਤਾ ਰੇਖਾ OK ਨੂੰ ਬਣਾਉਂਦੀ ਹੈ। ਜੇਕਰ ਸੰਪੰਨਤਾ ਰੇਖਾ ROS ਕੋਣ ਤੋਂ ਬਾਹਰ ਸਥਿਤ ਰਵੇ, ਜਿਵੇਂ ਕਿ ਚਿੱਤਰ 'ਚ ਹੈ, ਤਾਂ ਅਮਰੀਕਾ ਭੂਮੀ-ਗਹਿਨ ਅਨਾਜ ਦੇ ਉਤਪਾਦਨ 'ਚ ਪੂਰੀ ਤਰ੍ਹਾਂ ਨਾਲ ਵਿਸ਼ਟੀਕਰਨ ਕਰੇਗਾ। ਪਰੰਤੂ ਸਾਧਨ ਕੀਮਤਾਂ ਇਕੋ ਜਿਹੀਆਂ ਨਹੀਂ ਹੋਣਗੀਆਂ। ਇਥੇ ਅਨਾਜ ਦੀ ਇਕ ਇਕਾਈ ਦੇ ਉਤਪਾਦਨ ਦਾ ਭੂਮੀ-ਕਿਰਤ ਅਨੁਪਾਤ ਉੱਚਾ ਹੈ ਅਤੇ ਉਤਪਾਦਨ ਦੀ ਲਾਗਤ ਵੀ ਵੱਧ ਹੈ। ਇਸਦਾ ਕਾਰਨ ਇਹ ਹੈ ਕਿ ਮੁੱਲ ਦੀ ਦ੍ਰਿਸ਼ਟੀ ਤੋਂ ਭੂਮੀ ਦੀ ਸੀਮਾਂਤ ਉਤਪਾਦਕਤਾ ਉਸਦੇ ਲਗਾਨ ਤੋਂ ਘੱਟ ਹੈ ਅਤੇ ਮੁੱਲ ਦੀ ਦ੍ਰਿਸ਼ਟੀ ਤੋਂ ਕਿਰਤਦੀ ਸੀਮਾਂਤ ਉਤਪਾਦਕਤਾ ਉਸਦੀ ਮਜ਼ਦੂਰੀ ਤੋਂ ਵੱਧ ਹੈ। ਇਸ ਤਰ੍ਹਾਂ ਅਮਰੀਕਾ ਦੇ ਅਨਾਜ ਅਤੇ ਕਪੜੇ ਦੇ ਘਰੇਲੂ ਸਾਧਨ ਕੀਮਤ ਅਨੁਪਾਤ ਉਸਦੇ ਵਪਾਰ ਪਸ਼ਚਾਤ ਸਾਧਨ ਕੀਮਤ ਅਨੁਪਾਤਾਂ ਨਾਲ ਮੇਲ ਨਹੀਂ ਖਾਂਦੇ। ਇਸ ਲਈ ਭੂਮੀ ਦੀ ਸੀਮਾਂਤ ਉਤਪਾਦਕਤਾ ਉਸਦੇ ਲਗਾਨ ਦੇ ਬਰਾਬਰ ਸਿਰਫ਼ਤ ਦੇ ਹੋ ਸਕਦੀ ਹੈ ਜਦ $P_AL_A$,ਰੇਖਾ ਦੇ ਬਿੰਦੂ K ਦੀ ਬਜਾਇ ਅੰਤਰਰਾਸ਼ਟਰੀ ਕੀਮਤ ਰੇਖਾ PLਦੇ ਬਿੰਦੂ R ਤੇ ਮੁਕਾਬਲਤਨ ਵਧੇਰੇ ਕਿਰਤ ਅਤੇ ਘੱਟ ਭੂਮੀ ਪ੍ਰਯੋਗ 'ਚ ਲਿਆਈ ਜਾਏ।ਹੁਣ ਮੰਨ ਲਉ ਕਿ ਬ੍ਰਿਟੇਨ 'ਚ ਦੋਵੇਂ ਵਸਤਾਂ ਦੇ ਘਰੇਲੂ ਸਾਧਨ ਕੀਮਤ ਅਨੁਪਾਤਾਂ ਨੂੰ ਬਿੰਦੂ ਕਿਤ ਰੇਖਾ

$P_BL_B$ਦੀ ਢਲਾਨ ਪ੍ਰਗਟਾਉਂਦੀ ਹੈ ਜੋ ਸਮਮਾਤ੍ਰਾ ਵਕ੍ਰ CC ਨੂੰT ਤੇ ਸਪਰਸ਼ ਕਰਦੀ ਹੈ। ਇਹ ਰੇਖਾ ਸੰਪੰਨਤਾ ਰੇਖਾ OT ਨੂੰ ਬਣਾਉਂਦੀ ਹੈ। ਕਿਉਂਕਿ ਇਹ ਸੰਪੰਨਤਾ ਰੇਖਾ ਵੀ ਚਿੱਤਰ 'ਚ ROS ਕੋਣ ਦੇ ਬਾਹਰ ਸਥਿਤ ਹੈ ਇਸ ਲਈ ਬ੍ਰਿਟੇਨ ਕਿਰਤ-ਗਹਿਨ ਕਪੜੇ ਦੇ ਉਤਪਾਦਨ ਚ ਪੂਰੀ ਤਰ੍ਹਾਂ ਨਾਲ ਵਿਸ਼ਸ਼ਟੀਕਰਨ ਕਰੇਗਾ।




ਚਿੱਤਰ 1

ਪਰੰਤੂ ਸਾਧਨ ਕੀਮਤਾਂ ਇਕੋ ਜਿਹੀਆਂ ਨਹੀਂ ਹੋਣਗੀਆਂ। ਦੂਜੇ ਸਬਦਾਂ 'ਚ ਕਿਉਂਕਿ ਕਪੜਾ ਕਿਰਤ-ਗਹਿਨ ਹੈ ਇਸ ਲਈ ਮੁੱਲ ਦੀ ਦ੍ਰਿਸ਼ਟੀ ਤੋਂ ਕਿਰਤ ਦੀ ਸੀਮਾਂਤ ਉਤਪਾਦਕਤਾ ($MP_C$) ਉਸਦੀ ਮਜਦੂਰੀ ( $P_C$ ) ਤੋਂ ਘੱਟ ਹੋਵੇਗੀ ਅਤੇ ਮੁੱਲ ਦੀ ਦ੍ਰਿਸਟੀ ਤੋਂ ਭੂਮੀ ਦੀ ਸੀਮਾਂਤ ਉਤਪਾਦਕਤਾ ($MP_F$),ਉਸਦੇ ਲਗਾਨ ਤੋਂ ਵਧ ਹੋਵੇਗੀ। ਇਸ ਤਰ੍ਹਾਂ ਬ੍ਰਿਟੇਨ 'ਚ ਕਪੜੇ ਅਤੇ ਅਨਾਜ ਦਾ ਉਤਪਾਦਨ ਕਰਨ 'ਚ ( $P_F$ ) ਘਰੇਲੂ ਕੀਮਤ ਅਨੁਪਾਤ ਉਸਦੇ ਦੋਵੇਂ ਵਸਤਾਂ ਦੇ ਵਪਾਰ ਪਸਚਾਤ ਸਾਧਨ ਕੀਮਤ-ਅਨੁਪਾਤਾਂ ਨਾਲ ਮੇਲ ਨਹੀਂ ਖਾਂਦੇ। ਇਸ ਲਈ ਕਿਰਤ ਦੀ ਸੀਮਾਂਤ ਉਤਪਾਦਕਤਾ ਉਸਦੀ ਮਜ਼ਦੂਰੀ ਦੇ ਬਰਾਬਰ ਤਦ ਹੋਵੇਗੀ ਜਦ $P_BL_B$ਦੇ ਬਿੰਦੂ T ਦੀ ਬਜਾਇ ਅੰਤਰਰਾਸ਼ਟਰੀ ਕੀਮਤ ਰੇਖਾ PL ਦੇ ਬਿੰਦੂ Sਤੇ ਮੁਕਾਬਲਤਨ ਘੱਟ ਕਿਰਤ ਅਤੇ ਵੱਧ ਭੂਮੀ ਨੂੰ ਲਗਾਇਆ ਜਾਵੇਗਾ ਇਸ ਤਰ੍ਹਾਂ ਅਨਾਜ ਦੇ ਉਤਪਾਦਨ 'ਚOR ਭੂਮੀ-ਕਿਰਤ ਅਨੁਪਾਤ ਅਤੇ ਕਪੜੇ ਦੇ ਉਤਪਾਦਨ 'ਚ OS ਭੂਮੀ ਕਿਰਤ ਅਨੁਪਾਤ ਲਗਾਉਣ ਨਾਲ ਅਮਰੀਕਾ ਅਤੇ ਬ੍ਰਿਟੇਨ 'ਚ ਸਾਧਨ ਕੀਮਤਾਂ ਉਸ ਅੰਤਰਰਾਸ਼ਟਰੀ ਕੀਮਤ ਅਨੁਪਾਤ ਤੇ ਇਕੋ ਜਿਹੀਆਂ ਹੋ ਜਾਂਦੀਆਂ ਹਨ ਜਿਸਨੂੰ ਚਿੱਤਰ 'ਚ PL ਰੇਖਾ ਦਾ ਢਲਾਨ ਪ੍ਰਦਾਨ ਕਰਦਾ ਹੈ।R ਅਤੇ S ਬਿੰਦੂਆ ਤੇ ਭੂਮੀ-ਕਿਰਤ ਅਨੁਪਾਤ OR ਅਤੇ OS ਰੇਖਾਵਾਂ ਦੇ ਢਲਾਨਾਂ ਦੇ ਬਰਾਬਰ ਹੋ ਜਾਂਦਾ ਹੈ। ਸੰਤੁਲਨ ਬਿੰਦੂ S ਨਾਲ ਸੰਬੰਧਤਕਪੜੇ ਲਈ ਭੂਮੀ ਅਤੇ ਕਿਰਤ ਦੀਆਂ ਸੀਮਾਂਤ ਉਤਪਾਦਕਤਾਵਾਂ 1/OP ਅਤੇ 1/OL ਹਨ। ਇਹੀ ਅਨਾਜ ਦੇ ਸੰਬੰਧ 'ਚ ਹੈ।

ਬਿੰਦੂ S ਤੇ ਕਪੜੇ ਦੀ ਕੀਮਤ = ਮਜਦੂਰੀ * OL = ਲਗਾਨ *OP।

ਬਿੰਦੂ R ਤੇ ਅਨਾਜ ਦੀ ਕੀਮਤ ਵੀ ਇਹੀ ਹੈ = ਮਜਦੂਰੀ * OL = ਲਗਾਨ *OP।
ਇਸ ਲਈ ਦੋਵੇਂ ਵਸਤਾਂ ਦੀਆਂ ਕੀਮਤਾਂ ਬਰਾਬਰ ਹੋ ਜਾਂਦੀਆਂ ਹਨ।

## 4. ਇਸਦੀਆਂ ਆਲੋਚਨਾਵਾਂ

ਮੀਡ, ਏਲਜਵਰਥ ਅਤੇ ਹੋਰ ਅਰਥਸ਼ਾਸ਼ਤ੍ਰੀਆਂ ਨੇ ਸੈਮਿਉਲਸਨ ਦੇ ਸਾਧਨ ਕੀਮਤ ਸਮਾਨੀਕਰਨ ਸਿਧਾਂਤ ਦੀ ਇਸ ਅਧਾਰ ਨੇ ਬਹੁਤ ਕਰੜੀ **ਆਲੋਚਨਾ** ਕੀਤੀਹੈ ਕਿ ਇਸਦੀਆਂ ਮਾਨਤਾਂਵਾਂ ਬਹੁਤ ਹੀ ਅਵਰੋਧਕ ਹਨ। ਉਹਨਾ ਦਾ ਮੱਤ ਹੈ ਕਿ ਸਾਧਨ-ਕੀਮਤ ਸਮਾਨੀਕਰਨ ਅੰਸ਼ਕ ਹੀ ਹੋ ਸਕਦਾ ਹੈ ਪੂਰਨ ਨਹੀਂ।

ਇਕਮਾਨਤਾ ਇਹ ਹੈ ਕਿ ਉਤਪਾਦਨ ਦੇ ਦੋਵੇਂ ਸਾਧਨ ਦੋਵੇਂ ਦੇਸ਼ਾਂ 'ਚ ਉਪਲਬਧ ਹਨ। ਪਰ ਸੰਭਵ ਇਹ ਹੈ ਕਿ ਇਕ ਦੇਸ 'ਚ ਇਕ ਹੀ ਸਾਧਨ ਉਪਲਬਧ ਹੁੰਦਾ ਹੈ। ਇਸਦਾ ਨਤੀਜਾ ਇਹਹੋਵੇਗਾ ਕਿ ਦੇਵੇ ਦੇਸ਼ਾਂ'ਚ ਉਪਲਬਧ ਹੋਣ ਵਾਲੇ ਇਕੋਜਿਹੇ ਸਾਧਨ ਦੀਆਂ ਸੀਮਾਂਤ ਉਤਪਾਦਕਤਾਵਾਂ ਵੱਖ-ਵੱਖ ਹੋਣਗੀਆਂ ਅਤੇ ਦੇਵੇ ਦੇਸ਼ਾਂ 'ਚ ਉਸ ਸਾਧਨ ਦੀਆਂ ਕੀਮਤਾ ਦਾ ਸਮਾਨੀਕਰਨ ਨਹੀਂ ਹੋ ਸਕਦਾ।

ਇਸ ਸਿਧਾਂਤ ਦੀ ਇਹ ਮਾਨਤਾ ਵੀ ਹੈ ਕਿ ਦੋਵੇਂ ਦੇਸ਼ਾਂ 'ਚ ਉਤਪਾਦਨ ਫਲਨ ਇਕੋ ਜਿਹੇ ਹਨ। ਅਸਲ 'ਚ ਉਤਪਾਦਨ ਫਲਨ ਕਦੇ ਇਕਰੂਪ ਨਹੀਂ ਹੁੰਦੇ। ਜੇਕਰ ਦੋ ਦੇਸ਼ਾਂ ਦੇ ਸੰਸਾਧਨ ਇਕੋ ਜਿਹੇ ਵੀ ਹੋਣ, ਤਾਂ ਵੀ ਇਹ ਜਰੂਰੀ ਨਹੀ ਹਨ ਕਿ ਉਹ ਇਕੋ ਜਿਹੀ ਵਸਤੂ ਦਾ ਉਤਪਾਦਨ ਕਰਨਗੇ।

ਵਸਤਾਂ ਨੂੰ ਇਕ ਦੇਸ਼ ਤੋਂ ਦੂਜੇ ਦੇਸ਼ ਭੇਜਣ ਤੇ ਕੁਝ ਨਾ ਕੁਝ ਲਾਗਤ ਤੇ ਆਏਗੀ ਹੀ। ਇਸ ਲਈ ਅਮਰੀਕਾ ਦੇ ਮੁਕਾਬਲੇ ਬ੍ਰਿਟੇਨ 'ਚ ਅਨਾਜ ਦੀ ਕੀਮਤ ਵਧੇਰੇ ਹੋਏਗੀ। ਇਸਦਾ ਨਤੀਜਾ ਇਹ ਹੋਵੇਗਾ ਕਿ ਅਮਰੀਕਾ ਦੇ ਮੁਕਾਬਲੇ ਬ੍ਰਿਟੇਨ 'ਚ ਕਿਰਤ ਦਾ ਸੀਮਾਂਤ ਉਤਪਾਦਨ ਘੱਟ ਹੋਵੇਗਾ,ਇਸਲਈ ਮਜ਼ਦੂਰੀ ਦੀ ਦਰ ਨੀਵੀਂ ਹੋਵੇਗੀ। ਅਜਿਹੇ ਹੀ ਤਰਕ ਨਾਲਬ੍ਰਿਟੇਨ ਦੇ ਮੁਕਾਬਲੇ ਅਮਰੀਕਾ 'ਚ ਭੂਮੀ ਦਾ ਸੀਮਾਤ ਉਤਪਾਦਨ ਅਤੇ ਇਸੇ ਤੋਂ ਲਗਾਨ ਘੱਟ ਹੋਵੇਗਾ। ਇਸ ਤਰ੍ਹਾਂ ਸਾਧਨ ਕੀਮਤ ਸਮਾਨੀਕਰਨ ਇਕ ਦੂਰ ਦੀ ਸੰਭਾਵਨਾ ਬਣਕੇ ਰਹਿ ਜਾਂਦਾ ਹੈ।

ਮੀਡ ਨੇ ਸਿੱਧ ਕੀਤਾ ਹੈ ਕਿ ਜੇਕਰ ਵਸਤਾ 'ਚੋਂ ਕਿਸੇ ਇਕ ਦੇ ਵਿਨਿਰਮਾਣ 'ਚ ਉਤਪਾਦਨਦੀਆਂ ਕਿਫਾਇਤਾਂ ਘੱਟ ਖਰਚੇ ਹੋਣਗੀਆਂ, ਤਾਂ ਸਾਧਨ ਕੀਮਤ ਸਮਾਨੀਕਰਨ ਨਹੀਂ ਹੋਵੇਗਾ। ਮੰਨ ਲਉ ਕਿ ਅਮਰੀਕਾ ਦੇ ਮੁਕਾਬਲੇ ਬ੍ਰਿਟੇਨ ਨੂੰ ਕਪੜੇ ਦੇ ਵਿਨਿਰਮਾਣ 'ਚ ਵੱਡੇ ਪੈਮਾਨੇ ਤੇਉਤਪਾਦਨ ਦੀਆਂ ਵੱਧ ਕਿਫਾਇਤਾਂ ਉਪਲਬਧ ਹਨ। ਇਸਲਈ ਕਿਰਤ ਦੀ ਸੀਮਾਂਤ ਉਤਪਾਦਕਤਾਬ੍ਰਿਟੇਨ 'ਚ ਜ਼ਿਆਦਾ ਹੋਵੇਗੀ ਅਤੇ ਅਮਰੀਕਾ 'ਚ ਘੱਟ। ਇਹ ਸੰਭਵ ਹੈ ਕਿ ਦੋਵੇਂ ਦੇਸ਼ਾਂ 'ਚ ਵਸਤੂ ਕੀਮਤਾਂ ਇਕੋ ਜਿਹੀਆਂ ਹੋਣ ਪਰੰਤੂ ਉਹਨਾਂ 'ਚ ਸਾਧਨ ਕੀਮਤਾਂ ਵੱਖ-ਵੱਖ ਹੋਣਗੀਆਂ। ਪਰ ਜੇਕਰ ਵਧਦੇ ਹੋਏ ਪ੍ਰਤੀਫਲ ਹਨ ਤਾਂ ਵੀ ਸਿਧਾਂਤ ਅਸਫਲ ਹੋ ਜਾਂਦਾ ਹੈ। ਇਸਦਾ ਕਾਰਨ ਇਹ ਹੈ ਕਿ ਵਧਦੇ ਹੋਏ ਪ੍ਰਤੀਫਲ ਅਤੇ ਪੂਰਨ ਮੁਕਾਬਲਾ ਆਪਸ 'ਚ ਮੇਲ ਨਹੀਂ ਖਾਂਦਾ।

ਇਸ ਸਿਧਾਂਤ ਦੀ ਇਕ ਮਾਨਤਾ ਇਹ ਵੀ ਹੈ ਕਿ ਕੋਈ ਵੀ ਦੇਸ਼ ਕਿਸੇ ਇਕ ਇਕੱਲੀ ਵਸਤੂ ਦੇ ਉਤਪਾਦਨ 'ਚ ਵਿਸਿਸ਼ਟੀਕਰਨ ਨਹੀ ਕਰਦਾ। ਪਰੰਤੂ ਇਸ ਗਲ ਦੀ ਪੂਰੀ ਪੂਰੀ ਸੰਭਾਵਨਾ ਰਹਿੰਦੀ ਹੈ ਕਿ ਸਾਧਨ ਕੀਮਤ ਸਮਾਨੀਕਰਨ ਤੋਂ ਪਹਿਲਾਂ ਕੋਈ ਇਕ ਦੇਸ਼ ਕਿਸੇ ਇਕ ਵਸਤੂ ਦੇ ਉਤਪਾਦਨ 'ਚ ਪੂਰੀ ਤਰ੍ਹਾਂ ਵਿਸ਼ਿਸ਼ਟੀਕਰਨ ਕਰ ਲਏਗਾ। ਅਜਿਹਾ ਉਸ ਸਥਿਤੀ 'ਚ ਹੋ ਸਕਦਾ ਹੈ ਜਦ ਵਿਸ਼ਿਸ਼ਟੀਕਰਨ ਉਦਯੋਗ ਦੀ ਤੁਲਨਾ 'ਚ ਦੂਜਾ ਉਦਯੋਗ ਬਹੁਤ ਛੋਟਾ ਹੋਵੇ, ਅਰਥਾਤ ਕਪੜੇ ਦੀ ਤੁਲਨਾ 'ਚ ਦੂਜਾ

ਉਦਯੋਗ ਜਿਵੇਂ ਬ੍ਰਿਟੇਨ 'ਚ ਕਣਕ ਦਾ ਉਦਯੋਗ ਬਹੁਤ ਛੋਟਾ ਹੋਵੇ। ਅਜਿਹੀ ਸਥਿਤੀ 'ਚ ਸਾਧਨ ਕੀਮਤ ਸਮਾਨੀਕਰਨ ਤਦਤਕ ਨਹੀਂ ਹੋਵੇਗਾ ਜਦ ਤਕ ਕਣਕ ਦੇ ਉਤਪਾਦਨ 'ਚ ਲਗੇ ਸਭ ਸਾਧਨ ਦੂਜੇ ਦੇਸ਼,ਅਰਥਾਤ ਅਮਰੀਕਾ ਚ ਨਹੀਂ ਚਲੇ ਜਾਂਦੇ।

ਸੈਮਿਉਲਸਨ ਦਾ ਪ੍ਰਮੇਯ ਅਸਲ 'ਚ ਪੂਰੀ ਤਰ੍ਹਾਂ ਇਕ ਸਥੈਤਕ ਸਿਧਾਂਤ ਹੈ। ਮਿਰਡਲ, ਕਿੰਡਲਬਰਗਰ,ਸੋਡਰਸਟਨ ਅਤੇ ਹੋਰ ਅਰਥਸ਼ਾਸ਼ਤ੍ਰੀਆਂ ਦਾ ਮਤ ਹੈ ਕਿ ਵਾਸਤਵਿਕਜਗਤ 'ਚ ਸਾਧਨ ਆਮਦਨੀਆਂ 'ਚ ਸਮਾਨਤਾਵਾਂ ਦੀ ਬਜਾਇ ਵਧਦੀਆਂ ਹੋਈਆਂ ਅਸਮਾਨਤਾਵਾਂ ਹੁੰਦੀਆਂ ਹਨ। ਮਿਰਡਲ ਦਾ ਕਹਿਣਾ ਹੈ ਕਿ ਤਕਨਾਲੋਜੀਕਲ ਵਪਾਰ ਦੇ ਖਤਰੇ ਰਾਂਹੀ ਸਾਧਨ ਅਨੁਪਾਤਾ ਅਤੇ ਸਾਧਨ ਕੀਮਤਾਂ 'ਚ ਸੰਤੁਲਨ ਤੋਂ ਹਟਕੇ ਸੰਚਯੀ ਪ੍ਰਕ੍ਰਿਆ ਚਲਦੀ ਰਹਿੰਦੀ ਹੈ।

ਸੈਮਿਉਲਸਨਪ੍ਰਮੇਯ ਇਸ ਮਾਨਤਾ ਤੇ ਅਧਾਰਤ ਹੈ ਕਿ ਉਤਪਾਦਨ ਫਲਨ ਸਾਧਨ ਗਹਿਨਤਾਵਾਂ 'ਚ ਵੱਖਰੇ ਹੁੰਦੇ ਹਨ। ਇਸਦਾ ਮਤਲਬ ਹੈ ਕਿ ਉਤਪਾਦਨ ਫਲਨਾਂ ਦੀਆਂ ਸਥਾਨਾਪੰਨ ਲੋਚਾਂ ਸਥਿਰ ਹੁੰਦੀਆ ਹਨ ਜਿਸ ਤੋਂ ਦੋਵੇਂ ਉਤਪਾਦਨ ਫਲਨਾਂ ਦੇ ਸਭ ਸੰਬੰਧਤ ਬਿੰਦੂਆਂ ਤੇ ਇਹ ਪਛਾਣਿਆ ਜਾ ਸਕਦਾ ਹੈ ਕਿ ਹਰ ਇਕ ਉਤਪਾਦਨ ਫਲਨ ਮੁਕਾਬਲਤਨ ਭੂਮੀ (ਜਾਂ ਪੂੰਜੀ) ਗਹਿਨ ਹੈ ਜਾਂ ਕਿਰਤ ਗਹਿਨ। ਪਰ ਸੰਭਵ ਹੈ ਕਿ ਦੋਵੇਂ ਉਤਪਾਦਨ ਫਲਨਾਂ ਦੀਆਂ ਸਥਾਨਾਪੰਨ ਲੋਚਾਂ ਇਕੋ ਜਿਹੀਆ ਨਾ ਹੋਣ। ਹੋ ਸਕਦਾ ਹੈ ਕਿ ਉਤਪਾਦਨ ਫਲਨ ਦਾ ਕੋਈ ਬਿੰਦੂ ਸਾਪੇਖ ਰੂਪ ਨਾਲ ਭੂਮੀ (ਜਾਂ ਪੂੰਜੀ)ਗਹਿਨ ਹੋਵੇ ਅਤੇ ਉਸੇ ਉਤਪਾਦਨ ਫਲਨ ਦਾ ਕੋਈ ਦੂਜਾ ਬਿੰਦੂ ਸਾਪੇਖ ਰੂਪ ਨਾਲ ਕਿਰਤ-ਗਹਿਨ ਹੋਵੇ। ਇਹ ਸਾਧਨ ਗਹਿਨਤਾ ਉਲਟਾਉ ਦੀ ਸਥਿਤੀ ਹੈ ਜਿਸ ਵਿਚ ਸਾਧਨ ਕੀਮਤਾਂ ਅਤੇ ਸਾਧਨਗਹਿਨਤਾਵਾਂ ਦੇ ਵਿਚ ਇਕ-ਤੋਂ-ਇਕ ਦੀ ਬਰਾਬਰੀ ਸੰਭਵ ਨਹੀਂ ਹੈ।

## ਆਪਸੀ ਮੰਗ ਦਾ ਸਿਧਾਂਤ (Principle of Reciprocal Demand)

ਪ੍ਰਸਿੱਧ ਅਰਥ ਸ਼ਾਸਤਰੀ ਡੇਵਿਡ ਰਿਕਾਰਡੋ ਦੁਆਰਾ ਦਿੱਤੇ ਗਏ ਤੁਲਨਾਤਮਕ ਲਾਗਤ ਸਿਧਾਂਤ ਵਿੱਚ ਅੰਤਰ-ਰਾਸ਼ਟਰੀ ਵਪਾਰ ਦੇ ਕਾਰਨਾਂ ਅਤੇ ਲਾਭਾਂ ਦਾ ਜ਼ਿਕਰ ਕੀਤਾ ਹੈ। ਪਰੰਤੂ ਉਨ੍ਹਾਂ ਨੇ ਵਪਾਰ ਦੀਆਂ ਸ਼ਰਤਾਂ ਅਤੇ ਲਾਭ ਦੀ ਵੰਡ ਬਾਰੇ ਕੋਈ ਵਿਆਖਿਆ ਨਹੀਂ ਕੀਤੀ। ਰਿਕਾਰਡੋ ਦੇ ਸਿਧਾਂਤ ਵਿੱਚ ਸੋਧ ਕਰਕੇ ਜੇ.ਐਸ.ਮਿੱਲ ਨੇ ਆਪਸੀ

ਮੰਗ ਦੇ ਸਿਧਾਂਤ (Principle of Reciprocal Demand) ਦੀ ਵਿਆਖਿਆ ਕੀਤੀ। ਉਨ੍ਹਾਂ ਅਨੁਸਾਰ ਵਪਾਰ ਸਿਰਫ਼ ਲਾਗਤ ਵਿੱਚ ਭਿੰਨਤਾ ਕਾਰਨ ਹੀ ਨਹੀਂ ਹੁੰਦਾ ਸਗੋਂ ਵੱਖ-ਵੱਖ ਵਸਤੂਆਂ ਦੀ ਮੰਗ ਦੀ ਲਚਕ ਵੀ ਵਪਾਰ ਨੂੰ ਪ੍ਰਭਾਵਿਤ ਕਰਦੀ ਹੈ। ਮੰਗ ਦੀ ਲਚਕ ਤੋਂ ਭਾਵ ਇਕ ਦੇਸ਼ ਦੀ ਦੂਜੇ ਦੇਸ਼ ਤੋਂ ਆਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਅਤੇ ਦੂਜੇ ਦੇਸ਼ਾਂ ਨੂੰ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੀ ਮੰਗ ਤੋਂ ਹੈ।

ਜੇ.ਐਸ.ਮਿੱਲ ਦੇ ਅਨੁਸਾਰ, "ਆਪਸੀ ਮੰਗ ਤੋਂ ਭਾਵ, ਦੋ ਦੇਸ਼ਾਂ ਦੀ ਇੱਕ ਦੂਜੇ ਦੇ ਉਤਪਾਦਨ ਲਈ ਇਕ ਦੂਜੇ ਦੇ ਉਤਪਾਦਨ ਦੇ ਰੂਪ ਵਿੱਚ ਮੰਗ ਦੀ ਸ਼ਕਤੀ ਅਤੇ ਲੋੜ ਤੋਂ ਹੈ।" ("Reciprocal demand means the relative strength and elasticity of demand of the two trading countries for each other's products in terms of their own product". J.S. Mill).

ਇਸ ਸਿਧਾਂਤ ਅਨੁਸਾਰ ਦੋ ਦੇਸ਼ A ਅਤੇ B ਆਪਸ ਵਿੱਚ ਵਪਾਰ ਕਰਦੇ ਹਨ ਅਤੇ ਦੋ ਵਸਤੂਆਂ X ਅਤੇ Y ਦਾ ਆਯਾਤ, ਨਿਰਯਾਤ ਕਰਦੇ ਹਨ। ਮੰਨ ਲਓ ਦੇਸ਼ A, X ਵਸਤੂ ਦਾ ਨਿਰਯਾਤ ਕਰਦਾ ਹੈ ਇਸ ਲਈ ਵਪਾਰ ਦੀਆਂ ਸ਼ਰਤਾਂ A ਦੇਸ਼ ਦੀ Y ਵਸਤੂ ਲਈ ਮੰਗ ਅਤੇ_B ਦੇਸ਼ ਦੀ X ਵਸਤੂ ਲਈ ਮੰਗ ਤੇ ਨਿਰਭਰ ਕਰਦੀਆਂ ਹਨ।

## ਮਾਨਤਾਵਾਂ (Assumptions)

ਆਪਸੀ ਮੰਗ ਦਾ ਸਿਧਾਂਤ ਹੇਠ ਲਿਖੀਆਂ ਮਾਨਤਾਵਾਂ ਤੇ ਆਧਾਰਿਤ ਹੈ:

1. ਵਪਾਰ ਵਿੱਚ ਸਿਰਫ ਦੋ ਹੀ ਦੇਸ਼ ਹਿੱਸਾ ਲੈਂਦੇ ਹਨ ਅਤੇ ਦੋ ਵਸਤੂਆਂ ਦਾ ਹੀ ਆਯਾਤ ਨਿਰਯਾਤ ਕੀਤਾ ਜਾਂਦਾ ਹੈ।

2. ਦੋਹਾਂ ਵਸਤੂਆਂ ਦੇ ਉਤਪਾਦਨ ਵਿੱਚ ਸਮਾਨ ਲਾਗਤਾਂ ਦਾ ਨਿਯਮ ਲਾਗੂ ਹੁੰਦਾ ਹੈ।

3. ਵਪਾਰ ਕਰ ਰਹੇ ਦੋਹਾਂ ਦੇਸ਼ਾਂ ਵਿੱਚ ਪੂਰਨ ਰੁਜ਼ਗਾਰ ਦੀ ਸਥਿਤੀ ਹੈ।

4. ਦੋਹਾਂ ਦੇਸ਼ਾਂ ਵਿੱਚ ਪੂਰਨ ਮੁਕਾਬਲੇ ਦੀ ਸਥਿਤੀ ਹੈ।

5. ਸਾਧਨ ਪੂਰਨ ਰੂਪ ਵਿੱਚ ਗਤੀਸ਼ੀਲ ਹਨ।

6. ਅੰਤਰ-ਰਾਸ਼ਟਰੀ ਵਪਾਰ ਤੁਲਨਾਤਮਕ ਲਾਗਤ ਸਿਧਾਂਤ ਤੇ ਆਧਾਰਿਤ ਹੈ।

**ਆਪਸੀ ਮੰਗ ਦੇ ਸਿਧਾਂਤ ਦੀ ਵਿਆਖਿਆ** ਜੇ.ਐਸ.ਮਿੱਲ ਨੇ ਰਿਕਾਰਡੋ ਦੇ ਤੁਲਨਾਤਮਕ ਲਾਗਤ ਸਿਧਾਂਤ ਦੇ ਆਧਾਰ ਤੇ ਕੀਤੀ ਹੈ। ਉਨ੍ਹਾਂ ਅਨੁਸਾਰ ਦੋ ਦੇਸ਼ਾਂ ਵਿੱਚ ਵਪਾਰ ਤੁਲਨਾਤਮਕ ਲਾਗਤਾਂ ਵਿੱਚ ਅੰਤਰ ਦੇ ਕਾਰਨ ਹੁੰਦਾ ਹੈ ਅਤੇ ਵਪਾਰ ਦੀਆਂ ਸ਼ਰਤਾਂ ਆਪਸੀ ਮੰਗ ਤੇ ਨਿਰਭਰ ਕਰਦੀਆਂ ਹਨ। ਮੰਨ ਲਉ ਦੋ ਦੇਸ਼ A ਅਤੇ B ਹਨ ਜਿਹੜੇ ਕਿ ਕਪਾਹ ਅਤੇ ਕੱਪੜੇ ਦਾ ਵਪਾਰ ਕਰਦੇ ਹਨ ਹੇਠਾਂ ਦਿੱਤੀ ਸਾਰਣੀ ਤੋਂ ਆਪਸੀ ਮੰਗ ਦਾ ਸਿਧਾਂਤ ਸਪਸ਼ਟ ਹੋ ਜਾਂਦਾ ਹੈ।

| **ਦੇਸ਼** | **ਕਿਰਤ ਸਾਧਨ** | **ਉਤਪਾਦਨ** | |
|---|---|---|---|
| | | **ਕਪਾਹ** | **ਕੱਪੜਾ** |
| A | 100 | 3 | 3 |
| B | 100 | 1 | 2 |

ਉਪਰਲੀ ਸਾਰਣੀ ਤੋਂ ਸਪਸ਼ਟ ਹੈ ਕਿ 100 ਘੰਟੇ ਕਿਰਤ ਸਾਧਨ ਦਾ ਪ੍ਰਯੋਗ ਕਰਦੇ ਹੋਏ A ਦੇਸ਼ ਕਪਾਹ ਦੀਆਂ 3 ਇਕਾਈਆਂ ਕਪੜੇ ਦੀਆਂ ਤਿੰਨ ਇਕਾਈਆ ਦਾ ਉਤਪਾਦਨ ਕਰਦਾ ਹੈ ਜਦੋਂ ਕਿ 100 ਘੰਟੇ ਦੀ ਕਿਰਤ ਸਾਧਨ ਦਾ ਪ੍ਰਯੋਗ ਕਰਕੇ B ਦੇਸ਼ ਕਪਾਹ ਦੀ ਇਕ ਇਕਾਈ ਅਤੇ ਕਪੜੇ ਦੀਆਂ 2 ਇਕਾਈਆਂ ਪੈਦਾ ਕਰਦਾ ਹੈ। ਰਿਕਾਰਡੋ ਦੇ ਤੁਲਨਾਤਮਕ ਲਾਗਤ ਸਿਧਾਂਤ ਅਨੁਸਾਰ A ਦੇਸ਼ ਕਪਾਹ ਦਾ ਉਤਪਾਦਨ ਅਤੇ ਨਿਰਯਾਤ ਕਰੇਗਾ ਅਤੇ B ਦੇਸ਼ ਕਪੜੇ ਦਾ ਉਤਪਾਦਨ ਅਤੇ ਨਿਰਯਾਤ ਕਰੇਗਾ। ਇਸ ਦਾ ਕਾਰਨ ਇਹ ਹੈ ਕਿ A ਦੇਸ਼ ਨੂੰ ਕਪਾਹ ਦੇ ਉਤਪਾਦਨ ਵਿੱਚ ਤੁਲਨਾਤਮਕ ਲਾਭ ਜ਼ਿਆਦਾ ਹੈ ਅਤੇ B ਦੇਸ਼ ਨੂੰ ਕਪੜੇ ਦੇ ਉਤਪਾਦਨ ਵਿੱਚ ਤੁਲਨਾਤਮਕ ਹਾਨੀ ਘੱਟ ਹੈ।

ਜੇ.ਐਸ.ਮਿੱਲ ਅਨੁਸਾਰ ਦੋਨਾਂ ਦੇਸ਼ਾਂ ਦੀਆਂ ਵਪਾਰ ਦੀਆਂ ਸ਼ਰਤਾਂ ਦੋਵਾਂ ਦੇਸ਼ਾਂ ਦੀਆਂ ਵਸਤੂਆਂ ਦੀ ਆਪਸੀ ਮੰਗ ਤੇ ਨਿਰਭਰ ਕਰਦੀਆਂ ਹਨ। ਭਾਵ ਕਿ ਵਪਾਰ ਸ਼ਰਤਾਂ A ਦੇਸ਼ ਲਈ ਕਪੜੇ ਦੀ ਮੰਗ ਲਚਕ ਅਤੇ B ਦੇਸ਼ ਲਈ ਕਪਾਹ ਦੀ ਮੰਗ ਲਚਕ ਤੇ ਨਿਰਭਰ ਕਰਨਗੀਆਂ। ਜਿਸ ਦੇਸ਼ ਦੀ ਨਿਰਯਾਤ ਦੀ ਮੰਗ ਜ਼ਿਆਦਾ ਲਚਕਸ਼ੀਲ ਅਤੇ ਆਯਾਤ ਦੀ ਮੰਗ ਘੱਟ ਲਚਕਸ਼ੀਲ ਹੈ ਉਸ ਦੇਸ਼ ਦੀਆਂ ਵਪਾਰ ਸ਼ਰਤਾਂ ਅਨੁਕੂਲ ਹੋਣਗੀਆਂ। ਇਸ ਦੇ ਉਲਟ ਜਿਸ ਦੇਸ਼ ਦੀ ਨਿਰਯਾਤ ਦੀ ਮੰਗ ਘੱਟ ਲਚਕਸ਼ੀਲ ਅਤੇ ਆਯਾਤ ਦੀ ਮੰਗ ਜ਼ਿਆਦਾ ਲਚਕਸ਼ੀਲ ਹੈ, ਉਸ ਦੇਸ਼ ਦੀਆਂ ਵਪਾਰ ਸ਼ਰਤਾਂ ਪ੍ਰਤੀਕੂਲ ਹੋਣਗੀਆਂ।

$$e = \frac{\dfrac{\text{ਆਯਾਤਾਂ ਵਿੱਚ ਪ੍ਰਤੀਸ਼ਤ ਬਦਲਾਅ}}{\text{ਨਿਰਯਾਤਾਂ ਵਿੱਚ ਪ੍ਰਤੀਸ਼ਤ ਬਦਲਾਅ}}}{\dfrac{\text{ਨਿਰਯਾਤ ਕੀਮਤਾਂ ਵਿੱਚ ਪ੍ਰਤੀਸ਼ਤ ਬਦਲਾਅ}}{\text{ਆਯਾਤ ਕੀਮਤਾਂ ਵਿੱਚ ਪ੍ਰਤੀਸ਼ਤ ਬਦਲਾਅ}}}$$

or

$$e = \frac{\Delta M}{M} \times \frac{\Delta Px}{Px} \times \frac{Pm}{\Delta Pm}$$

ਕਿਉਕਿ ਸੰਤੁਲਤ ਵਪਾਰ ਅਧੀਨ

$Pm.m = Px.x$

$$\therefore \frac{Px}{Pm} = \frac{M}{X}$$

X = ਨਿਰਯਾਤ

M = ਆਯਾਤ

P = ਕੀਮਤ

e = ਆਪਸੀ ਮੰਗ ਦੀ ਲਚਕ

ਜਦੋਂ ਆਪਸੀ ਮੰਗ ਦੀ ਲਚਕ ਇੱਕ ਦੇ ਬਰਾਬਰ ਹੋਵੇ ਭਾਵ, $e= 1$, ਤਾਂ ਵਪਾਰ ਦੇ ਲਾਭ ਦੋਵਾਂ ਦੇਸ਼ਾਂ ਵਿੱਚ ਇੱਕੋ ਜਿਹੇ ਹੋਣਗੇ। ਜੇਕਰ ਇਕ ਦੇਸ਼ ਵਿੱਚ $e > 1$ ਹੋਵੇ ਤਾਂ ਉਸ ਦੇਸ਼ ਦੀਆਂ ਵਪਾਰ ਸ਼ਰਤਾਂ ਅਨੁਕੂਲ ਹੋਣਗੀਆਂ ਅਤੇ ਵਪਾਰ ਦੇ ਲਾਭ ਜ਼ਿਆਦਾ ਪ੍ਰਾਪਤ ਹੋਣਗੇ। ਇਸ ਦੇ ਉਲਟ ਜੇਕਰ ਇਕ ਦੇਸ਼ ਵਿੱਚ $e < 1$ ਤਾਂ ਉਸ ਦੇਸ਼ ਦੀਆਂ ਵਪਾਰਕ ਸ਼ਰਤਾਂ ਪ੍ਰਤੀਕੂਲ ਹੋਣਗੀਆਂ ਅਤੇ ਵਪਾਰ ਦਾ ਲਾਭ ਦੂਜੇ ਦੇਸ਼ ਦੇ ਮੁਕਾਬਲੇ ਘੱਟ ਪ੍ਰਾਪਤ ਹੋਵੇਗਾ।


**ਸਵੈ ਅਭਿਆਸ ਪ੍ਰਸ਼ਨ**

7. ਆਪਸੀ ਮੰਗ ਦੇ ਸਿਧਾਂਤ ਤੋਂ ਕੀ ਭਾਵ ਹੈ?

8. ਆਪਸੀ ਮੰਗ ਦੇ ਸਿਧਾਂਤ ਦੀਆਂ ਕੀ ਮਾਨਤਾਵਾਂ ਹਨ?

**ਰਜ਼ਾਮੰਦੀ ਵੱਕਰ ਅਤੇ ਆਪਸੀ ਮੰਗ ਦਾ ਸਿਧਾਂਤ (Offer Curves and Principle of Reciprocal Demand)**


ਆਪਸੀ ਸਿਧਾਂਤ ਨੂੰ ਅਸੀਂ ਰਜ਼ਾਮੰਦੀ ਵੱਕਰਾਂ ਦੀ ਸਹਾਇਤਾ ਨਾਲ ਵੀ ਸਪਸ਼ਟ ਕਰ ਸਕਦੇ ਹਾਂ।



ਉਪਰੋਕਤ ਚਿੱਤਰ ਵਿੱਚ ਦੇਸ਼ A ਦਾ ਰਜ਼ਾਮੰਦੀ ਵੱਕਰ OA ਹੈ ਅਤੇ ਦੇਸ਼ B ਦਾ ਰਜ਼ਾਮੰਦੀ ਵੱਕਰ OB ਹੈ। OA ਵੱਕਰ ਦੱਸਦਾ ਹੈ ਕਿ ਇਕ ਇਕਾਈ ਕਪਾਹ ਦੇ ਆਯਾਤ ਦੇ ਬਦਲੇ, ਵਿੱਚ ਕਪੜੇ ਦੀ ਇੱਕ ਇਕਾਈ ਤੋਂ ਜ਼ਿਆਦਾ ਨਿਰਯਾਤ ਹੁੰਦਾ ਹੈ। ਜਦੋਂ ਦੇਸ਼ B ਦਾ ਰਜ਼ਾਮੰਦੀ ਵੱਕਰ OB ਦੱਸਦਾ ਹੈ ਕਿ ਇਕ ਇਕਾਈ ਕਪਾਹ ਦੇ ਆਯਾਤ ਦੇ ਬਦਲੇ ਕਪੜੇ ਦੀਆਂ ਦੋ ਇਕਾਈਆਂ ਤੋਂ ਘੱਟ ਨਿਰਯਾਤ ਹੁੰਦਾ ਹੈ। ਦੋਵਾਂ ਦੇਸ਼ਾਂ ਵਿੱਚ ਵਪਾਰ ਦੀਆਂ ਸ਼ਰਤਾਂ ਦਾ ਨਿਰਧਾਰਣ ਰਜ਼ਾਮੰਦੀ ਵੱਕਰ (offer curves) ਦੀ ਲਚਕ ਤੇ ਨਿਰਭਰ ਕਰਦਾ ਹੈ। ਜਿਸ ਬਿੰਦੂ ਤੇ ਦੋਵੇਂ ਦੇਸ਼ਾਂ ਦੀ ਰਜ਼ਾਮੰਦੀ ਵੱਕਰ ਇੱਕ ਦੂਜੇ ਦੇ ਬਰਾਬਰ ਹੋਣਗੇ, ਉਥੇ ਵਪਾਰਕ ਸ਼ਰਤਾਂ ਨਿਰਧਾਰਤ ਹੋਣਗੀਆਂ। ਉਪਰਲੇ ਚਿੱਤਰ ਵਿੱਚ ਦੋਵੇਂ ਵੱਕਰ, ਬਿੰਦੂ E ਤੇ ਬਰਾਬਰ ਹਨ। ਇਸ ਰੇਖਾ ਚਿੱਤਰ ਵਿੱਚ OT ਰੇਖਾ ਵਪਾਰ ਸ਼ਰਤਾਂ ਨੂੰ ਸਪਸ਼ਟ ਕਰਦੀ ਹੈ। A ਦੇਸ਼, ਕਪਾਹ ਦੀਆਂ OW ਇਕਾਈਆਂ ਦੇ ਨਿਰਯਾਤ ਬਦਲੇ ਕਪੜੇ ਦੀਆਂ OC ਇਕਾਈਆਂ ਆਯਾਤ ਕਰੇਗਾ ਅਤੇ B ਕਪੜੇ ਦੀਆਂ OC ਇਕਾਈਆਂ ਦੇ ਨਿਰਯਾਤ ਬਦਲੇ ਕਪਾਹ ਦੀਆਂ OW ਇਕਾਈਆਂ ਦਾ ਆਯਾਤ ਕਰੇਗਾ। ਦੋਵਾਂ ਦੇਸ਼ਾਂ ਦਾ ਵਟਾਂਦਰਾ OW=OC ਨਿਰਧਾਰਤ ਹੋਵੇਗਾ।

**ਰਜ਼ਾਮੰਦੀ ਵੱਕਰਾਂ ਵਿੱਚ ਪਰਿਵਰਤਨ (Shifts in the offer curves)**

ਜੇਕਰ ਕਿਸੇ ਸਮੇਂ ਇਕ ਦੇਸ਼ ਜਾਂ ਦੋਵਾਂ ਦੇਸ਼ਾਂ ਦੇ ਰਜ਼ਾਮੰਦੀ ਵੱਕਰਾਂ ਵਿੱਚ ਪਰਿਵਰਤਨ ਆ ਜਾਵੇ ਤਾਂ ਵਪਾਰ ਦੀਆਂ ਸ਼ਰਤਾਂ ਵੀ ਪ੍ਰਭਾਵਿਤ ਹੁੰਦੀਆਂ ਹਨ।




ਉਪਰਲੇ ਚਿੱਤਰ ਵਿੱਚ ਦੋਵੇਂ ਦੇਸ਼ਾਂ ਦੇ ਰਜ਼ਾਮੰਦੀ ਵੱਕਰਾਂ ਵਿੱਚ ਤਬਦੀਲੀ ਹੋ ਗਈ ਹੈ ਪਰ ਵੱਕਰ ਸ਼ਰਤਾਂ ਵਿੱਚ ਕੋਈ ਤਬਦੀਲੀ ਨਹੀਂ ਹੋਈ। ਇਸ ਦੇ ਉਲਟ ਜੇਕਰ ਕਿਸੇ ਦੇਸ਼ ਦੇ ਰਜ਼ਾਮੰਦੀ ਵੱਕਰਾਂ ਵਿੱਚ ਤਬਦੀਲੀ ਹੋਵੇ ਤਾਂ ਵਪਾਰ ਦੀਆਂ ਸ਼ਰਤਾਂ ਵਿੱਚ ਵੀ ਤਬਦੀਲੀ ਹੋ ਜਾਂਦੀ ਹੈ। ਉਪਰਲੇ ਚਿੱਤਰ ਵਿੱਚ ਦੋਵੇਂ ਦੇਸ਼ਾਂ ਦੇ ਰਜ਼ਾਮੰਦੀ ਵੱਕਰਾਂ ਵਿੱਚ ਤਬਦੀਲੀ OA ਤੋਂ $OA^1$ ਅਤੇ OB ਤੋਂ $OB^1$ ਹੋ ਜਾਂਦੀ ਹੈ ਪਰ ਵਪਾਰ ਸ਼ਰਤਾਂ OT ਹੀ ਰਹਿੰਦੀਆਂ ਹਨ। ਇਸ ਦਾ ਭਾਵ ਹੈ ਕਿ ਦੋਵੇਂ ਦੇਸ਼ਾਂ ਨੂੰ ਵਪਾਰ ਤੋਂ ਪ੍ਰਾਪਤ ਹੋਣ ਵਾਲੇ ਲਾਭ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ।

**ਆਲੋਚਨਾ:** ਜੇ. ਐਸ. ਮਿੱਲ ਦੁਆਰਾ ਦਿੱਤੇ ਗਏ ਆਪਸੀ ਮੰਗ ਦੇ ਸਿਧਾਂਤ ਦੀ ਆਲੋਚਨਾ ਹੇਠ ਦਿੱਤੇ ਆਧਾਰ ਤੇ ਕੀਤੀ ਗਈ ਹੈ:

1. ਇਹ ਸਿਧਾਂਤ ਅਵਾਸਤਵਿਕ ਮਾਨਤਾਵਾਂ ਜਿਵੇਂ ਪੂਰਨ ਰੁਜ਼ਗਾਰ, ਪੂਰਨ ਮੁਕਾਬਲਾ, ਪੂਰਨ ਗਤੀਸ਼ੀਲਤਾ ਆਦਿ ਤੇ ਆਧਾਰਿਤ ਹੈ। ਵਾਸਤਵ ਵਿੱਚ ਇਹ ਮਾਨਤਾਵਾਂ ਪੂਰੀਆਂ ਨਹੀਂ ਹੁੰਦੀਆਂ ਇਸ ਲਈ ਵਿਵਹਾਰਕ ਰੂਪ ਵਿੱਚ ਸਿਧਾਂਤ ਲਾਗੂ ਨਹੀਂ ਹੁੰਦਾ।
2. ਇਹ ਸਿਧਾਂਤ ਦੋ ਦੇਸ਼ਾਂ ਅਤੇ ਵਸਤੂਆਂ ਤੇ ਆਧਾਰਿਤ ਹੈ। ਵਾਸਤਵ ਵਿੱਚ ਅੰਤਰ-ਰਾਸ਼ਟਰੀ ਖੇਤਰ ਵਿੱਚ ਕੇਵਲ ਦੋ ਹੀ ਦੇਸ਼ ਅਤੇ ਦੋ ਹੀ ਵਸਤੂਆਂ ਦਾ ਵਪਾਰ ਨਹੀਂ ਹੁੰਦਾ ਬਲਕਿ ਬਹੁਤ ਸਾਰੇ ਦੇਸ਼, ਦੋ ਤੋਂ ਵੱਧ ਵਸਤੂਆਂ ਦਾ ਲੈਣ ਦੇਣ ਕਰਦੇ ਹਨ। ਮਿੱਲ ਨੇ ਇਸ ਗੱਲ ਦਾ ਵਰਨਣ ਨਹੀਂ ਕੀਤਾ ਕਿ ਦੋ ਤੋਂ ਵੱਧ ਦੇਸ਼ ਵਪਾਰ ਦੀਆਂ ਸ਼ਰਤਾਂ ਕਿਸ ਤਰ੍ਹਾਂ ਨਿਰਧਾਰਤ ਕਰਨਗੇ।
3. ਇਸ ਸਿਧਾਂਤ ਨੂੰ ਵਟਾਂਦਰਾ ਵਪਾਰ ਦੀਆਂ ਹਾਲਤਾਂ ਦਾ ਅਧੂਰਾ ਸਿਧਾਂਤ ਕਿਹਾ ਜਾ ਸਕਦਾ ਹੈ। ਕਿਉਂਕਿ ਇਸ ਸਿਧਾਂਤ ਵਿੱਚ ਪ੍ਰਾਪਤ ਹੋਣ ਵਾਲੇ ਲਾਭ ਦੀ ਠੀਕ ਵਿਆਖਿਆ ਨਹੀਂ ਕੀਤੀ ਗਈ।

ਅੰਤ ਵਿੱਚ ਅਸੀ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਭਾਵੇ ਜੇ. ਐਸ. ਮਿੱਲ ਦੁਆਰਾ ਦਿੱਤੇ ਗਏ ਸਿਧਾਂਤ ਦੀ ਆਲੋਚਨਾ ਕੀਤੀ ਗਈ ਹੈ। ਪਰੰਤੂ ਫਿਰ ਵੀ ਇਸ ਸਿਧਾਂਤ ਦੁਆਰਾ ਵਪਾਰ ਸ਼ਰਤਾਂ ਦੇ ਨਿਰਧਾਰਣ ਦੀ ਸਪਸ਼ਟ ਵਿਆਖਿਆ ਕੀਤੀ ਗਈ ਹੈ।

### ਸਵੈ ਅਭਿਆਸ ਪ੍ਰਸ਼ਨ

9. ਆਪਸੀ ਮੰਗ ਦੇ ਸਿਧਾਂਤ ਦੀ ਆਲੋਚਨਾਤਮਕ ਵਿਆਖਿਆ ਕਰੋ।

## 5. ਸਿੱਟਾ

ਸਰ ਰਾਇ ਹੈਰਡ ਦੀ ਧਾਰਨਾ ਹੈ ਕਿ ਸੈਮਿਉਲਸਨ ਪ੍ਰਮੇਯ ਕੋਈ ਅਧਾਰਭੂਤ ਸਿਧਾਤ ਨਹੀ ਹੈ। ਕਿੰਡਲਬਰਗਰ ਨੇ ਸਵੀਕਾਰ ਕੀਤਾ ਹੈ ਕਿ ਇਹ ਪ੍ਰਮੇਯ ਸਮਾਨਯ ਰੂਪ ਨਾਲ ਸੱਚ ਨਹੀਂ ਹੈ। ਉਹ ਇਸਨੂੰ ਬੇਕਾਰ ਦੀ ਬੌਧਕ ਕਸਰਤ ਮੰਨਦਾ ਹੈ। ਤੱਤ ਰੂਪ 'ਚ ਜਗਦੀਸ ਭਗਵਤੀ ਦੇ ਸ਼ਬਦਾਂ 'ਚ ਕਿਹਾ ਜਾ ਸਕਦਾ ਹੈ ਕਿ "ਭਾਂਵੇਂ ਇਹ ਸਿਧਾਂਤ ਇਤਿਹਾਸਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੈ ਅਤੇ ਹਾਲੇ ਵੀ ਨਵੇ ਅਰਥਸ਼ਾਸ਼ਤ੍ਰੀਆਂ ਦਾ ਧਿਆਨ ਖਿੱਚਣ ਦੀ ਸਮਰੱਥਾ ਰਖਦਾ ਹੈ, ਤਾਂ ਵੀ ਇਸ ਤਰ੍ਹਾਂ ਲਗਦਾ ਹੈ ਕਿ ਸ਼ਾਇਦ ਇਹ ਸਿਧਾਂਤ ਵਪਾਰ ਸਿਧਾਂਤਵਾਦੀਆਂ ਦੀ ਬੌਧਕ ਸਕਤੀ ਦੇ ਇਕ ਵੱਡੇ ਹਿੱਸੇ ਨੂੰ ਅਜਿਹੇ ਸੁਆਲ ਵਲ ਲੈ ਜਾਂਦਾ ਹੈ ਜਿਸਦੀ ਉਪਯੋਗਤਾ ਸੀਮਤ ਹੈ"।

## 6. ਛੋਟੇ ਉਤਰਾਂ ਵਾਲੇ ਪ੍ਰਸ਼ਨ

ਨੋਟ ਲਿਖੋ

1. ਸਮਾਨੀਕਰਨ ਸਿਧਾਂਤ ਦੀਆਂ ਮਾਨਤਾਵਾਂ
2. ਟੈਰਿਫ
3. ਬਹੁਵਿਧਕਰਨ ਕੋਣ

## 7. ਵੱਡੇ ਉਤਰਾਂ ਵਾਲੇ ਪ੍ਰਸ਼ਨ

1. ਵਸਤਾਂ ਦੀ ਸੁਤੰਤਰ ਗਤੀ ਅੰਤਰਰਾਸ਼ਟਰੀਯ ਸਾਧਨ ਕੀਮਤਾਂ ਦਾ ਸਮਾਨੀਕਰਨ ਕਿੱਥੇ ਤੱਕ ਕਰ ਸਕੀ ਹੈ? ਵਿਆਖਿਆ ਕਰੋ।
2. ਵਸਤ ਕੀਮਤ ਸਮਾਨੀਕਰਨ ਸਿਧਾਂਤ ਦੀ ਆਲੋਚਨਾਤਮਕ ਵਿਆਖਿਆ ਕਰੋ।

## 8. ਪ੍ਰਸਤਾਵਿਤ ਪੁਸਤਕਾਂ


1. Sodersten, Bo and Read, G. : International Economics
2. Salvatore, D. : International Economics
3. Ethier, W.J. : Modern International Economics
4. M. L. Zhingan: ਅੰਤਰਰਾਸ਼ਟਰੀ ਅਰਥਸ਼ਾਸਤਰ

**ਪਾਠ ਨੰਬਰ : 1.5**

# ਮਾਰਸਲ ਏਜ਼ਵਰਥ ਭੇਟ ਵਕਰ

ਭੇਟ ਵਕਰਾ ਨੂੰ ਮਾਰਸ਼ਲ ਅਤੇ ਏਜਵਰਥ ਨੇ ਅੰਤਰ-ਰਾਸ਼ਟਰੀ ਅਰਥ ਸਾਸ਼ਤਰ ਵਿੱਚ ਪ੍ਰਸਤੁਤ ਕੀਤਾ। ਮਾਰਸ਼ਲ ਅਤੇ ਏਜ਼ਵਰਥ ਨੇ ਮਿੱਲ ਦੇ ਪ੍ਰਸਪਰ ਮੰਗ ਸਿਧਾਂਤ ਦਾ ਦ੍ਰਿਸ਼ਟਾਂਤ ਰੇਖਾ ਚਿੱਤਰ ਦੀ ਸਹਾਇਤਾ ਨਾਲ ਕੀਤਾ। ਅੰਤਰ ਰਾਸ਼ਟਰੀ ਵਟਾਂਦਰਾ ਦਰਾਂ ਦਾ ਨਿਰਧਾਰਨ ਕਰਨ ਦੇ ਲਈ ਉਹਨਾਂ ਨੇ ਭੇਟ ਵਕਰਾਂ ਦੀ ਵਰਤੋਂ ਕੀਤੀ। ਭੇਟ ਵਕਰ ਤੋਂ ਭਾਵ ਦੋ ਵਸਤੂਆਂ ਦੇ ਬਿੰਦੂ ਪੱਖ ਦੇ ਅਜਿਹੇ ਸੰਯੋਗਾਂ ਤੋਂ ਹੈ ਜਿਸਨੂੰ ਦੇਸ਼ ਵਪਾਰ ਵਿੱਚ ਸਵਿਕ੍ਰਿਤੀ ਦਿੰਦਾ ਹੈ। ਦੂਜੇ ਸ਼ਬਦਾਂ ਵਿੱਚ, ਕਿਸੇ ਦੇਸ਼ ਦਾ ਭੇਟ ਵਕਰ ਇਹ ਦਰਸਾਉਂਦਾ ਹੈ ਕਿ ਉਹ ਦੇਸ਼ ਕਿਸੇ ਵਸਤੂ ਦੇ ਨਿਰਯਾਤ ਦੇ ਬਦਲੇ ਦੂਜੇ ਦੇਸ਼ ਦੀਆਂ ਆਯਾਤ ਲਈ ਵਸਤੂ ਦੀਆਂ ਕਿੰਨੀਆਂ ਇਕਾਈਆਂ ਦੀ ਮੰਗ ਕਰਦਾ ਹੈ। ਦਰਅਸਲ ਇਹ ਭੇਟ ਵਕਰਾਂ ਵਪਾਰ ਕਰ ਰਹੇ ਦੇਸ਼ਾਂ ਦੀ ਇੱਕ ਦੂਜੇ ਦੀਆਂ ਵਸਤੂਆਂ ਲਈ ਪ੍ਰਸਪਰ ਮੰਗ ਨੂੰ ਹੀ ਦਰਸਾਉਂਦੀਆਂ ਹਨ। ਕਿਸੇ ਦੇਸ ਦੀ ਭੇਟ ਵਕਰ ਉਸ ਦੇਸ ਦੀ ਉਤਪਾਦਨ ਸੰਭਾਵਨਾਵਾ ਰੇਖਾ ਅਤੇ ਉਦਾਸੀਨ ਵਕਰ ਚਿੱਤਰ ਉੱਪਰ ਨਿਰਭਰ ਕਰਦੀ ਹੈ। ਇਹ ਵੇਖਣਾ ਉਚਿਤ ਹੋਵੇਗਾ ਕਿ ਦਿੱਤੀਆਂ ਹੋਈਆਂ ਵੱਖ ਵੱਖ ਕਲਪਿਤ ਕੀਮਤ ਅਨੁਪਾਤਾਂ ਤੋਂ ਭੇਟ ਵੱਕਰਾਂ ਕਿਵੇਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਭੇਟ ਵੱਕਰ ਦੀ ਉੱਤਪਤੀ ਦੇ ਲਈ ਇਹ ਮੰਨ ਲਿਆ ਗਿਆ ਹੈ ਕਿ A ਅਤੇ B ਦੋ ਦੇਸ਼ ਹਨ। ਦੇਸ਼ A ਵਸਤੂ X ਦਾ ਨਿਰਯਾਤ ਕਰਦਾ ਹੈ ਜਿਸਦਾ ਦੇਸ਼ B ਦੁਆਰਾ ਆਯਾਤ ਕੀਤਾ ਜਾਂਦਾ ਹੈ। ਦੇਸ਼ B ਵਸਤੂ Y ਦਾ ਨਿਰਯਾਤ ਕਰਦਾ ਹੈ ਜਿਸਦਾ ਦੇਸ਼ A ਦੁਆਰਾ ਆਯਾਤ ਕੀਤਾ ਜਾਂਦਾ ਹੈ।


## ਦੇਸ A ਦੀ ਭੇਟ ਵਕਰ

ਉਪਰੋਕਤ ਰੇਖਾ ਚਿੱਤਰ 1 ਦੇ ਸੱਜੇ ਹਿੱਸੇ ਵਿੱਚ ਦੇਸ਼ A ਦੇ ਨਿਰਯਾਤ OX ਧੁਰੇ ਉੱਪਰ ਅਤੇ ਆਯਾਤ OY ਧੁਰੇ ਉੱਪਰ ਲਏ ਗਏ ਹਨ। ਰੇਖਾ ਚਿੱਤਰ ਦੇ ਖੱਬੇ ਹਿੱਸੇ ਵਿੱਚ ਬਿੰਦੂ A ਉੱਤੇ ਕੋਈ ਵਪਾਰ ਨਹੀਂ ਹੋ ਰਿਹਾ। $P_A$,$P_F$ ਅਤੇ $P_B$ ਇਖਤਿਆਰੀ ਕੀਮਤ ਰੇਖਾਵਾਂ ਹਨ ਜਿਹਨਾਂ ਦੇ ਢਲਾਣ ਵਸਤੂ X ਦੀਆਂ ਵਸਤੂ Y ਦੇ ਰੂਪ ਵਿੱਚ ਵਿਕਲਪ ਕੀਮਤਾਂ ਨੂੰ ਦਰਸਾਉਂਦੇ ਹਨ। ਜੇਕਰ ਅੰਤਰ-ਰਾਸ਼ਟਰੀ ਵਪਾਰ $P_B= P_x/P_y=1$ ਉੱਤੇ ਸ਼ੁਰੂ ਹੋ ਜਾਂਦਾ ਹੈ ਤਾ ਦੇਸ਼ A ਉਤਪਾਦਨ ਬਿੰਦੂ B ਵੱਲ ਜਾਂਦਾ ਹੈ ਜਿਥੇ ਉਹ 60Y ਲਈ 60X ਵਟਾਦਰੇ ਤਹਿਤ ਦੇਸ਼ B ਨਾਲ ਵਪਾਰ ਕਰਦਾ ਹੈ ਅਤੇ ਉਦਾਸੀਨ ਵੱਕਰ III ਦੇ ਬਿੰਦੂ E ਤੇ ਪਹੁੰਚ ਜਾਂਦਾ ਹੈ।ਇਸ ਤੋਂ ਸਾਨੂੰ ਰੇਖਾ ਚਿੱਤਰ ਦੇ ਸੱਜੇ ਹਿੱਸੇ ਵਿੱਚ ਬਿੰਦੂ E ਪ੍ਰਾਪਤ ਹੁੰਦਾ ਹੈ। ਰੇਖਾ ਚਿੱਤਰ ਦੇ ਖੱਬੇ ਹਿੱਸੇ ਵਿੱਚ, $P_F= P_x/P_y= 1/2$ ਉੱਤੇ, ਦੇਸ਼ A ਉਤਪਾਦਨ ਦੇ ਬਿੰਦੂ A ਦੀ ਜਗ੍ਹਾ ਤੋਂ ਬਿੰਦੂ F ਤੇ, 20Y ਦੇ ਲਈ 40X ਦਾ ਦੇਸ਼ B ਨਾਲ ਵਪਾਰ ਕਰਦਾ ਹੈ ਅਤੇ ਉਦਾਸੀਨਤਾ ਵਕਰ II ਦੇ ਬਿੰਦੂ H ਤੇ ਪੰਹੁਚ ਜਾਂਦਾ ਹੈ। ਇਸਤੋਂ ਸਾਨੂੰ ਰੇਖਾ ਚਿੱਤਰ ਦੇ ਸੱਜੇ ਹਿੱਸੇ ਵਿੱਚ ਬਿੰਦੂ H ਪ੍ਰਾਪਤ ਹੁੰਦਾ ਹੈ।ਜੇਕਰ ਅਸੀਂ ਉੱਤਪਤੀ ਬਿੰਦੂ ਨੂੰ H ਤੇ E ਬਿੰਦੂਆਂ ਅਤੇ ਹੋਰ ਆਯਾਤ ਅਤੇ ਨਿਰਯਾਤਾ ਦੇ ਸੰਤੁਲਨ ਬਿੰਦੂਆਂ ਨੂੰ ਆਪਸ ਵਿੱਚ ਮਿਲਾ ਦੇਈਏ ਤਾਂ ਸਾਨੂੰ ਰੇਖਾ ਚਿੱਤਰ ਦੇ ਸੱਜੇ ਹਿੱਸੇ ਵਿੱਚ ਦੇਸ਼ A ਦੀ ਭੇਟ ਵਕਰ ਪ੍ਰਾਪਤ ਹੰਦੀ ਹੈ। ਭੇਟ ਵਕਰ ਇਹ ਵਿਖਾਉਂਦੀ ਹੈ ਕਿ ਦੇਸ਼ A ਵਸਤੂ Y ਦੇ ਆਯਾਤ ਲਈ ਵਸਤੂ X ਦੀਆਂ ਕਿੰਨੀਆਂ ਇਕਾਈਆਂ ਦਾ ਨਿਰਯਾਤ ਕਰਨ ਲਈ ਤਿਆਰ ਹੈ।

---

ਖੱਬੇ ਹਿੱਸੇ ਨੂੰ ਸਧਾਰਨ ਬਣਾਉਣ ਲਈ ਅਸੀਂ ਇਖਤਿਆਰੀ ਕੀਮਤ ਰੇਖਾ $P_A=1/4$ ਅਤੇ ਉਦਾਸੀਨ ਵਕਰ I ਜਿਹੜੀ ਉਤਪਾਦਨ ਸੀਮਾ ਅਤੇ $P_A=1/4$ ਉਤੇ ਬਿੰਦੂ A ਤੇ ਸਪਰਸ਼ ਕਰਦੀ ਹੈ, ਨੂੰ ਛੱਡ ਦਿੰਦੇ ਹਾਂ।

ਇਹ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਸੱਜੇ ਹਿੱਸੇ ਵਿੱਚ $P_A$, $P_F$ ਅਤੇ $P_B$ ਦੀ ਖੱਬੇ ਹਿੱਸੇ ਦੇ ਸਮਾਨ $P_x/P_y$ ਹੁੰਦੀ ਹੈ ਕਿਉਂਕਿ ਉਹ ਸਮਾਨ ਨਿਰਖੇਪ ਢਲਾਣ ਵੱਲ ਸੰਕੇਤ ਕਰਦੀ ਹੈ।




ਰੇਖਾ ਚਿੱਤਰ 1: ਦੇਸ਼ A ਦੇ ਭੇਟ ਵਕਰ ਦੀ ਉੱਤਪਤੀ

ਰੇਖਾ ਚਿੱਤਰ 1 ਦੇ ਸੱਜੇ ਹਿੱਸੇ ਵਿੱਚ ਦੇਸ਼ A ਦੀ ਭੇਟ ਵਕਰ ਇਖਤਿਆਰੀ ਕੀਮਤ ਰੇਖਾ $P_A=1/4$ ਤੋਂ ਉੱਪਰ ਹੁੰਦੀ ਹੈ ਜਿਥੇ ਉਹ ਕਿਸੇ ਵਸਤੂ ਦੇ ਤੁਲਨਾਤਮਕ ਲਾਭ ਅਤੇ ਨਿਰਯਾਤ ਨੂੰ ਮਾਪਦੀ ਹੈ। ਵਸਤੂ X ਦੇ ਵੱਧ ਨਿਰਯਾਤ ਲਈ $P_x/P_y$ ਵਿੱਚ ਵਾਧਾ ਜ਼ਰੂਰੀ ਹੈ। ਇਸ ਤਰ੍ਹਾਂ $P_F=1/2$ ਉੱਪਰ ਦੇਸ਼ A, 40X ਦਾ ਨਿਰਯਾਤ ਕਰਨਾ ਚਾਹੇਗਾ ਅਤੇ $P_B=1$ ਉੱਪਰ ਇਹ 60X ਦਾ ਨਿਰਯਾਤ ਕਰੇਗਾ। ਇਸਦੇ ਪ੍ਰਮੁੱਖ ਦੋ ਕਾਰਨ ਹੋ ਸਕਦੇ ਹਨ। ਪਹਿਲਾ, ਦੇਸ਼ A ਵਸਤੂ X ਦਾ ਵਾਧੂ ਉਤਪਾਦਨ (ਨਿਰਯਾਤ ਕਰਨ) ਲਈ ਅਵਸਰ ਲਾਗਤਾਂ ਉੱਠਾਉਂਦਾ ਹੈ ਅਤੇ ਦੂਜਾ, ਦੇਸ਼ A ਵਪਾਰ ਰਾਹੀਂ ਵਸਤੂ Y ਦੀ ਵੱਧ ਮਾਤਰਾ ਉਪਭੋਗ ਕਰਦਾ ਹੈ। ਕਿਸੇ ਦੇਸ਼ ਲਈ ਵਸਤੂ X ਦੀ ਇੱਕ ਇਕਾਈ ਵਸਤੂ Y ਦੇ ਮੁਕਾਬਲੇ ਬਹੁਮੁੱਲ ਹੋ ਸਕਦੀ ਹੈ।

ਰੇਖਾ ਚਿੱਤਰ ਦੇ ਸੱਜੇ ਹਿੱਸੇ ਵਿੱਚ ਜਦੋਂ ਦੇਸ਼ A ਬਿੰਦੂ E ਉੱਤੇ ਪਹੁੰਚ ਜਾਂਦਾ ਹੈ ਤਾਂ ਦੇਸ਼ A ਵਸਤੂ Y ਦੀਆਂ ਵਾਧੂ ਇਕਾਈਆਂ ਲਈ ਵਸਤੂ X ਦੀਆਂ ਹੋਰ ਇਕਾਈਆਂ ਦੇਣ ਦਾ ਇੱਛੁਕ ਨਹੀਂ ਹੋਵੇਗਾ।ਦੇਸ਼ A ਦੀ ਭੇਟ ਵਕਰ O, H ਅਤੇ E ਬਿੰਦੂਆਂ ਨੂੰ ਮਿਲਾਣ ਨਾਲ ਪ੍ਰਾਪਤ ਹੁੰਦੀ ਹੈ। ਦੇਸ਼ A ਦੀ ਭੇਟ ਵਕਰ ਵਸਤੂ X ਦੀਆਂ ਵੱਖ-ਵੱਖ ਮਾਤਰਾਵਾਂ ਵਿੱਚ ਨਿਰਯਾਤ ਜਿਹੜਾ ਕਿ ਉਹ ਵਸਤੂ Y ਦੀਆਂ ਵੱਖ-ਵੱਖ ਮਾਤਰਾਵਾਂ ਵਿੱਚ ਵਟਾਂਦਰੇ ਦੇ ਲਈ ਦੇਣ ਨੂੰ ਤਿਆਰ ਹੈ, ਨੂੰ ਦਰਸਾਉਂਦੀ ਹੈ।


**ਦੇਸ਼ B ਦੀ ਭੇਟ ਵਕਰ**

ਰੇਖਾ ਚਿੱਤਰ 2 ਵਿੱਚ 0X ਧੁਰੇ ਉੱਤੇ ਦੇਸ਼ B ਦੇ ਆਯਾਤ ਅਤੇ OY ਧੁਰੇ ਉੱਤੇ ਨਿਰਯਾਤ ਵਿਖਾਏ ਗਏ ਹਨ। ਰੇਖਾ ਚਿੱਤਰ 2 ਦੇ ਸੱਜੇ ਹਿੱਸੇ ਵਿੱਚ ਦੇਸ਼ B ਸੰਤੁਲਨ ਬਿੰਦੂ A ਤੋਂ ਸ਼ੁਰੂ ਕਰਦਾ ਹੈ। ਜੇਕਰ ਇਖਤਿਆਰੀ ਕੀਮਤ ਰੇਖਾ $P_B' = P_x/P_y=1$ ਉੱਪਰ ਵਪਾਰ ਸ਼ੁਰੂ ਹੁੰਦਾ ਹੈ ਤਾਂ ਦੇਸ਼ B ਵਸਤੂ 60X ਲਈ 60Y ਦਾ ਦੇਸ਼ A ਨਾਲ ਵਟਾਂਦਰਾ ਕਰਦਾ ਹੈ ਅਤੇ ਉਤਪਾਦਨ ਦੇ ਬਿੰਦੂ B′ ਅਤੇ ਉਦਾਸੀਨਤਾ ਵਕਰ III′ ਦੇ ਬਿੰਦੂ E′ ਦੇ ਉੱਪਰ ਪਹੁੰਚ ਜਾਂਦਾ ਹੈ। ਰੇਖਾ ਚਿੱਤਰ ਦੇ ਖੱਬੇ ਹਿੱਸੇ ਵਿੱਚ ਵਪਾਰਕ ਤਿਕੋਨ B′C′E′ ਰੇਖਾ ਚਿੱਤਰ ਦੇ ਸੱਜੇ ਹਿੱਸੇ ਦੇ O′C′E′ ਵਪਾਰਕ ਤਿਕੋਨ ਦੇ ਬਰਾਬਰ ਹਨ ਅਤੇ ਇਸ ਤਰਾ ਅਸੀਂ ਦੇਸ਼ B ਦੇ ਭੇਟ ਵਕਰ ਵਿੱਚ ਬਿੰਦ E′ ਪ੍ਰਾਪਤ ਕਰਦੇ ਹਾਂ।

ਰੇਖਾ ਚਿੱਤਰ ਦੇ ਖੱਬੇ ਹਿੱਸੇ ਵਿੱਚ $P_F' = P_x/P_y=2$ ਉੱਤੇ ਦੇਸ਼ B ਉਤਪਾਦਨ ਵਿੱਚ ਬਿੰਦੂ F′ ਦੀ ਬਜਾਏ ਉਦਾਸੀਨ ਵਕਰ II′ ਦੇ ਬਿੰਦੂ H′ ਤੇ ਪਹੁੰਚਦਾ ਹੈ ਅਤੇ 20X ਦੇ ਲਈ 40Y ਵਸਤੂਆਂ ਦਾ ਵਟਾਂਦਰਾ ਕਰਦਾ ਹੈ। ਖੱਬੇ ਹਿੱਸੇ ਵਿੱਚ ਵਪਾਰਕ ਤਿਕੋਨ F′G′H′ ਸੱਜੇ ਹਿੱਸੇ ਵਿੱਚ ਵਪਾਰਕ ਤਿਕੋਨ O′G′H′ ਦੇ ਬਰਾਬਰ ਹੁੰਦਾ ਹੈ

ਜਿਸਤੋਂ ਅਸੀਂ ਦੇਸ਼ B ਦੇ ਭੇਟ ਵਕਰ ਦਾ ਬਿੰਦੂ H' ਪ੍ਰਾਪਤ ਕਰਦੇ ਹਾਂ। ਉਤਪੱਤੀ ਬਿੰਦੂ O ਨੂੰ ਬਿੰਦੂ H' ਅਤੇ E' ਅਤੇ ਹੋਰ ਪ੍ਰਾਪਤ ਕੀਤੇ ਸਮਾਨ ਬਿੰਦੂਆਂ ਨੂੰ ਮਿਲਾਣ ਨਾਲ ਅਸੀਂ ਦੇਸ਼ B ਦੇ ਸੱਜੇ ਹਿੱਸੇ ਵਿੱਚ ਭੇਟ ਵਕਰ ਪ੍ਰਾਪਤ ਕਰਦੇ ਹਾਂ। ਭੇਟ ਵਕਰ ਇਹ ਵਿਖਾਉਂਦੀ ਹੈ ਕਿ ਦੇਸ਼ B ਵਸਤੂ X ਦੇ ਆਯਾਤ ਲਈ ਵਸਤੂ Y ਦੀਆਂ ਕਿੰਨਿਆਂ ਇਕਾਈਆਂ ਦਾ ਨਿਰਯਾਤ ਕਰਨ ਲਈ ਤਿਆਰ ਹੈ।

ਇੱਕ ਵਾਰ ਫਿਰ ਖੱਬੇ ਹਿੱਸੇ ਨੂੰ ਸਧਾਰਣ ਬਣਾਉਣ ਲਈ ਇਖਤਿਆਰੀ ਕੀਮਤ ਰੇਖਾ $P_A' = 4$ ਅਤੇ ਉਦਾਸੀਨਤਾ ਵਕਰ I' ਜਿਹੜੀ ਕਿ ਉਤਪਾਦਨ ਸੀਮਾ ਅਤੇ $P_A' = 4$ ਨੂੰ ਬਿੰਦੂ A' ਤੇ ਸਪਰਸ਼ ਕਰਦੀ ਹੈ, ਛੱਡ ਦਿੰਦੇ ਹਾਂ। ਇਹ ਧਿਆਨ ਵਿੱਚ ਰੱਖਣਾ ਜਰੂਰੀ ਹੈ ਕਿ ਸੱਜੇ ਹਿੱਸੇ ਵਿੱਚ $P_A'$, $P_F'$ ਅਤੇ $P_B'$ ਦਾ ਖੱਬੇ ਹਿੱਸੇ ਦੇ $P_A'$, $P_F'$ ਅਤੇ $P_B'$ ਦਾ ਸਮਾਨ $P_x/P_y$ ਹੁੰਦਾ ਹੈ ਕਿਉਂਕਿ ਉਹ ਸਮਾਨ ਨਿਰਪੇਖ ਢਲਾਣ ਵੱਲ ਸੰਕੇਤ ਕਰਦੀ ਹੈ।





ਰੇਖਾ ਚਿੱਤਰ 2: ਦੇਸ਼ B ਦੇ ਭੇਟ ਵਕਰ ਦੀ ਉੱਤਪਤੀ

ਰੇਖਾ ਚਿੱਤਰ 2 ਦੇ ਸੱਜੇ ਹਿੱਸੇ ਵਿੱਚ ਦੇਸ਼ B ਦੀ ਭੇਟ ਵਕਰ ਇਖਤਿਆਰੀ ਕੀਮਤ ਰੇਖਾ $P_A' = 4$ ਤੋਂ ਹੇਠਾ ਹੁੰਦੀ ਹੈ ਜਿਥੇ ਉਹ ਕਿਸੇ ਵਸਤੂ ਦੇ ਤੁਲਨਾਤਮਕ ਲਾਭ ਅਤੇ ਨਿਰਯਾਤ ਨੂੰ ਮਾਪਦੀ ਹੈ। ਦੇਸ਼ B ਲਈ ਵਸਤੂ Y ਦੇ ਵੱਧ ਨਿਰਯਾਤ ਲਈ ਵਸਤੂ Y ਦੀਆਂ ਤੁਲਨਾਤਮਕ ਕੀਮਤਾਂ ਵਿੱਚ ਵਾਧਾ ਜ਼ਰੂਰੀ ਹੈ ਅਰਥਾਤ ਇਸਦੇ ਪ੍ਰਸਪਰ (ਜਿਵੇਂ ਕਿ $P_x/P_y$) ਗਿਰਾਵਟ ਜ਼ਰੂਰੀ ਹੈ। ਇਸ ਤਰ੍ਹਾਂ $P_F' = 2$ ਉੱਪਰ, ਦੇਸ਼ B 40Y ਦਾ ਨਿਰਯਾਤ ਕਰਦਾ ਹੈ ਅਤੇ $P_B' = 1$ ਉਪਰ ਇਹ 60Y ਦਾ ਨਿਰਯਾਤ ਕਰਦਾ ਹੈ। ਵਸਤੂ Y ਦੇ ਜਿਆਦਾ ਨਿਰਯਾਤ ਲਈ ਦੇਸ਼ B ਲਈ ਵਸਤੂ Y ਦੀਆਂ ਤੁਲਨਾਤਮਕ ਜਿਆਦਾ ਕੀਮਤਾਂ ਦਾ ਹੋਣਾ ਜਰੂਰੀ ਹੈ। ਦੇਸ਼ B ਨੂੰ ਵਸਤੂ Y ਦੇ ਨਿਰਯਾਤ ਨੂੰ ਉਤਸ਼ਾਹਿਤ ਕਰਨ ਲਈ Y ਵਸਤੂ ਦੀਆਂ ਜਿਆਦਾ ਤੁਲਨਾਤਮਕ ਕੀਮਤਾਂ ਦੀ ਜ਼ਰੂਰਤ ਹੈ ਕਿਉਂਕਿ ਦੇਸ਼ B ਵਸਤੂ Y ਦੇ ਨਿਰਯਾਤ ਲਈ ਵੱਧਦੀਆਂ ਅਵਸਰ ਲਾਗਤਾਂ ਨੂੰ ਉਠਾਉਂਦਾ ਹੈ, ਵਪਾਰ ਰਾਹੀਂ ਦੇਸ਼ B ਦੁਆਰਾ ਵਸਤੂ X ਦਾ ਜਿਆਦਾ ਅਤੇ ਵਸਤੂ Y ਦਾ ਘੱਟ ਉਪਭੋਗ ਕੀਤਾ ਜਾਂਦਾ ਹੈ ਅਤੇ ਤੁਲਨਾ ਵਜੋਂ ਵਸਤੂ Y ਦੀਆਂ ਇਕਾਈਆਂ ਵਸਤੂ X ਦੀਆਂ ਇਕਾਈਆਂ ਨਾਲੋਂ ਜਿਆਦਾ ਕੀਮਤੀ ਹੋ ਜਾਂਦੀਆਂ ਹਨ। ਦੇਸ਼ B ਦੀ ਭੇਟ ਵਕਰ ਵਸਤੂ Y ਦੀਆਂ ਵੱਖ-ਵੱਖ ਮਾਤਰਾਵਾਂ ਵਿੱਚ ਨਿਰਯਾਤ ਜਿਹੜਾ ਕਿ ਉਹ ਵਸਤੂ X ਦੀਆਂ ਵੱਖ-ਵੱਖ ਮਾਤਰਾਵਾਂ ਵਿੱਚ ਵਟਾਂਦਰੇ ਦੇ ਲਈ ਦੇਣ ਨੂੰ ਤਿਆਰ ਹੈ, ਨੂੰ ਦਰਸਾਉਂਦੀ ਹੈ।

## ਵਪਾਰਕ ਸੰਤੁਲਨ

ਜਿਥੇ ਦੋ ਦੇਸ਼ਾਂ ਦੇ ਭੇਟ ਵੱਕਰ ਆਪਸ ਵਿੱਚ ਕੱਟਦੇ ਹਨ ਉਥੇ ਦੋ ਦੇਸ਼ਾਂ ਦੇ ਆਪਸ ਵਿੱਚ ਵਪਾਰ ਦੀਆਂ ਸੰਤੁਲਨ ਤੁਲਨਾਤਮਕ ਵਸਤੂ ਕੀਮਤਾਂ ਦਾ ਨਿਰਧਾਰਨ ਹੁੰਦਾ ਹੈ। ਕਿਸੇ ਹੋਰ ਤੁਲਨਾਤਮਕ ਵਸਤੂ ਕੀਮਤ ਉਪਰ ਦੋ ਵਸਤੂਆਂ ਦੇ ਆਯਾਤ ਅਤੇ ਨਿਰਯਾਤ ਦੀ ਇੱਛਕ ਮਾਤਰਾ ਬਰਾਬਰ ਨਹੀਂ ਹੋ ਸਕਦੀ। ਇਹ ਤੁਲਨਾਤਮਕ ਵਸਤੂ ਕੀਮਤਾਂ ਨੂੰ ਸੰਤੁਲਨ ਦੇ ਪੱਧਰ ਵੱਲ ਜਾਣ ਲਈ ਦਬਾਅ ਪਾਉਂਦੀ ਹੈ। ਇਸਨੂੰ ਰੇਖਾ ਚਿੱਤਰ 3 ਵਿੱਚ ਸਪਸ਼ਟ ਕੀਤਾ ਗਿਆ ਹੈ। ਦੇਸ਼ A ਅਤੇ ਦੇਸ਼ B ਦੀਆਂ ਰੇਖਾ ਚਿੱਤਰ 1 ਅਤੇ 2 ਦੀਆਂ ਭੇਟ ਵਕਰਾਂ ਆਪਸ ਵਿੱਚ ਇੱਕ ਦੂਸਰੇ ਨੂੰ ਰੇਖਾ ਚਿੱਤਰ 3 ਵਿੱਚ E ਜਾ E′ ਬਿੰਦੂ ਉੱਪਰ ਕੱਟਦੀਆਂ ਹਨ।ਇਹ ਭੇਟ ਵਕਰਾਂ ਜਿਹੜੀਆਂ ਇੱਕ ਦੂਸਰੇ ਨੂੰ ਬਿੰਦੂ E ਤੇ ਕੱਟਦੀਆਂ ਹਨ, ਸੰਤੁਲਨ ਕੀਮਤਾ ($P_B$=1) ਨੂੰ ਦਰਸਾਉਂਦੀਆਂ ਹਨ। $P_B$ ਉੱਤੇ ਵਪਾਰ ਸੰਤੁਲਨ ਵਿੱਚ ਹੈ ਕਿਉਂਕਿ ਦੇਸ਼ A, 60Y ਲਈ 60X ਇਕਾਈਆਂ ਦੇਣ ਲਈ ਤਿਆਰ ਹੈ ਅਤੇ $P_B'$=1 ਉੱਤੇ ਦੇਸ਼ B ਦਰੁਸਤੀ ਨਾਲ 60X ਲਈ 60Y ਇਕਾਈਆਂ ਦੇਣ ਲਈ ਤਿਆਰ ਹੈ। ਇਸ ਤਰ੍ਹਾਂ ਵਪਾਰ $P_B$ ਉੱਤੇ ਸੰਤੁਲਨ ਵਿੱਚ ਹੈ।



ਰੇਖਾ ਚਿੱਤਰ 3: ਭੇਟ ਵਕਰਾਂ ਰਾਹੀ ਵਪਾਰਕ ਸੰਤੁਲਨ

ਕਿਸੇ ਹੋਰ ਇਖਤਿਆਰੀ ਕੀਮਤ ਰੇਖਾ $P_x/P_y$ <1 ਉੱਪਰ ਵਪਾਰ ਸੰਤੁਲਨ ਵਿੱਚ ਨਹੀਂ ਹੋਵੇਗਾ। ਉਦਾਹਰਣ ਦੇ ਤੌਰ ਤੇ $P_x/P_y$ < 1 ਉੱਤੇ ਦੇਸ A ਦੁਆਰਾ ਵਸਤੂ X ਦੀ ਨਿਰਯਾਤ ਕੀਤੀ ਗਈ ਮਾਤਰਾ ਦੇਸ਼ B ਦੁਆਰਾ ਆਯਾਤ ਕੀਤੀ ਗਈ ਮਾਤਰਾ ਦੀ ਮੰਗ ਤੋਂ ਘੱਟ ਹੋ ਜਾਵੇਗੀ ਇਹ ਤੁਲਨਾਤਮਕ ਵਸਤੂ ਕੀਮਤਾ ਨੂੰ ਸੰਤੁਲਨ ਵੱਲ ਲੈ ਜਾਵੇਗੀ। $P_x/P_y$>1 ਉੱਤੇ ਇਸਦੇ ਉਲਟ ਹੋ ਜਾਵੇਗਾ।

**ਪਾਠ ਨੰਬਰ : 1.6**

# ਅੰਤਰਰਾਸ਼ਟਰੀ ਵਪਾਰ ਦੇ ਨਵੇਂ ਸਿਧਾਂਤ

**1. ਭੂਮਿਕਾ**
**2. ਪਾਠ ਦੇ ਉਦੇਸ਼**
**3. ਵਪਾਰ ਦੀ ਮਾਤ੍ਰਾ ਅਤੇ ਮੰਗ ਢਾਂਚੇ ਦਾ ਲਿੰਡਰ ਦਾ ਸਿਧਾਂਤ**
**4. ਵਰਨਨ ਦਾ ਵਸਤੂਚਕ੍ਰ ਸਿਧਾਂਤ**
**5.** ਅੰਤ**ਰ- ਉਦਯੋਗ ਵਪਾਰ**
**6. ਛੋਟੇ ਉਤਰਾਂ ਵਾਲੇ ਪ੍ਰਸ਼ਨ**
**7. ਵੱਡੇ ਉਤਰਾਂ ਵਾਲੇ ਪ੍ਰਸ਼ਨ**
**8.** ਪੜ੍ਹਨਯੋਗ **ਪੁਸਤਕਾ**

## 1. ਭੂਮਿਕਾ

ਕਲਾਸਿਕੀ ਅਤੇ ਹੈਕਸ਼ਰ-ਹੋਲਿਨ ਸਿਧਾਂਤਾਂ ਦਾ ਉਹਨਾਂ ਦੇ ਵੱਖੋ-ਵੱਖ ਸੋਧਾਂ ਅਤੇ ਵਿਸਤਾਰਾਂ ਦੇ ਨਾਲ ਵਿਸਤ੍ਰਤ ਵਿਸ਼ਲੇਸ਼ਣ ਕੀਤਾ ਗਿਆ ਹੈ। ਹਾਲ 'ਚ ਕਈਂ ਅਰਥਸ਼ਾਸ਼ਤ੍ਰੀਆਂ ਨੇ ਅੰਤਰਰਾਸ਼ਟਰੀ ਵਪਾਰ ਦੇ ਕੁੱਝ ਨਵੇਂ ਸਿਧਾਂਤਾਂ ਦੀ ਵਿਵੇਚਨਾ ਕੀਤੀ ਹੈ ਜਿਨ੍ਹਾਂ ਦੀ ਵਿਆਖਿਆ ਇਸ ਪਾਠ ਵਿਚ ਕੀਤੀ ਜਾ ਰਹੀ ਹੈ।

## 2. **ਪਾਠ ਦੇ** ਉਦੇਸ਼

ਇਸ ਪਾਠ ਵਿਚ ਅਸੀਂ ਵਪਾਰ ਦੀ ਮਾਤ੍ਰਾ ਅਤੇ ਮੰਗ ਢਾਂਚੇ ਦਾ ਲਿੰਡਰ ਦਾ ਸਿਧਾਂਤ, ਵਰਨਨ ਦਾ ਵਸਤੂਚਕ੍ਰ ਸਿਧਾਂਤ ਅਤੇ ਆਂਤਰ-ਉਦਯੋਗ ਵਪਾਰ ਬਾਰੇ ਜਾਣਕਾਰੀ ਹਾਸਲ ਕਰਾਂਗੇ।

## 3. ਵਪਾਰ ਦੀ ਮਾਤ੍ਰਾ ਅਤੇ ਮੰਗ ਢਾਂਚੇ ਦਾ ਲਿੰਡਰ ਦਾ ਸਿਧਾਂਤ

ਸਵੀਡਨ ਦੇ ਅਰਥਸ਼ਾਸ਼ਤ੍ਰੀ ਐਸ ਬੀ ਲਿੰਡਰ ਨੇ ਇਕ ਸਿਧਾਂਤ ਪ੍ਰਤੀਪਾਦਿਤ ਕੀਤਾ ਹੈ ਜੋ ਵਪਾਰ ਕਰ ਰਹੇ ਦੋ ਵੱਖਰੇ ਦੇਸ਼ਾਂ ਦੇ ਵਿਚ ਵਿਨਿਰਮਾਣਾਂ 'ਚ ਵਪਾਰ ਦੀ ਮਾਤ੍ਰਾ ਦਾ ਰਾਸ਼ਟਰੀ ਆਮਦਨ ਦੀ ਸਮਾਨੁਪਾਤ ਦੇ ਰੂਪਾਂ 'ਚ ਵਿਆਖਿਆ ਕਰਦਾ ਹੈ। ਲਿੰਡਰ ਇਹ ਤਰਕ ਦਿੰਦਾ ਹੈ ਕਿ ਜਦ ਤਕਇਕ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ ਵਧਦੀ ਹੈ ਤਾਂ ਇਸਦਾ ਪ੍ਰਤੀਨਿਧੀ ਮੰਗ ਢਾਂਚਾ ਕੁਝ ਵਿਨਿਕਮਾਣਾਂ ਦੇ ਘਰੇਲੂ ਉਤਪਾਦਨ 'ਚ ਪ੍ਰਸਾਰ ਕਰਦਾ ਹੈ। ਇਹ ਪ੍ਰਸਾਰ ਇਹਨਾਂ ਵਿਨਿਰਮਾਣਾਂ ਦੀਆਂ ਲਾਗਤਾਂ 'ਚ ਅਜਿਹੀਆਂ ਕਟੌਤੀਆਂ

ਲਿਆਉਂਦਾ ਹੈ ਕਿ ਉਹ ਦੇਸ਼ ਦੇ ਲਈ ਨਵੇਂ ਤੁਲਨਾਤਮਕ ਲਾਭ ਨਿਰਯਾਤ ਬਣ ਜਾਦੇ ਹਨ।ਇਸ ਤਰ੍ਹਾਂ ਇਕ ਦੇਸ਼ ਆਪਣੀ ਪ੍ਰਤੀਨਿਧੀ- ਮੰਗ-ਵਸਤੂ ਦਾ ਨਿਰਯਾਤ ਕਰਨਾ ਸ਼ੁਰੂ ਕਰਦਾ ਹੈ।

ਇਸਦੀਆਂ ਮਾਨਤਾਵਾਂ

ਲਿੰਡਰ ਦਾ ਸਿਧਾਤ ਹੇਠ ਲਿਖਤ ਮਾਨਤਾਵਾਂ ਤੇ ਅਧਾਰਤ ਹੈ

1. ਇਕ ਦੇਸ਼ ਦਾ ਸੰਭਾਵਤ ਵਪਾਰ ਅਜਿਹੀਆਂ ਵਸਤਾਂ ਤਕ ਸੀਮਤ ਹੈ ਜਿਹਨਾ ਦੀ ਘਰੇਲੂ ਮੰਗ ਹੈ।
2. ਦੋ ਦੇਸ਼ਾਂ ਦੇ ਵਿਚ ਸੰਭਾਵਤ ਵਪਾਰ ਅਜਿਹੀਆਂ ਵਸਤਾਂ ਤਕ ਸੀਮਤ ਹੈ ਜਿਹਨਾਂ ਦੇਲਈ ਮੰਗ ਦੋਵਾਂ ਦੇਸ਼ਾਂ 'ਚ ਪਾਈ ਜਾਦੀ ਹੈ।
3. ਜਿਨ੍ਹਾਂ ਵਸਤਾਂ ਲਈ ਘਰੇਲੂ ਮੰਗ ਪਾਈ ਜਾਂਦੀ ਹੈ, ਉਹ ਪ੍ਰਤੀ-ਵਿਅਕਤੀ ਆਮਦਨ ਰਾਹੀਂ ਨਿਰਧਾਰਤ ਹੁੰਦੀ ਹੈ।
4. ਦੋ ਦੇਸ਼ਾਂ ਦੇ ਵਿਚ ਸੰਭਾਵਤ ਵਪਾਰ ਬਰਾਬਰ ਆਮਦਨ ਪੱਧਰਾਂ ਤੇ ਨਿਰਭਰ ਕਰਦਾ ਹੈ।

ਸਿਧਾਂਤ ਦੀ ਵਿਆਖਿਆ


ਸ਼ੁਰੂ 'ਚ ਲਿੰਡਰ ਵਿਨਿਰਮਾਣਾਂ ਅਤੇ ਮੁਢਲੀਆਂ ਵਸਤਾਂ 'ਚ ਭੇਦ ਕਰਦਾ ਹੈ ਜਦ ਕਿ ਮੁਢਲੀਆਂ ਵਸਤਾਂ 'ਚ ਵਪਾਰ ਦੀ ਵਿਆਖਿਆ ਸਾਪੇਖ ਕੁਦਰਤੀ ਸਾਧਨ ਸੰਪੰਨਤਾਂਵਾ ਦੇ ਰੂਪ 'ਚਕੀਤੀ ਜਾ ਸਕਦੀ ਹੈ, ਵਿਨਿਰਮਾਣਾਂ ਦੀ ਇਸ ਤਰ੍ਹਾਂ ਨਹੀਂ ਕੀਤੀ ਜਾ ਸਕਦੀ। ਵਿਨਿਰਮਾਣਾਂ ਲਈਤਕਨੀਕੀ ਸ੍ਰੇਸ਼ਠਤਾ, ਪ੍ਰਬੰਧਾਤਮਕ ਕੁਸਲਤਾਵਾਂ ਅਤੇ ਪੈਮਾਨੇ ਦੀਆਂ ਕਿਫਾਇਤਾਂ ਆਦਿ ਜਿਹੇ ਕਈ ਜਟਿਲ ਕਾਰਕ ਪਾਏ ਜਾਂਦੇ ਹਨ ਜਿਹਨਾ ਨੂੰ ਸਪਸ਼ਟ ਅਤੇ ਪੂਰਬ ਅਨੁਮਾਨਤ ਢਾਂਚੇ 'ਚ ਨਹੀ ਰਖਿਆ ਜਾ ਸਕਦਾ। ਇਸ ਲਈ ਉਹ ਵਿਨਿਰਮਾਣਾਂ 'ਚ ਵਪਾਰ ਦੀ ਸਹੀ ਸੰਰਚਨਾ ਦੀ ਵਿਆਖਿਆ ਨਹੀਂ ਕਰਦਾ ਹੈ। ਸਗੋਂ ਉਹ ਵਪਾਰ ਕਰ ਰਹੇ ਦੋ ਭਾਈਵਾਲ ਦੇਸ਼ਾਂ ਦੇ ਵਿਚ ਰਾਸ਼ਟਰੀ ਆਮਦਨ ਦੇ ਸਮਾਨੁਪਾਤ ਦੇ ਰੂਪ 'ਚ ਵਿਨਿਰਮਾਣਾਂ 'ਚ ਵਪਾਰ ਦੀ ਮਾਤ੍ਰਾ ਨਾਲ ਸਬੰਧਤ ਸਿਧਾਂਤ ਨੂੰ ਪ੍ਰਤੀ ਪਾਦਤ ਕਰਦਾ ਹੈ।

ਲਿੰਡਰ ਦੇ ਸਿਧਾਂਤ ਦੇ ਵਿਸਲੇਸਣਾਤਮਕ ਢਾਂਚੇ ਦੀ ਵਿਆਖਿਆ ਇਸ ਤਰ੍ਹਾ ਕੀਤੀ ਜਾ ਸਕਦੀ ਹੈ। ਨਿਰਯਾਤ ਦੇ ਰੂਪ 'ਚ ਵਿਨਿਰਮਾਣਾਂ 'ਚ ਵਪਾਰ ਦੇ ਲਈ ਪੂਰਬ-ਸ਼ਰਤ "ਘਰੇਲੂ ਮੰਗ"ਦਾ ਬਿਰਾਜਮਾਨ ਹੋਣਾ ਹੈ। ਇਹ ਕਈ ਕਾਰਨਾਂ ਕਰਕੇ ਹੈ (ੳ) ਵਿਦੇਸ਼ੀ ਵਪਾਰ ਸਿਰਫ ਘਰੇਲੂ ਘਰ ਦਾ ਫੈਲਾਉ ਹੈ,(ਅ) ਮੌਜੂਦ ਉਦਯੋਗਾਂ ਤੇ ਨਵਪ੍ਰਵਰਤਨ ਕਰ ਰਹੇ ਕੇਂਦਰ ਹਨ,ਅਤੇ(ੲ) ਘਰੇਲੂ ਮੰਗ ਵਿਨਿਰਮਾਣਾਂ ਨੂੰ ਨਿਰਯਾਤ ਸੰਭਾਵਨਾ ਪ੍ਰਦਾਨ ਕਰਦੀ ਹੈ। ਪਰ ਮੁੱਖ ਕਾਰਨ ਇਹ ਹੈ ਕਿ ਵਿਦੇਸ਼ੀ ਮਾਰਕਿਟ ਜੋਖਮਵਾਲੀ ਹੈ ਅਤੇ ਘਰੇਲੂ

ਮਾਰਕਿਟ ਅਜਿਹੀ ਨਹੀਂ ਹੈ,ਇਸਲਈ ਉਤਪਾਦਕ ਸਿਰਫ ਵਿਦੇਸ਼ੀ ਮਾਰਕਿਟ ਤੇ ਹੀ ਨਿਰਭਰ ਰਹਿਣਾ ਨਹੀਂ ਚਾਹੁੰਦੇ ਹਨ।

ਇਹ ਸਿੱਟਾ ਨਿਕਲਦਾ ਹੈ ਕਿ ਘਰੇਲੂ ਮੰਗ ਢਾਂਚਾ ਸੰਭਾਵਤ ਨਿਰਯਾਤ ਵਸਤਾ ਦੀ ਰੇਂਜ ਨੂੰ ਨਿਰਧਾਰਤ ਕਰਦਾ ਹੈ। ਇਕ ਦੇਸ਼ ਸਿਰਫ ਉਹੀ ਵਸਤਾਂ ਨਿਰਯਾਤ ਕਰੇਗਾ ਜਿਸ ਦੇ ਲਈ ਇਸਦੀ ਵੱਡੀ ਅਤੇ ਸਕ੍ਰਿਯ ਘਰੇਲੂ ਮੰਗ ਹੈ। ਜਦ ਸਿਰਫ ਘਰੇਲੂ ਮਾਰਕਿਟ ਲਈ ਉਤਪਾਦਨਵਧ ਹੁੰਦਾ ਹੈ ਤਾਂ ਫਰਮਾਂ ਪੈਮਾਨੇ ਦੀਆਂ ਕਿਫਾਇਤਾਂ ਉਪਲਬਧ ਕਰ ਸਕਦੀ ਹੈ ਅਤੇ ਲਾਗਤਾਘਟ ਅਤੇ ਵਿਦੇਸ਼ੀ ਮਾਰਕਿਟ 'ਚ ਦਾਖਲ ਹੋ ਸਕਦੀ ਹੈ।

ਲਿੰਡਰ ਦੇ ਮੁਤਾਬਕ ਇਕ ਦੇਸ਼ ਆਪਣੀਆਂ ਵਧੇਰੇ ਵਸਤਾਂ ਨੂੰ ਉਹਨਾਂ ਦੇਸ਼ਾਂ ਨੂੰ ਨਿਰਯਾਤ ਕਰੇਗਾ ਜਿਹਨਾਂ ਦਾ ਅਮਦਨ ਪੱਧਰ ਅਤੇ ਮੰਗ ਢਾਂਚੇ ਨਿਰਯਾਤਕ ਦੇਸ਼ ਦੇ ਸਮਾਨ ਹਨ। ਉਸਨੂੰ ਉਹ ਤਰਜੀਹ ਸਮਾਨਤਾ" ਕਹਿੰਦਾ। ਲਿੰਡਰ ਇਹ ਤਰਕ ਦਿੰਦਾ ਹੈ ਕਿ ਦਿੱਤੇ ਹੋਏ ਦੇਸ਼ਾਂ ਚ ਹੋਰ ਗੱਲਾਂ ਸਮਾਨ ਰਹਿਣ ਤੇ,ਉੱਚ ਆਮਦਨ ਵਰਗਾਂ ਚ ਉਪਭੋਗੀ ਉਚ ਗੁਣਤਾ ਦੀਆਂ ਵਸਤਾਂ ਦੀ ਮੰਗ ਕਰਦੇ ਹਨ ਅਤੇ ਜੋ ਘੱਟ ਆਮਦਨ ਵਰਗਾਂ ਚ ਹੁੰਦੇ ਹਨ ਉਹ ਘੱਟ ਗੁਣਤਾ ਦੀਆਂ ਵਸਤਾਂ ਦੀ ਮੰਗ ਕਰਦੇ ਹਨ। ਇਹੀ ਨਿਯਮ ਅੰਤਰਰਾਸ਼ਟਰੀ ਪੱਧਰ ਤੇ ਵੀ ਲਾਗੂ ਹੁੰਦੇ ਹਨ ਜਿੱਥੇ ਔਸਤਨ ਘੱਟ- ਆਮਦਨ ਦੇਸ਼ ਨੀਵੀਂ ਗੁਣਤਾ ਵਾਲੀਆ ਵਸਤਾ




ਚਿੱਤਰ 1

ਦੀ ਮੰਗ ਦੀ ਪ੍ਰਵ੍ਰਿਤੀ ਰੱਖਦੇ ਹਨ ਅਤੇ ਉੱਚ-ਆਮਦਨ ਦੇਸ਼ ਉੱਚ -ਗੁਣਤਾ ਵਾਲੀਆਂ ਵਸਤਾਂ ਦੀ। ਇਸਦਾ ਇਹ ਅਰਥ ਨਹੀ ਕਿ ਉੱਚ-ਆਮਦਨ ਦੇਸ਼ ਘੱਟ ਗੁਣਤਾ ਵਾਲੀਆਂ ਵਸਤਾਂ ਦੀ ਮੰਗ ਨਹੀਂ ਕਰਦੇ ਹਨ ਅਤੇ ਨੀਵੀਂ-ਆਮਦਨ ਦੇਸ਼ ਉੱਚ ਗੁਣਤਾ ਵਾਲੀਆਂ ਵਸਤਾਂ ਦੀ। ਅਸਲ ਚਆਮਦਨ ਵੰਡ ਕਿਸੇ ਵੀ ਸਮਾਜ ਚ ਇਕੋ ਜਿਹੀ ਨਹੀਂ ਹੈ। ਇਸ ਕਾਰਨ ਵੱਖਰੇ ਦੇਸ਼ਾਂ ਚ ਤਰਜੀਹ ਸਮਾਨਤਾ ਹੁੰਦੀ ਹੈ ਅਤੇ ਮੰਗ ਢਾਂਚੇ ਅਤੀ ਵਿਆਪਤ ਹੁੰਦੇ ਹਨ। ਇਸ ਨਾਲ ਦੇਸ਼ਾਂ ਦੇ ਵਿਚ ਵਪਾਰ ਸੰਬੰਧ ਪਾਏ ਜਾਂਦੇ ਹਨ ਅਤੇ ਹਰ ਇਕ ਦੇਸ਼

ਆਪਣੀ ਘਰੇਲੂ ਮੰਗ ਨੂੰ ਪੂਰਾ ਕਰਨ ਦੇ ਬਾਅਦ ਵਖੱਰੇ ਤਰ੍ਹਾਂ ਦੀਆਂ ਵਿਨਿਰਮਤ ਵਸਤਾਂ ਨੂੰ ਉਤਪਾਦਤ ਅਤੇ ਨਿਰਯਾਤ ਕਰਦਾ ਹੈ। ਲਿੰਡਰ ਦੇ ਅਧਿਮਾਨ ਸਮਾਨਤਾ ਜਾਂ ਅਤੀਵਿਆਪਤੀ ਮੰਗ ਸਿਧਾਤ ਨੂੰ ਚਿੱਤਰ 1 ਰਾਹੀ ਸਮਝਾਇਆ ਗਿਆ ਹੈ।

ਅਸੀਂ ਦੋ ਦੇਸ਼A ਅਤੇ B ਲੈਂਦੇ ਹਾਂ। ਪ੍ਰਤੀ ਵਿਅਕਤੀ ਆਮਦਨ ਕਸੈਤਿਜ ਅਕਸ ਤੇ ਅਤੇ ਗੁਣਤਾ ਅਨੁਲੰਬ ਅਕਸ ਤੇ ਲਈ ਗਈ ਹੈ। ਕਿਰਣ OR ਨਾਲ ਇਸ ਸੰਬੰਧ ਨੂੰ ਦਰਸਾਉਂਦੀ ਹੈ। ਉੱਚ ਪ੍ਰਤੀ ਵਿਅਕਤੀ ਆਮਦਨ $OY_a$ਵਾਲਾ ਦੇਸ਼A ਉੱਚ ਗੁਣਤਾ ਵਾਲੀਆਂ ਵਸਤਾਂ$OQ_a$ ਮੰਗਦਾ ਹੈ,ਜਦਕਿ ਨੀਵੀਂ ਪ੍ਰਤੀ ਵਿਅਕਤੀ ਆਮਦਨ $OY_b$ ਵਾਲਾ ਦੇਸ਼B ਨੀਵੀ ਗੁਣਤਾ ਵਾਲੀਆਂ ਵਸਤਾਂ $OQ_b$ ਮੰਗਦਾ ਹੈ। ਜੇਕਰ ਹਰ ਇਕ ਦੇਸ਼ 'ਚ ਸਭ ਵਿਅਕਤੀਆਂ ਦੇ ਵਿਚ ਆਮਦਨ ਦੀ ਇਕੋ ਜਿਹੀ ਵੰਡ ਹੋਵੇ ਤਾਂ ਦੋਵੇਂ ਦੇਸ਼ਾਂ ਦੇ ਵਿਚ ਕੋਈ ਵਪਾਰ ਨਹੀਂ ਹੋਵੇਗਾ ਕਿਉਕਿ ਹਰ ਇਕ ਦੇਸ਼ ਵਾਸੀਆਂ ਰਾਹੀਂ ਮੰਗੀ ਗਈ ਸਿਰਫ ਇਕ ਮਿਆਰੀ ਪੱਧਰ ਦੀ ਵਸਤੂ ਨੂੰ ਉਤਪਾਦਤ ਕਰੇਗਾ। ਅਸਲ ਚ ਆਮਦਨ ਵੰਡ ਅਸਮਾਨ ਹੈ। ਇਸ ਲਈ ਹਰਇਕ ਦੇਸ਼ ਚ ਦੋਨੋਂ ਗੁਣਤਾਵਾਲੀਆਂ ਵਸਤਾਂ ਮੰਗੀਆਂ ਜਾਂਦੀਆਂ ਹਨ। ਮੰਨ ਲਉ ਦੇਸ਼ A ‘ਚ ਆਮਦਨ ਵੰਡ ਨਾਲ AS, ਰੇਂਜਾਂ ਚ ਦੋਵੇਂ ਵਸਤਾਂ ਲਈ ਮੰਗ ਕੀਤੀਜਾਂਦੀ ਹੈ, ਜਦਕਿ ਦੇਸ਼ B 'ਚ BD ਰੇਂਜ ਹੈ। ਦੋਵੇਂ ਦੇਸ਼ਾਂ' ਚ ਵਿਆਪਕ ਮੰਗ ਦੀ ਰੇਂਜ BC=KS ਹੈ। ਕਿਉ ਕਿ ਮੰ ਗ ਦੀ ਅਤੀਵਿਆਪਤੀ ਹੈ ਇਸਲਈ ਦੋਵੇਂ ਦੇਸ਼ਾਂ ਦੇ ਵਿਚ ਵਪਾਰ ਸੰਭਵ ਹੈ। ਉੱਚ ਪ੍ਰਤੀ ਵਿਅਕਤੀਆਮਦਨ ਵਾਲਾ ਦੇਸ਼ A ਉੱਚ ਗੁਣਤਾ ਵਾਲੀ ਵਸਤੂ $OQ_a$ ਨੂੰ ਨੀਵੀਂ ਪ੍ਰਤੀ ਵਿਅਕਤੀ ਆਮਦਨ ਵਾਲੇ ਦੇਸ਼ B ਨੂੰ ਉਸਦੇ ਉੱਚ ਆਮਦਨ ਵਰਗਾਂ ਚ ਉਪਭੋਗੀਆਂ ਦੀ ਮੰਗ ਪੂਰਾ ਕਰਨ ਲਈ ਨਿਰਯਾਤ ਕਰੇਗਾ। ਦੂਜੇ ਪਾਸੇ,ਨੀਵੀ ਪ੍ਰਤੀ ਵਿਅਕਤੀ ਆਮਦਨ ਦੇਸ਼ B,ਨੀਵੀਂ ਗੁਣਤਾ ਵਾਲੀਵਸਤੂ $OQ_b$ ਉੱਚ ਪ੍ਰਤੀ ਵਿਅਕਤੀ ਆਮਦਨ ਵਾਲੇ ਦੇਸ਼ A ਨੂੰ ਉਸਦੇ ਨੀਵੀ ਆਮਦਨ ਵਰਗਾਂ' ਚ ਉਪਭੋਗੀਆਂ ਦੀ ਮੰਗ ਪੂਰੀ ਕਰਨ ਲਈ ਨਿਰਯਾਤ ਕਰੇਗਾ। ਇਕ ਵਪਾਰ ਕਰਨ ਵਾਲੇ ਦੇਸ਼ ਦੇ ਸੰਭਾਵਤ ਨਿਰਯਾਤ ਰੇਂਜ ਦੀ ਵਸਤੂ ਸੰਰਚਨਾ ਚ ਜਿੰਨੀ ਵੱਧ ਅਤੀਵਿਆਪਤੀ ਹੋਵੇਗੀ,ਉੱਨੀਹੀ ਵਧ ਵਪਾਰ ਦੀ ਵਾਸਤਵਿਕ ਮਾਤ੍ਰਾ ਹੋਵੇਗੀ। ਜਿੰਨੀ ਵੱਧ ਵਪਾਰ ਦੀ ਅਨੁਮਾਨਤ ਮਾਤ੍ਰਾ ਹੋਵੇਗੀ ਉੱਨਾ ਹੀ ਵਪਾਰ ਕਰਨ ਵਾਲੇ ਦੇਸ਼ ਚ ਆਮਦਨ ਪੱਧਰ ਉੱਚਾ ਹੋਵੇਗਾ ਅਤੇ ਜਿੰਨੀ ਵੱਧ ਵਪਾਰਦੀ ਸੰਭਾਵਤ ਮਾਤ੍ਰਾ ਹੋਵੇਗੀ, ਉੱਨੀ ਹੀ ਵੱਧ ਵਪਾਰ ਦੀ ਵਾਸਤਵਿਕ ਮਾਤ੍ਰਾ ਹੋਵੇਗੀ।

**ਆਲੋਚਨਾਤਮਕ ਮੂਲੰਕਣ**

ਲਿੰਡਰ ਦਾ ਸਿਧਾਂਤ ਹੈਕਸਰਉਲਿਨ ਸਿਧਾਂਤ ਤੇ ਸੁਧਾਰ ਹੈ। ਹੈਕਸਰ ਉਹਲਿਨ ਸਿਧਾਂਤ ਇਸ ਪਰੀਕਲਪਨਾ ਤੇ ਅਧਾਰਤ ਹੈ ਕਿ ਸਾਧਨ ਸੰਪੰਨਤਾਵਾਂ ਚ ਭੇਦਾਂ ਕਰਕੇ ਦੇਸ਼ਾਂ ਦੇ ਵਿਚ ਵਪਾਰ ਪਾਇਆ ਜਾਂਦਾ ਹੈ। ਲਿੰਡਰ ਦਾ ਸਿਧਾਂਤ ਇਸ ਗਲ ਤੇ ਜੋਰ ਦਿੰਦਾ ਹੈ ਕਿ ਵਪਾਰ ਤਦ ਹੁੰਦਾ ਹੈ ਜਦ ਸਾਧਨ ਸੰਪੰਨਤਾਵਾਂ ਇਕੋ ਜਿਹੀਆਂ

ਹੁੰਦੀਆਂ ਹਨ। ਲਿੰਡਰ ਦਾ ਸਿਧਾਂਤ ਨਵੀਂ ਕਿਸਮ ਦਾ ਹੈ ਜੋ ਵਿਕਸਤ ਦੇਸ਼ਾਂ ਦੇ ਵਿਚ ਵਿਨਿਰਮਾਣ ਚ ਵਪਾਰ ਦੀ ਵੱਡੀ ਮਾਤ੍ਰਾ ਦੇ ਕਾਰਨਾਂ ਦੀ ਵਿਆਖਿਆ ਕਰਦਾ ਹੈ। ਇਸ ਦੀਆਂ ਕੁਝ ਕਮੀਆਂ ਵੀ ਹਨ।

ਲਿੰਡਰ ਦਾ ਸਿਧਾਂਤ ਇਹ ਵਿਆਖਿਆ ਨਹੀਂ ਕਰਦਾ ਕਿ ਕਿਸ ਕਾਰਨ ਇਕ ਦੇਸ਼ ਆਪਣੀ ਵਸਤੂ, ਜੋ ਉਹ ਨਿਰਯਾਤ ਕਰਦਾ ਹੈ, ਉਸਦੇ ਲਈ ਉਹ ਘਰੇਲੂ ਮਾਰਕਿਟ ਦਾ ਵਿਕਾਸ ਕਰੇਗਾ । ਇਹ ਸਿਧਾਂਤ ' ਗੁਣਤਾਂ ਸ਼ਬਦ ਦੇ ਅਰਥ ਨੂੰ ਸਪਸ਼ਟ ਨਹੀਂ ਕਰਦਾ ਅਤੇ ਗੁਣਤਾ ਨੂੰ ਕਿਵੇਂ ਮਾਪਿਆ ਜਾ ਸਕਦਾ ਹੈ, ਇਹ ਵੀ ਨਹੀਂ ਦੱਸਦਾ। ਇਹ ਸਿਧਾਂਤ ਇਸ ਗਲ ਦੀ ਵੀ ਵਿਆਖਿਆ ਨਹੀਂ ਕਰਦਾ ਕਿ ਸਿਰਫ ਗੁਣਤਾ ਹੀ ਕਿਉਂ ਪ੍ਰਤੀ ਵਿਅਕਤੀ ਆਮਦਨ ਦੇ ਨਾਲ ਬਦਲਦੀ ਹੈ ਅਤੇ ਵਪਾਰ ਨੂੰ ਪ੍ਰਭਾਵਤ ਕਰਦੀ ਹੈ। ਪ੍ਰਤੀਨਿਧ ਮੰਗ ਦੀ ਅਵਧਾਰਨਾ ਕਮਜ਼ੋਰ ਹੈ ਕਿਉਕਿ ਇਹ ਲਿੰਡਰ ਰਾਹੀਂ ਸਹੀ ਢੰਗਨਾਲ ਪਰੀਭਾਸ਼ਤ ਨਹੀਂ ਕੀਤੀ ਗਈ ਹੈ। ਲਿੰਡਰ ਉਹਨਾਂ ਸ਼ਰਤਾਂ ਨੂੰ ਵੀ ਨਹੀਂ ਦਿੰਦਾ ਜਿਹਨਾਂ ਦੇ ਅੰਤਰਗਤ ਵਪਾਰ ਕਰ ਰਹੇ ਦੇਸ਼ ਵਪਾਰ ਦੀ ਮਾਤ੍ਰਾ ਨੂੰ ਪ੍ਰਭਾਵਤ ਕਰਨ ਦੀ ਸੰਭਾਵਨਾ ਰੱਖ ਸਕਦੇ ਹਨ। ਇਹ ਸਿਧਾਂਤ ਇਹ ਨਹੀਂ ਦੱਸਦਾ ਕਿ ਇਕ ਦੇਸ਼ ਰਾਹੀਂ ਕਿਹੜੀਆਂ ਵਸਤਾਂ ਆਯਾਤ ਕੀਤੀਆਂ ਜਾਣਗੀਆਂ ਅਤੇ ਕਿਹੜੀਆਂ ਨਿਰਯਾਤ। ਲਿੰਡਰ ਦਾ ਸਿਧਾਂਤ ਵਪਾਰ ਦੀ ਮਾਤ੍ਰਾ ਤੇ ਪ੍ਰਦਰਸ਼ਨਕਾਰੀ ਪ੍ਰਭਾਵ ਦੇ ਪ੍ਰਭਾਵ ਦਾ ਵੀ ਅਧਿਐਨ ਨਹੀਂ ਕਰਦਾ ਹੈ। ਲਿੰਡਰ ਦੇ ਸਿਧਾਂਤ ' ਚ ਅਨੁਭਵਿਕ ਪ੍ਰਮਾਣ ਦੀ ਕਮੀ ਪਾਈ ਜਾਂਦੀ ਹੈ। ਉਸਦੀ ਅਨੁਭਵਿਕ ਪ੍ਰਮਾਣ ਦੀ ਸੰਖਿਪਤ ਕੋਸ਼ਿਸ਼ ਵੀ ਸੰਤੋਖਜਨਕ ਨਹੀ ਹੈ। ਇਸਲਈ ਉਸਦਾ ਸਿਧਾਤ ਸਿਰਫ ਸੁਝਾਉ ਮਾਤਰ ਹੈ।

**ਸਿੱਟਾ**

ਇਹਨਾਂ ਕਮੀਆਂ ਦੇ ਬਾਵਜੂਦ ਲਿੰਡਰ ਦਾ ਸਿਧਾਂਤ ਅਸਾਧਾਰਨ ਹੈ ਜੋ ਵਿਕਸਤ ਦੇਸ਼ਾਂ ਦੇ ਵਿਚ ਵਿਨਿਰਮਾਣਾਂ ਚ ਵਪਾਰ ਦੀ ਵੱਡੀ ਮਾਤ੍ਰਾ ਦੇ ਕਾਰਨਾਂ ਦੀ ਵਿਆਖਿਆ ਕਰਦਾ ਹੈ। ਇਹ ਇਸ ਤੱਥ ਨੂੰ ਦਸਦਾ ਹੈ ਕਿ ਵਿਸ਼ਵ ਵਪਾਰ ਇਕੋ ਜਿਹੀ ਪ੍ਰਤੀ ਵਿਅਕਤੀ ਆਮਦਨ ਵਾਲੇ ਵਿਕਸਤ ਦੇਸਾਂ ਦੇ ਵਿਚ ਹੁੰਦਾ ਹੈ ਨਾਂ ਕਿ ਵਿਕਾਸਸ਼ੀਲ ਅਤੇ ਘਟ ਵਿਕਸਤ ਦੇਸ਼ਾਂ ਦੇ ਵਿਚ।

## 4. ਵਰਨਨ ਦਾ ਵਸਤੂ ਚਕ੍ਰ ਸਿਧਾਂਤ

ਰੇਮੰਡ ਵਰਨਨ ਨੇ ਇਕ ਲੇਖ ਚ ਵਸਤੂ ਚਕ੍ਰ ਪਰੀਕਲਪਨਾ ਪੇਸ਼ ਕੀਤੀ। ਇਹ ਪ੍ਰਗਟਾਉਂਦਾ ਹੈ ਕਿ ਇਕ ਨਵੀਂ ਵਸਤੂ ਦਾ ਵਿਕਾਸ ਆਪਣੇ ਵਿਕਾਸ ਦੇ ਦੌਰਾਨ ਅਵਸਥਾਵਾਂ ਦੀਆਂ ਸ਼੍ਰੇਣੀਆਂ ਜਾਂ ਚਕ੍ਰ ਵਿਚੋਂ ਦੀ ਗੁਜ਼ਰਦਾ ਹੈ ਅਤੇ ਜਦ ਇਹ ਚਕ੍ਰ ' ਚੋਂ ਗੁਜ਼ਰਦਾ ਹੈ ਤਾਂ ਇਸਦਾ ਤੁਲਨਾਤਮਕ ਫਾਇਦਾ ਬਦਲਦਾ ਹੈ। ਇਹ ਸਿਧਾਂਤ ਅਮਰੀਕੀ ਅਰਥ ਵਿਵਸਥਾ ਤੇ ਅਧਾਰਤ ਹੈ।

**ਇਸਦੀਆਂ ਮਾਨਤਾਵਾਂ**

ਇਹ ਸਿਧਾਂਤ ਇਹਨਾ ਮਾਨਤਾਵਾਂ ਤੇ ਅਧਾਰਤ ਹੈ: ਫਰਮਾਂ ਜੇ ਨਵੀਂ ਵਸਤੂ ਨੂੰ ਵਿਕਸਤ ਕਰਦੀ ਹੈ,ਉਹ ਅਜਿਹਾ ਕੁਝ ਵਾਸਤਵਿਕ ਜਾਂ ਕਾਲਪਨਿਕ ਏਕਧਿਕਾਰਾਤਮਕ ਫਾਇਦੇ ਦੇ ਅਧਾਰ ਤੇ ਕਰਦੀਆਂ ਹਨ। ਇਕ

ਨਵੀਂ ਵਸਤੂ ਦੇ ਨਵਪ੍ਰਵਰਤਨ ਦਾ ਉਤਸ਼ਾਹ ਘਰੇਲੂ ਮਾਰਕਿਟ ਦੀ ਲੋੜ ਅਤੇ ਮੌਕਿਆ ਰਾਹੀਂ ਪ੍ਰਦਾਨ ਕੀਤਾ ਜਾਂਦਾ ਹ। ਨਵਪ੍ਰਵਰਤਨ ਕਰਨ ਵਾਲੀਆਂ ਫਰਮਾਂ ਦੇ ਕੋਲ ਵਿਦੇਸ਼ੀ ਮਾਰਕਿਟਾਂ ਭਾਂਵੇਂ ਉਹ ਦੂਜੇ ਓਨੱਤ ਦੇਸ਼ ਜਾਂ ਵਿਕਾਸਸ਼ੀਲ ਦੇਸ਼ ਹੋਣਾ, ਦੀਆਂ ਸਥਿਤੀਆਂ ਦੇ ਬਾਰੇ ' ਚ ਸੂਚਨਾ ਨਹੀਂ ਹੁੰਦੀ ਹੈ। ਇਕ ਉੱਨਤ ਦੇਸ਼ ਚ ਨਵਪ੍ਰਵਰਤਨ ਕਰਨ ਵਾਲੀਆਂ ਫਰਮਾਂ ਹੋਰ ਉੱਨਤ ਉਦਯੋਗਕ ਦੇਸ਼ਾਂ ਤੋਂ ਬਿਲਕੁਲ ਵੱਖਰੇ ਘਰੇਲੂ ਵਾਤਾਵਰਨ ਨੂੰ ਪ੍ਰਕਟ ਕਰਦੀ ਹੈ। ਇਕ ਰੁਕਾਵਟ ਕਰਨ ਵਾਲੀ ਘਟਨਾ ਜਿਵੇ ਕਿ ਪ੍ਰਤੀ ਦੂੰਦੀ ਉਤਪਾਦਕਾਂ ਦਾ ਪ੍ਰਕਟ ਹੋਣਾ, ਨਿਰਯਾਤ ਲਈ ਵਸਤੂ ਦੇ ਨਿਰਮਾਣ ਵਲ ਲੈ ਜਾਂਦਾ ਹੈ। ਪੂੰਜੀ ਸਮਰਿੱਧ ਦੇਸ਼ਾਂ ਚ ਸ਼ੁਰੂ 'ਚ ਨਵੀਆਂ ਵਸਤਾਂ ਵਿਕਸਤ ਹੁੰਦੀਆਂ ਹਨ।

**ਇਸਦੀ ਵਿਆਖਿਆ**

ਇਹ ਮਾਨਤਾਵਾਂ ਦਿਤੀਆਂ ਹੋਣ ਤੇ ਵਰਨਨ ਦਾ ਮਤ ਹੈ ਕਿ ਸ਼ੁਰੂ ਚ ਅਮਰੀਕਾ ਜਿਹੇ ਪੂਜੀ ਸਮਿਰਧ ਦੇਸ਼ਾਂ ਚ ਨਵੀਆਂ ਵਸਤਾਂ ਦਾ ਵਿਕਾਸ ਹੁੰਦਾ ਹੈ ਕਿਉਂਕਿ ਇਹਨਾ ਦਾ R&D 'ਚ ਫਾਇਦਾ ਹੁਦਾਂ ਹੈ ਜਿਹਨਾਂ ਵਸਤਾਂ ਦੇ ਵਿਕਾਸ ਦੀ ਸੰਭਾਵਨਾ ਹੁੰਦੀ ਹੈ ਉਹ ਓਪਭੋਗੀ ਵਸਤਾਂ ਹੁੰਦੀਆਂ ਹਨ ਜਿਹਨਾਂ ਦੀ ਬਿਲਕੁਲ ਤਿਆਰ ਘਰੇਲੂ ਮਾਰਕਿਟ ਨਜ਼ਰ ਆਉਂਦੀ ਹੈ। ਉਪਭੋਗੀ ਵਸਤਾਂ ਚ ਬਹੁਤ ਜ਼ਿਆਦਾ ਉੱਚੀ ਪ੍ਰਤੀ ਵਿਅਕਤੀ ਆਮਦਨ ਵਾਲੇ ਦੇਸ਼ ਨਵੀਆਂ ਵਸਤਾਂ ਦੀ ਬਿਕ੍ਰੀ ਲਈ ਮੌਕੇ ਪ੍ਰਦਾਨ ਕਰਦੇ ਹਨ। ਫਿਰ, ਪੂੰਜੀ ਸਮਰਿਧ ਦੇਸ਼ ਅਜਿਹੇ ਨਵਪ੍ਰਵਰਤਨਾਂ ਨੂੰ ਪ੍ਰੇਰਿਤ ਕਰਦੇ ਹਨ ਜੋ ਪੈਮਾਨੇ ਦੀਆਂ ਕਿਫਾਇਤਾਂ ਨਾਲ ਸੰਬੰਧਤ ਹੁੰਦੇ ਹਨ। ਉਹ ਮਾਲ-ਢੁਆਈ ਲਾਗਤਾਂ ਨੂੰ ਘਟੋ ਘੱਟ ਕਰਨ ਲਈ ਘਰੇਲੂ ਥਾਂ ਨੂੰ ਪਹਿਲ ਦਿੰਦੇ ਹਨ। ਇਕ ਵਾਰ ਜਦ ਇਕ ਨਵੀਂ ਵਸਤੂ ਇਕ ਦੇਸ਼ ਚ ਸ਼ੁਰੂ ਅਤੇ ਖਰੀਦੀ ਵੇਚੀ ਗਈ ਹੋਵੇ ਤਾਂ ਇਕ ਪ੍ਰਕ੍ਰਿਆ ਚਾਲੂ ਹੁੰਦੀ ਹੈ ਜੋ ਨਵੀ ਵਸਤੂ ਦੇ ਜੀਵਣ 'ਚ ਚਕ੍ਰ ਦੇ ਰੂਪ 'ਚ ਦੇਸ਼ ਦੇ ਅੰਤਰਰਾਸ਼ਟਰੀ ਵਪਾਰ ਦੇ ਪ੍ਰਵਾਹ ਨੂੰ ਕਾਫੀ ਪੂਰਬ ਅਨੁਮਾਨਤ ਢੰਗ ਨਾਲ ਪ੍ਰਭਾਵਤ ਕਰਦੀ ਹੈ।


ਵਰਨਨ ਇਕ ਵਸਤੂ ਦੇ ਜੀਵਨ ਚਕ੍ਰ ' ਚ ਇਹਨਾਂ ਤਿੰਨ ਅਵਸਥਾਵਾਂ ਦਾ ਸੁਝਾਉ ਦਿੰਦਾ ਹੈ:

**ਨਵੀਂ ਵਸਤੂ ਅਵਸਥਾ**

1. ਪਹਿਲੀ ਅਵਸਥਾ 'ਚ ਵਸਤੂ ਪ੍ਰਕ੍ਰਿਆ 'ਚ ਉਤਪਾਦਨ ਦੇ ਲਈ ਕਾਰੀਗਰ ਕਿਰਤੀ ਚਾਹੀਦੇ ਹਨ। ਜਦ ਵਸਤੂ ਦਾ ਵਿਕਾਸ ਹੋ ਰਿਹਾ ਹੁੰਦਾ ਹੈ ਤਾਂ ਲਾਗਤਾਂ ਉਚੀਆਂ ਹੁੰਦੀਆਂ ਹਨ। ਨਵੇਂ ਨਿਵੇਸ਼ ਦੇ ਜੋਖਮ ਅਤੇ ਅਨਿਸਚਿਤਤਾਂਵਾਂ ਦਿਤੀਆਂ ਹੋਣ ਤੇ ਇਕ ਨਵਪ੍ਰਵਰਤਕ ਉਤਪਾਦਕ ਦਾ ਮੁੱਖ ਵਿਚਾਰ ਇਕ ਤਿਆਰ ਘਰੇਲੂ ਮਾਰਕਿਟ ਦਾ ਪਾਇਆ ਜਾਣਾ ਹੈ,ਜਿੱਥੇ ਨਵੀਂ ਵਸਤੂ ਲਈ ਮੰਗ ਦੀ ਲੋਚ ਘੱਟ ਹੋਵੇ।
2. ਪਰੀਪੱਕ ਹੋ ਰਹੀ ਵਸਤੂ ਅਵਸਥਾ - ਇਸ ਅਵਸਥਾ 'ਚ ਨਵੀਂ ਵਸਤੂ ਦਾ ਵਿਸਤ੍ਰਤ ਉਤਪਾਦਨ ਅਤੇ ਵੰਡ ਹੁੰਦੀ ਹੈ। ਲਾਗਤਾਂ ਅਤੇ ਕੀਮਤਾਂ ਡਿਗਦੀਆਂ ਹਨ ਅਤੇ ਵਸਤੂ ਨਿਰਯਾਤ ਕੀਤੀ ਜਾਂਦੀ ਹੈ। ਨਵਪ੍ਰਵਰਤਕ ਦੇਸ਼ ਜਿਸ ਮਿਆਦ ਤਕ ਵਸਤੂ ਦੇ ਉਤਪਾਦਨ 'ਚ ਏਕਾਧਿਕਾਰ ਰੱਖਦਾ ਰਹੇਗਾ,

ਇਸਦਾ ਏਕਾਧਿਕਾਰ ਨਿਰਭਰ ਕਰੇਗਾ (ੳ) ਵਿਦੇਸ਼ੀ ਮਾਰਕਿਟਾਂ 'ਚ ਮੰਗ 'ਚ ਵਾਧਾ (ਅ) ਵਿਕਸਤ ਵਸਤੂ ਦਾ ਸੁਭਾਉ (ੲ) ਜਿਸ ਗਤੀਦੇ ਨਾਲ ਹੋਰ ਦੇਸ਼ ਨਵੀਂ ਤਕਨਾਲੋਜੀ ਨੂੰ ਪ੍ਰਾਪਤ ਕਰਦੇ ਹਨ (ਸ) ਪੇਟੇਂਟ ਅਧਿਕਾਰਾਂ ਦੀਪ੍ਰਭਾਵਸੀਲਤਾ (ਹ) ਪੈਮਾਨੇ ਦੀਆਂ ਕਿਫਾਇਤਾਂ ਦਾ ਫੈਲਾਉ ਅਤੇ (ਕ) ਉਦਯੋਗ ਦਾ ਸੰਗਠਨ।

3. ਵਸਤੂ ਅਵਸਥਾ –ਇਸ ਅਵਸਥਾ 'ਚ ਨਵਪ੍ਰਵਰਤਕ ਦੇਸ਼ 'ਚ ਵਸਤੂ ਅਤੇ ਨਿਰਮਾਣ ਪ੍ਰਕ੍ਰਿਆਵਾਂ ਮਿਆਰੀਕ੍ਰਿਤ ਹੋ ਜਾਂਦੀਆਂ ਹਨ। ਬਿਕ੍ਰੀ ਘੱਟ ਹੁੰਦੀ ਹੈ, ਮੰਗ ਦੀ ਲੋਚ ਵੱਧ ਹੁੰਦੀ ਹੈ ਅਤੇ ਨਿਰਯਾਤ ਘੱਟ ਹੁੰਦੇ ਹਨ। ਇਹ ਤਦ ਸੰਭਵਹੁੰਦਾ ਹੈ ਜਦ ਇਕ ਅੰਤਰਾਲ ਦੇ ਬਾਅਦ ਦੂਜੇ ਦੇਸ਼ ਵਸਤੂ ਦਾ ਉਤਪਾਦਨ ਸ਼ੁਰੂ ਕਰ ਦਿੰਦੇ ਹਨ। ਅਜਿਹਾ ਉਹ ਅਕਸਰ ਨਵਪ੍ਰਵਰਤਕ ਦੇਸ਼ ਰਾਹੀ ਸਥਾਪਤ ਸਹਾਇਕ ਉਦਯੋਗਾਂ ਦੀ ਮਦਦ ਨਾਲ ਕਰਦੇ ਹਨ। ਜਦ ਇਸ ਵਸਤੂ ਖੇਤਰ 'ਚ ਤਕਨਾਲੋਜੀ ਸਮਾਨਯ ਅਤੇ ਵਧੇਰੇ ਕਰਕੇ ਮਿਆਰੀ ਹੋ ਜਾਂਦੀ ਹੈ ਤਾਂ ਨਵਪ੍ਰਵਰਤਕ ਦੇਸ਼ ਆਪਣੇ ਤੁਲਨਾਤਮਕ ਫਾਇਦੇ ਨੂੰ ਗੁਆ ਬਹਿੰਦਾ ਹੈ। ਦੂਜੇ ਦੇਸ਼ਾਂ ਰਾਹੀਂ ਵਧੇਰੇ ਅਨੁਕਰਣ ਨਾਲ ਉਹ ਵਸਤੂ ਦੇ ਅਖੀਰ ਸੁਧ ਨਿਰਯਾਤਕ ਬਣ ਜਾਦੇਂ ਹਨ। ਵਰਨਨ ਦੇ ਮੁਤਾਬਕ,ਜਦ ਵਸਤੂ ਮਿਆਰੀਕ੍ਰਤ ਹੋ ਜਾਂਦੀ ਹੈ ਤਾ ਘੱਟ-ਵਿਕਸਤ ਦੇਸ਼ਾਂ ਦੇ ਉਤਪਾਦਕ ਨਵਪ੍ਰਵਰਤਕ ਫਰਮ ਤੋਂ ਉੱਨਤ ਤਕਨਾਲੋਜੀ ਉਧਾਰ ਲੈ ਕੇ ਉਸਨੂੰ ਸਸਤੀ ਕਿਰਤ ਦੇ ਨਾਲ ਮਿਲਾ ਕੇ ਆਪਣੀ ਵਸਤੂ ਨੂੰ ਉੱਨਤ ਦੇਸ਼ਾਂ ਦੇ ਆਪਣੇ ਪ੍ਰਤੀਯੋਗੀਆਂ ਦੀ ਤੁਲਨਾ 'ਚ ਘੱਟ ਕੀਮਤ ਤੇ ਬੇਚਦੇ ਹਨ। ਇਸ ਤਰ੍ਹਾਂ ਉੱਨਤ ਦੇਸ਼ਾਂ ਨੂੰ ਆਪਣੀ ਵਸਤੂ ਨਿਰਯਾਤ ਕਰਕੇਤੁਲਨਾਤਮਕ ਫਾਇਦਾ ਹਾਸਲ ਕਰਦੇ ਹਨ। ਜਿਵੇਂ-ਜਿਵੇਂ ਤਕਨਾਲੋਜੀਕਲ ਅਤੇ ਅਨੁਕਰਣਅੰਤਰਾਲ ਘੱਟ ਹੁੰਦੇ ਜਾਂਦੇ ਹਨ ਉਵੇਂ ਹੀ ਵਸਤੂ ਅੰਤਰਾਲ ਘੱਟ ਹੁੰਦਾ ਹੈ, ਅਤੇ ਵਸਤੂ ਉਤਪਾਦਤ ਕਰਨ ਦਾ ਤੁਲਨਾਤਮਕ ਫਾਇਦਾ ਵੀ ਇਕ ਦੇਸ਼ ਤੋਂ ਦੂਜੇ ਦੇਸ਼ ਨੂੰ ਬਦਲਦਾ ਰਹਿੰਦਾ ਹੈ।




ਚਿੱਤਰ 2

ਚਿੱਤਰ 2 ਇਕ ਨਵੀਂ ਵਸਤੂ ਦੇ ਜੀਵਨ-ਚਕ੍ਰ ਚ ਸੰਭਾਵਤ ਅੰਤਰਰਾਸ਼ਟਰੀ ਵਪਾਰ ਦੇ ਢਾਚਿਆਂ ਦੀ ਵਿਆਖਿਆ ਕਰਦਾ ਹੈ। ਸਮੇਂ ਨੂੰ ਸਮਾਨਾਂਤਰ ਅਕਸ ਤੇ ਅਤੇ ਬਿਕ੍ਰੀ ਮਾਤ੍ਰਾ ਨੂੰ ਕਸੈਤਿਜ ਅਰਸ਼ ਤੇ ਲਿਆ ਜਾਂਦਾ ਹੈ। ਚਿੱਤਰ ਵਕ੍ਰਾਂ ਦੇ ਤਿੰਨ ਸੈਟ ਪ੍ਰਦਰਸ਼ਿਤ ਕਰਦਾ ਹੈ। ਮੋਟੇਵਕ੍ਰ P ਨਵੀਂ ਵਸਤੂ ਦੇ ਉਤਪਾਦਨ ਨੂੰ ਦਿਖਾਂਦੇ ਹਨ ਅਤੇ ਬਿੰਦੂਕਿਤ ਵਕ੍ਰ C ਉਪਭੋਗ ਨਾਲ ਸੰਬੰਧਤ ਹੈ। ਸਭ ਤੋਂ ਉਪਰ ਵਾਲਾ ਸੈਟ ਨਵਪ੍ਰਵਰਤਨ ਕਰ ਰਹੇ ਦੇਸ਼ ਨਾਲ ਸਬੰਧਤ ਹੈ। ਪਹਿਲੇ ਵਕ੍ਰਾਂ ਦੇ ਸਭ ਤੋਂ ਉਪਰ ਵਾਲੇ ਸੈਟ ਨੂੰ ਲਉ ਜੋ ਨਵਪ੍ਰਵਰਤਨ ਕਰ ਰਹੇ ਦੇਸ਼ ਨਾਲ ਸਬੰਧਤ ਹਨ। ਪਹਿਲੀ ਅਵਸਥਾ 'ਚ ਜਦ ਨਵੀਂ ਵਸਤੂ ਸੁਰੂ ਕੀਤੀ ਜਾਦੀ ਹੈ ਤਾ ਉਹ ਘਰੇਲੂ ਮਾਰਕਿਟ ਵਿਚ ਉਪਭੋਗ ਕੀਤੀ ਜਾਂਦੀ ਹੈ ਜਿਵੇਂ ਕਿ ਮੂਲ ਬਿੰਦੂ O ਤੋਂ ਇਕ ਵਤ੍ਰ ਰਾਹੀਂ ਦਰਸਾਇਆ ਗਿਆ ਹੈ ਜਦ ਤਕ ਕਿ ਇਹ ਦੋ ਭਾਗਾਂ 'ਚ ਨਹੀਂ ਵੰਡ ਜਾਦਾ ਹੈ। ਉਸ ਸਮੇਂ ਦੇ ਬਾਅਦ ਵਿਸਤ੍ਰਤ ਉਤਪਾਦਨ ਹੁੰਦਾ ਹੈ ਜੋ ਉਪਭੋਗ ਤੋਂ ਵੱਧ ਹੋ ਜਾਂਦਾ ਹੈ ਜਿਸਤੋਂ ਪਰੀਪੱਕ ਹੋ ਰਹੀ ਵਸਤੂ ਅਵਸਥਾ 'ਚ ਨਿਰਯਾਤ ਸ਼ੁਰੂ ਹੋ ਜਾਂਦੇ ਹਨ। ਅੰਤਮ ਅਵਸਥਾ 'ਚ ਵਸਤੂਮਆਰੀਕ੍ਰਤ ਹੋ ਜਾਂਦੀ ਹੈ ਜਦ ਹੋਰ ਉੱਨਤ ਦੇਸ਼ ਵੀ ਨਵੀ ਵਸਤੂ ਦਾ ਉਤਪਾਦਨ ਕਰਨਾ ਸੁਰੂਤਰ ਦਿੰਦੇ ਹਨ। ਫਲਸਰੁਪ ਨਵਪ੍ਰਵਰਤਕ ਦੇਸ਼ 'ਚ ਉਤਪਾਦਨ ਘੱਟ ਹੁੰਦਾ ਹੈ ਅਤੇ ਉਹ ਵਸਤੂ ਦਾ ਆਯਾਤ ਵੀ ਕਰਨਾ ਸ਼ੁਰੂ ਕਰ ਦਿੰਦਾ ਹੈ। ਚਿੱਤਰਾ 'ਚ ਵਕ੍ਰਾਂ ਦਾ ਸੈਟ ਇਹ ਦਰਸਾਉਂਦਾ ਹੈ ਕਿ ਹੋਰ ਉੱਨਤ ਦੇਸ਼ ਨਵੀ ਵਸਤੂ ਦਾ ਉਤਪਾਦਨ ਸ਼ੁਰੂ ਕਰਨ ਤੋਂ ਉਸਦੇ ਪਰੀਪੱਕ ਹੋਣ ਦੀ ਅਵਸਥਾ ਤਕ ਉਤਪਾਦਨ ਵਧਾਉਦੇ ਰਹਿੰਦੇ ਹਨ ਅਤੇ ਫਿਰ ਮਿਆਰੀਕ੍ਰਤ ਵਸਤੂ ਅਵਸਥਾ 'ਚ ਉਸਦੇ ਨਿਵਲ ਨਿਰਯਾਤ ਕਹੇ ਜਾਂਦੇ ਹਨ।ਚਿੱਤਰ 'ਚ ਵਕ੍ਰਾਂ ਦਾ ਸਭ ਤੋਂ ਹੇਠਲਾ ਸੈਟ ਜੋ ਘੱਟ-ਵਿਕਸਤ ਦੇਸ਼ਾਂ ਨਾਲ ਸੰਬੰਧਤ ਨੇ ਇਹ ਦਰਸਾਉਂਦਾ ਹੈ ਕਿ ਅਜਿਹੇ ਦੇਸ਼ ਵਸਤੂ ਦੀਆਂ ਤਿੰਨਾਂ ਅਵਸਥਾਵਾਂ 'ਚ ਵਸਤੂ ਦਾ ਆਯਾਤ ਕਰਦੇ ਰਹਿੰਦੇ ਹਨ। ਫਿਰ ਵੀ,ਉਹ ਵਸਤੂ ਦੇ ਪਰੀਪੱਕ ਹੋਣ ਦੀ ਅਵਸਥਾ 'ਚ ਉਸਦਾ ਉਤਪਾਦਨ ਸ਼ੁਰੂ ਕਰਦੇ ਹਨ ਅਤੇ ਅੰਤਮ ਅਵਸਥਾ 'ਚ ਬਹੁਤ ਦੇਰ ਬਾਅਦ ਉਸਦੇ ਸ਼ੁੱਧ ਨਿਰਯਾਤਕ ਬਣਦੇ ਹਨ, ਜਦ ਵਸਤੂ ਅਸਲ 'ਚ ਉੱਨਤ ਦੇਸ਼ਾਂ 'ਚ ਪੁਰਾਣੀ ਹੋ ਜਾਂਦੀ ਹੈ।

ਇਸਦੀਆਂ ਆਲੋਚਨਾਵਾਂ

1. ਵਿਦੇਸ਼ੀ ਮਾਰਕਿਟਾਂ ਦੀ ਸੂਚਨਾ- ਇਹ ਮੰਨਣਾ ਠੀਕ ਨਹੀਂ ਹੈ ਕਿ ਨਵਪ੍ਰਵਰਤਕ ਫਰਮਾਂ ਨੂੰ ਵਿਦੇਸ਼ੀ ਮਾਰਕਿਟਾਂ ਦੀਆਂ ਸਥਿਤੀਆਂ ਦੀ ਸੂਚਨਾ ਉਪਲਬਧ ਨਹੀਂ ਹੁੰਦੀ ਹੈ। ਵਿਸਵ-ਪੱਧਰ ਤੇ ਸੰਚਾਰ ਦੇ ਵਿਕਾਸ ਅਤੇ ਪਸਾਰ ਦੇ ਨਾਲ ਉੱਨਤ ਦੇਸ਼ ਵਿਚ ਫਰਮਾਂ,ਖਾਸ ਕਰਕੇ ਬਹੁਕੌਮੀ ਕੰਪਨੀਆਂ ਵਿਦੇਸ਼ੀ ਮਾਰ ਕਿਟਾਂਦੀਆਂ ਸਥਿਤੀਆਂ ਦੇ ਨਾਲ ਸੰਪਰਕ ਬਣਾਈ ਰੱਖਦੀਆਂ ਹਨ।

2. ਘਰੇਲੂ ਵਾਤਾਵਰਨ ਵਖੱਰਾ ਨਹੀਂ - ਇਹ ਵੀ ਮੰਨਣਯੋਗ ਨਹੀਂ ਕਿ ਉੱਨਤ ਦੇਸ਼ 'ਚ ਨਵਪ੍ਰਵਰਤਨ ਕਰਨ ਵਾਲੀਆਂ ਫਰਮਾਂ ਹੋਰ ਉੱਨਤ ਦੇਸ਼ਾਂ ਦੇ ਵੱਖਰੇ ਘਰੇਲੂ ਵਾਤਾਵਰਨ ਨੂੰ ਪ੍ਰਕਟ ਕਰਦੀਆਂ ਹਨ। ਇਸ ਵਿਚ ਕੋਈ ਸੰਕਾਂ ਨਹੀਂ ਕਿ ਉੱਨਤ ਦੇਸ਼ਾਂ'ਚ ਵੱਖਰਤਾਵਾਂ ਮਿਲਦੀਆਂ ਹਨ ਪਰ ਅਜਿਹੀਆਂ ਵੱਖਰਤਾਵਾਂ ਮਮੂਲੀ ਹੁੰਦੀਆਂ ਹਨ। ਅਜਕਲ ਸਿਰਫ ਅਮਰੀਕਾ ਹੀ ਨਹੀਂ ਸਗੋਂ ਹਰ ਇਕ ਉੱਨਤ ਦੇਸ਼ ਦੇ ਕੋਲ ਨਵੀਂਵਸਤੂ ਦਾ ਨਵਪ੍ਰਵਰਤਨ ਅਤੇ ਉਤਪਾਦਨ ਕਰਨ ਦੀ ਲੋੜੀਂਦੀ ਸਮਰੱਥਾ ਹੁੰਦੀ ਹੈ।
3. ਪੂੰਜੀ ਸਮਰਿਧ ਦੇਸ਼ ਹੋਣਾ ਜਰੂਰੀ ਨਹੀਂ -ਇਹ ਮਨਤਾ ਵੀ ਇਸ ਸਮੇਂ 'ਚ ਸੱਚ ਹੀਂ ਹੈ ਕਿ ਨਵੀਆਂ ਵਸਤਾਂ ਸ਼ੁਰੂ 'ਚ ਪੂੰਜੀ ਸਮਰਿੱਧ ਦੇਸ਼ਾਂ'ਚ ਵਿਕਸਤ ਹੁੰਦੀਆਂ ਹਨ। ਅਜਕਲ ਬਹੁਤ ਸਾਰੀਆਂ ਜਪਾਨੀ ਅਤੇ ਯੂਰਪੀ ਫਰਮਾਂ ਕਿਰਤ-ਬਚਤਕਾਰੀ ਦੀ ਬਜਾਇ ਸਾਮਾਨ-ਬਚਤਕਾਰੀ ਅਤੇ ਪੂੰਜੀ-ਬਚਤਕਾਰੀ ਉਦੇਸ਼ਾਂ ਤੇ ਵਧੇਰੇ ਜੋਰ ਦੇ ਕੇ ਨਵਪ੍ਰਵਰਤਨ ਕਰ ਰਹੀਆਂ ਹਨ।

## 5. ਅੰਤਰ - ਉਦਯੋਗ ਵਪਾਰ

ਕਲਾਸਿਕੀ,ਨਵ-ਕਲਾਸਿਕੀ, ਹੈਕਸਰ-ਉਹਲਿਨ, ਸੈਮਿਉਲਸਨ ਅਤੇ ਹੋਰ ਮਾਡਲ ਦੋ ਦੇਸ਼ਾਂ ਦੇ ਵਿਚ ਅੰਤਰਉਦਯੋਗ ਵਪਾਰਦੀ ਵਿਆਖਿਆ ਕਰਦੇ ਹਨ। ਅੰਤਰਉਦਯੋਗ ਅੰਤਰਰਾਸ਼ਟਰੀ ਵਪਾਰ ਦੀ ਇਕ ਅਜਿਹੀ ਸਥਿਤੀ ਹੈ ਜਿੱਥੇ ਇਕ ਉਦਯੋਗ ਦੀ ਵਸਤੂ ਦਾ ਇਕ ਵੱਖਰੇ ਉਦਯੋਗ ਦੀ ਵਸਤੂ ਦੇ ਨਾਲ ਵਟਾਂਦਰਾ ਕੀਤਾ ਜਾਦਾ ਹੈ। ਉਦਾਹਰਨ ਵਜੋਂ ਭਾਰਤੀ ਚੌਲਾਂ ਦਾ ਜਰਮਨ ਮਸ਼ੀਨਰੀ ਦੇ ਨਾਲ ਵਪਾਰ ਦਾ ਹੋਣਾ। ਅੰਤਰ ਉਦਯੋਗ ਅੰਤਰਰਾਸਟਰੀ ਵਪਾਰ ਪੂਰਨ ਮੁਕਾਬਲੇ ਦੀ ਮਾਨਤਾ ਤੇ ਅਧਾਰਤ ਹੈ। ਦੂਜੇ ਪਾਸੇ ਆਂਤਰ ਅੰਤਰਰਾਸ਼ਟਰੀ ਵਪਾਰ 'ਚ ਇਕ ਉਦਯੋਗ 'ਚ ਵਿਭੇਦੀਕ੍ਰਤ ਵਸਤਾਂ 'ਚ ਵਪਾਰ ਹੈ ਜੋ ਇਕੋ ਜਿਹੀਆਂ ਹੁੰਦੀਆਂ ਹਨ ਪਰੰਤੂ ਸਮਰੂਪ ਨਹੀਂ ਹੁੰਦੀਆਂ।

ਉਦਾਹਰਨ ਵਜੋਂ ਜਰਮਨ ਕਾਰਾਂ ਦਾ ਫ੍ਰਾਂਸੀਸੀ ਕਾਰਾਂ ਦੇ ਨਾਲ ਵਪਾਰ ਅਤੇ ਇਸੇ ਤਰ੍ਹਾਂ ਸਾਬਣ, ਜੁੱਤੀਆਂ, ਕਿਤਾਬਾਂ ਅਤੇ ਕਈ ਹੋਰ ਵਸਤਾਂ ਦਾ ਦੇਸ਼ਾਂ ਦੇ ਵਿਚ ਵਪਾਰ ਹੈ। ਵਸਤੂ ਵਿਭੇਦੀ ਕਰਨ ਦੇ ਨਾਲ ਜਦ ਪਰਯਾਪਤ ਲਾਗਤ ਫਰਕ ਦੇ ਨਾਲ ਦੇਸ਼ ਉਤਪਾਦਨ ਕਰਦੇ ਹਨ ਅਤੇ ਸਭ ਤਰ੍ਹਾਂ ਦੀਆਂ ਵੱਖਰੀਆਂ ਵਸਤਾਂ ਦਾ ਵਟਾਂਦਰਾ ਕਰਦੇ ਹਨ ਤਾਂ ਇਹ ਅੰਤਰਾ ਉਦਯੋਗ ਵਪਾਰ ਹੁੰਦਾ ਹੈ।ਪਰ ਜਦ ਬਗੈਰ ਉਦਯੋਗ ਪੱਧਰ ਤੇ ਬਗੈਰ ਲੋੜੀਂਦੇ ਲਾਗਤ ਫਰਕ ਦੇ ਦੇਸ਼ ਵਿਸ਼ਿਸ਼ਟੀਕਰਨ ਅਤੇ ਵਪਾਰ ਕਰਦੇ ਹਨ ਤਾਂ ਇਹ ਆਂਤਰ-ਉਦਯੋਗ ਵਪਾਰ ਹੈ। ਅੰਤਰਪਉਦਯੋਗ ਵਪਾਰ ਦੇ ਪੱਧਰ ਨੂੰ ਆਮ ਤੌਰ ਤੇ ਇਸ ਸੂਚਕ ਰਾਹੀਂ ਮਾਪਿਆ ਜਾਂਦਾ ਹੈ

$$Bj = 1 - (Xj + Mj)/(Xj+Mj)$$

ਜਿੱਥੇ Bj ਇਕ ਦੇਸ਼ ਦੇ j ਉਦਯੋਗ ਦਾ ਵਪਾਰ-ਸ਼ੇਸ਼ ਹੈ, Xj ਇਸ ਦੇ ਨਿਰਯਾਤਾਂ ਦਾ ਮੁੱਲ ਜਾਂ ਮਾਤ੍ਰਾ ਹੈ ਅਤੇ Mj ਇਸਦੇ ਅਯਾਤਾਂ ਦਾ ਮੁੱਲ ਜਾਂ ਮਾਤ੍ਰਾ ਹੈ। ਜਦ Bj ਸੂਚਕ ਜ਼ੀਰੋ ਹੋਵੇ ਤਾਂ ਵਪਾਰ 'ਚ ਸਿਰਫ ਨਿਰਯਾਤ ਜਾਂ

ਆਯਾਤ ਸ਼ਾਮਲ ਹੁੰਦੇ ਹਨ। ਅਜਿਹੀ ਸਥਿਤੀ 'ਚ ਅੰਤਰ ਉਦਯੋਗ ਵਪਾਰ ਹੁੰਦਾ ਹੈ ਅਤੇ ਅੰਤਰਾ ਉਦਯੋਗ ਵਪਾਰ ਨਹੀਂ ਹੁੰਦਾ। ਜਦ Bj = 1 ਹੋਵੇ ਤਾਂ ਨਿਰਯਾਤ ਅਤੇ ਆਯਾਤ ਬਰਾਬਰ ਹੁੰਦੇ ਹਨ ਅਤੇ ਅੰਤਰ ਉਦਯੋਗ ਵਪਾਰ ਪੂਰੀ ਤਰ੍ਹਾਂ ਮੇਲ ਖਾਂਦਾ ਹੁੰਦਾ ਹੈ।
ਆਂਤਰ-ਉਦਯੋਗ ਵਪਾਰ ਵਿਸ਼ਿਸ਼ਟੀਕਰਨ ਅਤੇ ਵੱਧ ਰਹੇ ਕਿਰਤ-ਵਿਭਾਜਨ ਦੇ ਕਾਰਨ ਹੁੰਦਾ ਜੋ ਮਾਰਕਿਟ ਦੇ ਆਕਾਰ ਤੇ ਨਿਰਭਰ ਕਰਦਾ ਹੈ। ਜਲਦੀ ਆਰਥਕ ਵਾਧਾ ਅਤੇ ਵਿਸ਼ਵ-ਅਰਥਵਿਵਸਥਾ ਦੇ ਵਿਸ਼ਵੀਕਰਨ ਦੇ ਨਾਲ, ਆਂਤਰ ਉਦਯੋਗ ਵਪਾਰ ਮੱਧਵਰਤੀ ਅਤੇ ਅੰਤਮ ਵਸਤਾਂ 'ਚ ਫੈਲ ਗਿਆ ਹੈ। ਇਹ ਉਚੀਆਂ ਮਾਲ-ਢੁਆਈ ਲਾਗਤਾਂ ਦੇ ਕਾਰਨ ਸੀਮਾਵਪਾਰ ਦੇ ਰੂਪ 'ਚ ਅਤੇ ਫਲਾਂ ਅਤੇ ਸਬਜੀਆਂ ਦੀਆਂ ਉੱਚੀਆਂ ਭੰਡਾਰਨ ਲਾਗਤਾਂ ਦੇ ਕਾਰਨ ਮੌਸਮੀ ਵਪਾਰ ਦੇ ਰੂਪ 'ਚ ਦੇਸ਼ਾਂ ਦੇ ਵਿਚ ਫੈਲਿਆ ਹੈ।

ਆਂਤਰ ਉਦਯੋਗ ਵਪਾਰ ਇਸਲਈ ਹੁੰਦਾ ਹੈ ਕਿ ਦੇਸੀ ਅਤੇ ਵਿਦੇਸ਼ੀ ਫਰਮਾਂ ਜੋ ਇਕੋ ਜਿਹੀ ਵਸਤੁ ਦੀਆਂ ਸਮਰੂਪ ਕਿਸਮਾਂ ਬਣਾਉਦੀਆਂ ਹਨ, ਇਕ ਦੂਜੇ ਦੀ ਰਾਸ਼ਟਰੀ ਮਾਰਕਿਟ 'ਚ ਦਾਖਲ ਹੋ ਜਾਣਗੀਆਂ। ਜਦ ਦੋ ਦੇਸ਼ਾਂ 'ਚ ਦੋ ਫਰਮਾਂ ਦੀ ਇਕੋ ਜਿਹੀ ਵਸਤੂ ਦੇ ਉਤਪਾਦਨ 'ਚ ਏਕਾ ਅਧਿਕਾਰ ਹੈ ਤਾਂ ਵਪਾਰ ਹੋਣ ਨਾਲ ਮੁਕਾਬਲਾ ਹੁੰਦਾ ਹੈ ਜਿਸ ਤੋਂ ਦੋਵੇਂ ਫਰਮਾਂ ਦੀਆਂ ਕੀਮਤਾ ਅਤੇ ਮੁਨਾਫੇ ਘੱਟ ਹੋ ਜਾਣਗੇ। ਫਲਸਰੂਪ, ਏਕਾਧਿਕਾਰੀ ਫਰਮਾਂ ਨੂੰ ਨੁਕਸਾਨ ਹੁੰਦਾ ਹੈ ਪਰੰਤੂ ਦੋਵੇ ਦੇਸ਼ਾਂ 'ਚ ਉਪਭੋਗੀਆਂ ਨੂੰ ਫਾਇਦਾ ਹੁੰਦਾ ਹੈ।

ਜਦ ਦੋ ਦੇਸ਼ ਵਿਭੇਦੀਕ੍ਰਤ ਵਸਤਾਂ ਦਾ ਉਤਪਾਦਨ ਕਰ ਰਹੇ ਹੁੰਦੇ ਹਨ ਅਤੇ ਉਹਨਾਂ ਦੀ ਮਾਰਕਿਟ 'ਚ ਏਕਾਧਿਕਾਰਾਤਮਕ ਮੁਕਾਬਲਾ ਪਾਇਆ ਜਾਂਦਾ ਹੈ ਤਾਂ ਦੋਨਾਂ ਦੇ ਵਿਚ ਵਪਾਰ ਹੋਣ ਤੇ ਆਂਤਰ-ਉਦਯੋਗ ਵਪਾਰ ਹੁੰਦਾ ਹੈ।

ਪਹਿਲਾ, ਅਜਿਹਾ ਵਪਾਰ ਦੋਵੇਂ ਦੇਸ਼ਾਂ 'ਚ ਬਹੁਤ ਤਰ੍ਹਾਂ ਦੀਆਂ ਵਸਤਾਂ ਉਪਲਬਧ ਕਰਾਉਂਦਾ ਹੈ। ਵਪਾਰ ਦੇ ਫੈਲਣ ਨਾਲ ਉਤਪਾਦਕਾਂ ਨੂੰ ਪੈਮਾਨੇ ਦੀਆਂ ਕਿਫਾਇਤਾਂ ਦੇ ਫਾਇਦੇ ਹਾਂਸਲ ਹੁੰਦੇ ਹਨ ਜਿਸਤੋਂ ਵਸਤਾਂ ਦੀਆਂ ਲਾਗਤਾਂ ਤੇ ਕੀਮਤਾਂ ਘੱਟ ਹੋ ਜਾਂਦੀਆਂ ਹਨ। ਫਲਸਰੂਪ, ਕੁਝ ਉਤਪਾਦਕ ਉਤਪਾਦਨ ਬੰਦ ਕਰ ਦਿੰਦੇ ਹਨ ਅਤੇ ਉਦਯੋਗ ਨੂੰ ਛੱਡ ਜਾਂਦੇ ਹਨ। ਇਸ ਲਈ ਦੋਵੇਂ ਦੇਸ਼ਾਂ ਨੂੰ ਫਾਇਦਾ ਹੁੰਦਾ ਹੈ ਜਦ ਸਸਤੀਆਂ ਅਤੇ ਗੁਣਤਾ ਵਾਲੀਆਂ ਵਸਤਾਂ ਉਪਲਬਧ ਹੁੰਦੀਆਂ ਹਨ।

ਦੂਜਾ, ਵਸਤੂ ਵਿਭੇਦੀਕਰਨ ਤੋਂ ਇਕ ਛੋਟਾ ਦੇਸ਼ ਪੈਮਾਨੇ ਦੀਆਂ ਕਿਫਾਇਤਾਂ ਅਤੇ ਵਿਸ਼ਿਸ਼ਟੀਕਰਨ ਰਾਹੀਂ ਇਕ ਵੱਡਾ ਦੇਸ਼ ਤੋਂ ਘਟ ਕੀਮਤ ਤੇ ਘੱਟ ਮੁੱਲ ਤੇ ਵਸਤਾਂ ਵੇਚ ਸਕਦਾ ਹੈ ਅਤੇ ਇਸ ਤਰ੍ਹਾਂ ਅੰਤਰਰਾਸ਼ਟਰੀ ਵਪਾਰ ਤੋਂ ਮੁਨਾਫਾ ਕਮਾ ਸਕਦਾ ਹੈ।

ਤੀਜਾ, ਆਂਤਰ-ਉਦਯੋਗ ਵਪਾਰ ਇਕੋ ਜਿਹੀਆਂ ਸਾਧਨ ਸੰਪੰਨਤਾਵਾਂ ਅਤੇ ਇਕੋ ਜਿਹੇ ਅਕਾਰ ਦੇ ਦੋ ਦੇਸ਼ਾਂ ਦੇ ਵਿਚ ਵਪਾਰ ਦੀ ਮਾਤ੍ਰਾ 'ਚ ਵਾਧਾ ਕਰਦਾ ਹੈ।

ਅੰਤਮ, ਵਿਭੇਦੀਕ੍ਰਤ ਵਸਤਾਂ ਤੇ ਅਧਾਰਤ ਵਪਾਰ ਉਤਪਾਦਨ ਲਾਗਤਾਂ ਨੂੰ ਘੱਟ ਕਰਨ ਲਈ ਵੱਖੋਵੱਖ ਦੇਸ਼ਾਂ 'ਚ ਪੁਰਜਿਆਂ ਦੇ ਉਤਪਾਦਨ ਅਤੇ ਉਹਨਾਂ ਦੇ ਜੁਟਾਉਣ 'ਚ ਵਾਧਾ ਕਰਦਾ ਹੈ। ਇਸ ਤੋਂ ਬਹੁਰਾਸਟਰੀ ਨਿਗਮਾਂ ਰਾਹੀਂ ਪੁਰਜਿਆਂ ਦੇ ਵਪਾਰ ਚ ਬਹੁਤ ਵਾਧਾ ਹੋਇਆ ਹੈ।

ਇਸ ਤਰ੍ਹਾਂ ਬੋ ਸੋਡਸਟਰਨ ਦੇ ਮੁਤਾਬਕ, "ਆਂਤਰਵਪਾਰ ਦੀਆਂ ਵਿਆਖਿਆਵਾਂ 'ਚ ਖਾਸ ਤੌਰ ਤੇ ਸਾਗ ਜਾਂ ਕੁਝ ਵਸਤੂ ਵਿਭੇਦੀਕਰਨ ਪੈਮਾਨੇ ਦੀਆਂ ਕਿਫਾਇਤਾਂ ਏਕਾਧਿਕਾਰਾਤਮਕ ਜਾਂ ਅਲਪਾਧਿਕਾਰਾਤਮਕ ਵਿਹਾਰ, ਬਹੁਰਾਸਟਰੀ ਕੰਪਨੀਆਂ ਦਾ ਕਾਰਜਕਰਨ ਆਦਿ ਸ਼ਾਮਲ ਹੁੰਦੇ ਹਨ।

## 6. ਛੋਟੇ ਉਤਰਾਂ ਵਾਲੇ ਪ੍ਰਸ਼ਨਾਂ

**ਨੋਟ ਲਿਖੋ**

1. ਵਸਤੂਚਕ੍ਰ
2. ਵਸਤੂ ਵਿਭੇਦੀਕਰਨ
3. ਆਂਤਰ ਵਪਾਰ
4. ਅੰਤਰ ਵਪਾਰ

## 7. ਵੱਡੇ ਉਤਰਾਂ ਵਾਲੇ ਪ੍ਰਸ਼ਨ

1. ਲਿੰਡਰ ਦੇ ਪਰੀਮਾਣ ਦੇ ਵਪਾਰ ਸਿਧਾਂਤ ਦੀ ਕੀ ਵਿਸ਼ੇਸ਼ਤਾ ਹੈ? ਇਸ ਸਿਧਾਂਤ ਦੀ ਵਿਆਖਿਆ ਕਰੋ।
2. ਅੰਤਰਰਾਸ਼ਟਰੀ ਵਪਾਰ ਦੇ ਵਸਤੂ ਚਕ੍ਰ ਸਿਧਾਂਤ ਦੀ ਵਿਆਖਿਆ ਕਰੋ।

## 8. ਪ੍ਰਤਸਤਾਵਿਤ ਪੁਸਤਕਾਂ

1. Sodersten, Bo and Read, G.: International Economics
2. Salvatore, D.: International Economics
3. Ethier, W.J.: Modern International Economics
4. M. L. Zhingan: ਅੰਤਰਰਾਸ਼ਟਰੀ ਅਰਥਸ਼ਾਸਤਰ

**ਪਾਠ ਨੰਬਰ : 1.7**

# ਵਪਾਰ ਤੋਂ ਫ਼ਾਇਦੇ

1. **ਭੂਮਿਕਾ**
2. **ਪਾਠ ਦੇ ਉਦੇਸ਼**
3. **ਵਪਾਰ ਤੋਂ ਫ਼ਾਇਦੇ ਅਤੇ ਆਮਦਨ ਵੰਡ**
4. **ਵੱਡੇ ਅਤੇ ਛੋਟੇ ਦੇਸ਼ਾਂ ਨੂੰ ਝਰ ਤੋਂ ਫਾਇਦੇ**
5. **ਵਪਾਰ ਤੋਂ ਸਥੈਤਿਕ ਅਤੇ ਚਲਾਵਿਕ ਫਾਇਦੇ**
6. **ਛੋਟੇ ਉਤਰਾਂ ਵਾਲੇ ਪ੍ਰਸ਼ਨਾਂ**
7. **ਵੱਡੇ ਉਤਰਾਂ ਵਾਲੇ ਪ੍ਰਸ਼ਨ**
8. **ਪ੍ਰਤਸਤਾਵਿਤ ਪੁਸਤਕਾਂ**

## 1. ਭੂਮਿਕਾ

ਵਪਾਰ ਤੋਂ ਫ਼ਾਇਦੇ ਤੋਂ ਭਾਵ ਸ਼ੁੱਧ ਫ਼ਾਇਦੇ ਜਾਂ ਵਸਤਾਂ ’ਚ ਵਾਧੇ ਤੋਂ ਹੈ। ਜੋ ਇਕ ਦੇਸ਼ ਹੋਰ ਦੇਸ਼ਾਂ ਦੇ ਨਾਲ਼ ਵਪਾਰ ਕਰਨ ਤੋਂ ਹਾਸਿਲ ਕਰਦਾ ਹੈ। ਇਸ ਦਾ ਅਰਥ ਇਕ ਦੇਸ਼ ਦੇ ਉਪਭੋਗ ‘ਚ ਵਾਧੇ ਤੋਂ ਵੀ ਹੈ ਜੋ ਉਸ ਨੂੰ ਅੰਤਰਰਾਸ਼ਟ੍ਰੀਯ ਵਪਾਰ ਰਾਂਹੀ ਵਸਤਾਂ ਦੇ ਵਟਾਂਦਰੇ ਅਤੇ ਉਤਪਾਦਨ ‘ਚ ਵਿਸ਼ਿਸ਼ਟੀਕਰਨ ਦੇ ਕਾਰਨ ਪ੍ਰਾਪਤ ਹੁੰਦੇ ਹਨ।

## 2. ਪਾਠ ਦੇ ਉਦੇਸ਼

ਇਸ ਪਾਠ ਵਿਚ ਅਸੀਂ ਵਪਾਰ ਤੋਂ ਫ਼ਾਇਦੇ ਅਤੇ ਆਮਦਨ ਵੰਡ, ਵਪਾਰ ਤੋਂ ਸਥੈਤਿਕ ਅਤੇ ਚਲਾਵਿਕ ਫ਼ਾਇਦੇ ਬਾਰੇ ਪੜ੍ਹਾਂਗੇ।

## 3. ਵਪਾਰ ਤੋਂ ਫ਼ਾਇਦੇ ਅਤੇ ਆਮਦਨ ਵੰਡ

ਜਦ ਇਕ ਦੇਸ਼ ਦੂਜੇ ਦੇਸ਼ ਦੇ ਨਾਲ ਵਪਾਰ ਸ਼ੁਰੂ ਕਰਦਾ ਹੈ ਤਾਂ ਉ੍ਸਨੂੰ ਵਪਾਰ ਤੋਂ ਫਾਇਦਾ ਹੁੰਦਾ ਹੈ। ਵਪਾਰ ਤੋਂ ਫਾਇਦੇ ਨਾਲ ਦੇਸ਼ ‘ਚ ਆਮਦਨ ਵੰਡ ਹੁੰਦੀ ਹੈ।


ਇਸਦੀਆਂ ਮਾਨਤਾਵਾਂ

ਇਹ ਵਿਸ਼ਲੇਸ਼ਣ ਹੇਠ ਲਿਖਿਤ ਮਾਨਤਾਵਾਂ ਤੇ ਅਧਾਰਤ ਹੈ:

i. ਇਕ ਛੋਟਾ ਦੇਸ਼ ਹੈ
ii. ਇਹ X ਅਤੇ Y ਦੋ ਵਸਤਾਂ ਉਤਪਾਦਤ ਕਰਦਾ ਹੈ।
iii. A ਅਤੇ B ਦੋ ਦੇਸ਼ ਹਨ।
iv. ਸਰਕਾਰ ਇਕ ਪਰੀਭਾਸ਼ਤ ਭਲਾਈ ਫਲਨ ਦੇ ਮੁਤਾਬਕ ਆਮਦਨ ਦੀ ਵੰਡ ਕਰਦੀ ਹੈ।

ਇਸਦੀ ਵਿਆਖਿਆ

ਇਹ ਮਾਨਤਾਵਾਂ ਦਿਤੀਆਂ ਹੋਣ ਤੇ ਵਪਾਰ ਦੇ ਫਾਇਦੇ ਤੋਂ ਆਮਦਨ ਵੰਡ ਦੀ ਵਿਆਖਿਆ ਚਿੱਤਰ 1 ਰਾਹੀਂ ਕੀਤੀ ਗਈ ਹੈ। ਚਿੱਤਰ 'ਚ ਵਸਤੂ Y ਦੇ ਉਪਭੋਗ ਤੋ A ਦੇਸ਼ ਦੀ ਉਪਯੋਗਿਤਾ ਨੂੰ ਕਸੈਤਿਜ ਅਕਸ ਤੇ ਅਤੇ ਵਸਤੂ X ਦੇ ਉਪੂਭੋਗ ਤੋਂ B ਦੇਸ਼ ਦੀ ਉਪਯੋਗਿਤਾ ਨੂੰ ਅਨੁਲੰਬ ਅਕਸ ਤੇ ਮਾਪਿਆ ਗਿਆ ਹੈ। ਵਪਾਰਪੂਰਬ ਸਥਿਤੀ 'ਚ ਉਹਨਾਂ ਦੀ ਉਪਯੋਗਿਤਾ ਸੰਭਾਵਨਾ ਸੀਮਾ BA ਹੈ। ਜੇਕਰ ਉਹ C ਸੰਜੋਗ ਦੀ ਵਰਤੋਂ ਕਰਦੇਹਨ ਤਾਂ A ਦੀ ਉਪਯੋਗਿਤਾ B ਤੋਂ ਵੱਧ ਹੁੰਦੀ ਹੈ ਕਿਉਂਕਿ A ਦੇਸ਼ B ਦੇਸ਼ ਦੀ ਤੁਲਨਾ 'ਚ Y ਵਸਤੂ ਦੇ ਮੁਕਾਬਲੇ X ਦੀਵਧ ਮਾਤ੍ਰਾ ਦਾ ਉਪਭੋਗ ਕਰਦਾ ਹੈ ਅਰਖਾਤ $OX > OY$. ਜੇਕਰ D ਬਿੰਦੂ ਤੇ ਉਹ ਹੁੰਦੇ ਹਨਤਾਂ ਦੋਨਾਂ ਵਸਤਾਂ ਦੇ ਉਪਭੋਗ ਤੋਂਉਹਨਾਂ ਨੂੰ ਸਮਾਨ ਉਪਯੋਗਿਤਾ ਹਾਂਸਲ ਹੁੰਦੀ ਹੈ ਅਰਥਾਤ $OX_1 = OY_1$





ਚਿੱਤਰ 1

ਵਪਾਰ ਦੇ ਬਾਅਦ ਜਦ ਦੇਸ਼ ਨੂੰ ਮੁਨਾਫਾ ਹੁੰਦਾ ਹੈ ਤਾਂ ਉਸਦੀ ਉਪਯੋਗਿਤਾ ਸੰਭਾਵਨਾ ਸੀਮਾ $B_1A_1$ ਹੈ, ਜੋ ਵਪਾਰ ਤੋਂ ਪਹਿਲਾਂ ਦੀ ਉਪਯੋਗਿਤਾ ਸੰਭਾਵਨਾ ਸੀਮਾ BA ਨੂੰ C ਬਿੰਦੂ ਤੇ ਸਪਰਸ਼ ਕਰਦੀ ਹੈ। $B_1A_1$ ਵਕਰ ਦੇ C ਤੋਂ ਉਪਰ ਕੋਈ ਹੋਰ ਬਿੰਦੂ ਜਿਵੇ ਤ੍ਰਿਕੋਣ KDL ਤੇ E ਬਿੰਦੂ ਦੋਵੇਂ ਉਪਭੋਗੀਆਂ ਨੂੰ ਪਹਿਲੇ ਤੋਂ ਬਿਹਤਰ ਸਥਿਤੀ ਚ ਲਿਆ ਦਏਗਾ ਕਿਉਕਿਂ D ਬਿੰਦੂ ਤੇ ਵਪਾਰਪੂਰਬ ਸਥਿਤੀ ($OX_1$ ਅਤੇ $OY_1$) ਦੇ ਮੁਕਾਬਲੇ ਉਹ X ਅਤੇ Y ਦੀਆਂ ਵਧ ਮਾਤ੍ਰਾਵਾਂ ($OX_2$ਅਤੇ $OY_2$) ਦਾ ਉਪਭੋਗ ਕਰਦਾ ਹੈ। ਵਪਾਰ ਤੋਂ ਫਾਇਦੇ ਦੇ ਫਲਸਰੂਪ, ਆਮਦਨ ਦੀ ਵੰਡ 'ਚ ਬਦਲਾਉ ਹੋਵੇਗਾ। ਮੰਨ ਲਉਕਿ ਵਪਾਰ ਸਥਿਤੀ 'ਚ ਉਪਭੋਗੀ $B_1A_1$ ਵਕਰ ਦੇ P ਬਿੰਦੂ ਤੇ ਹੈ ਜਿੱਥੇ ਵਪਾਰ ਪੂਰਬ ਸਥਿਤ'ਚ ਬਿੰਦੂ D ਤੇ ਉਪਭੋਗੀ A ਦੀ ਤੁਲਨਾ 'ਚ ਉਪਭੋਗੀ B ਬਿਹਤਰ ਸਥਿਤੀ 'ਚ ਹੈ। ਸਰਕਾਰ ਦੋਵੇਂ ਉਪਭੋਗੀਆਂ 'ਚ ਇਸ ਢੰਗ ਨਾਲ ਆਮਦਨ ਦੀ ਪੁਨਰਚ ਵੰਡ ਕਰਦੀ ਹੈ ਕਿ ਉਹ $B_1A_1$ਵਕ੍ਰ ਦੇ ਨਾਲ E ਬਿੰਦੂ ਤੇ ਗਤੀ ਕਰਦੇ ਹਨ। E ਬਿੰਦੂ ਇਸ਼ਟਤਮ ਹੈ ਜਿੱਥੇ ਭਲਾਈ ਵੱਧੋ-ਵੱਧਹੁੰਦੀ ਹੈ ਕਿਉਕਿ ਦੋਵੇਂ ਉਪਭੋਗੀ D ਬਿੰਦੂ ਦੇ ਮੁਕਾਬਲੇ X ਅਤੇ Y ਦੀਆਂਵਧ ਮਾਤ੍ਰਾਵਾਂ ($OX_2$ਅਤੇ $OY_2$) ਉਪਭੋਗ ਕਰਦੇ ਹਨ।

## 4. ਵੱਡੇ ਅਤੇ ਛੋਟੇ ਦੇਸ਼ਾਂ ਨੂੰ ਵਪਾਰ ਤੋ ਫਾਇਦੇ

ਜੇਕਰ ਦੇਸ਼ ਦੇ ਅਕਾਰ ਨੂੰ ਲਿਆ ਜਾਏ ਤਾਂ ਵੱਡੇ ਦੇਸ਼ ਦੇ ਮੁਕਾਬਲੇ ਛੋਟੇ ਦੇਸ਼ ਨੂੰ ਵਪਾਰ ਤੋਂ ਮੁਕਾਬਲਤਨ ਵੱਧ ਫਾਇਦੇ ਹੁੰਦੇ ਹਨ। ਛੋਟੇ ਦੇਸ਼ ਦੇ ਕੋਲ ਬਹੁਤ ਸੰਸਾਧਨ ਨਹੀਂ ਹੁੰਦੇ ਅਤੇ ਉਸਦੇ ਘਰੇਲੂ ਬਜਾਰ ਦਾ ਅਕਾਰ ਵੀ ਸੀਮਤ ਹੁੰਦਾ ਹੈ। ਇਸ ਲਈ

ਘਰੇਲੂ ਵਿਸ਼ਿਸ਼ਟੀਕਰਨ ਅਤੇ ਵਟਾਂਦਰੇ ਦੇ ਫਾਇਦੇ ਸੀਮਤ ਹੁੰਦੇ ਹਨ। ਇਸਦੇ ਉਲਟ, ਕਿਸੇ ਵਿਸਾਲ ਦੇਸ਼ ਦੇ ਕੋਲ ਬਹੁਤ ਸੰਸਾਧਨ ਹੁੰਦੇ ਹਨ ਅਤੇ ਉਸਦਾ ਘਰੇਲੂ ਬਜ਼ਾਰ ਵੀ ਵੱਡਾ ਹੁੰਦਾ ਹੈ, ਇਸਲਈ ਉਹ ਦੇਸ਼ ਦੇ ਅੰਦਰ ਹੀ ਵਿਸ਼ਿਸ਼ਟੀਕਰਨ ਅਤੇ ਵਟਾਂਦਰੇ ਦੇ ਫਾਇਦੇ ਹਾਸਲ ਕਰ ਲੈਂਦਾ ਹੈ। ਜਦ ਦੋਵੇਂ ਦੇਸ਼ਾਂ ਦੇ ਵਿਚ ਅੰਤਰਰਾਸਟਰੀ ਵਪਾਰ ਖੁੱਲਦਾ ਹੈ ਤਾਂ ਛੋਟਾ ਦੇਸ਼ ਉਹਨਾਂ ਵਸਤਾਂ ਦੇ ਉਤਪਾਦਨ 'ਚ ਵਿਸ਼ਿਸ਼ਟੀਕਰਨ ਕਰਦਾ ਹੈ ਜਿਹਨਾਂ ਵਿਚ ਉਸਨੂੰ ਵੱਧ ਤੁਲਨਾਤਮਕ ਫਾਇਦਾਹੁੰਦਾ ਹੈ ਅਤੇ ਉਹ ਵਿਸ਼ਵ ਬਜਾਰ ‘ਚ ਆਪਣੇ ਉਤਪਾਦਨ ਦਾ ਵਟਾਂਦਰਾ ਕਰਦਾ ਹੈ। ਘਰੇਲੂ ਬਜਾਰ ਦੀਆਂ ਕੀਮਤਾਂ ਤੋਂ ਵਿਸ਼ਵ ਬਜਾਰ ਦੀਆਂ ਕੀਮਤਾਂ ਜਿੰਨੀਆਂ ਜ਼ਿਆਦਾ ਵਖਰੀਆਂ ਹੋਣਗੀਆਂ ਛੋਟਾ ਦੇਸ਼ ਉਨੇ ਹੀ ਵੱਧ ਫਾਇਦੇ ਹਾਂਸਲ ਕਰ ਸਕੇਗਾ। ਹੈਲਰ ਨੇ ਸਪਸ਼ਟ ਕੀਤਾ ਹੈ ਕਿ ਜੇਕਰ ਇਹ ਮੰਨ ਲਿਆ ਜਾਏ ਕਿ ਅਵਸਰ ਲਾਗਤ ਸਥਿਰ ਰਹਿੰਦੀ ਹੈ ਅਤੇ ਵੱਡੇ ਦੇਸ਼ ਦੀਆਂ ਵਪਾਰ ਸਰਤਾਂ ‘ਚ ਕੋਈ ਬਦਲਾਉ ਨਹੀਂ ਹੁੰਦਾ ਤਾਂ ਅੰਤਰਰਾਸ਼ਟਰੀ ਵਪਾਰ ਤੋਂ ਵੱਡੇ ਦੇਸ਼ਨੂੰ ਕੋਈ ਫਾਇਦਾ ਨਹੀਂ ਮਿਲਦਾ ਅਤੇ ਛੋਟਾ ਦੇਸ਼ ਹੀ ਸਾਰੇ ਫਾਇਦੇ ਲੈ ਜਾਂਦਾ ਹੈ। ਇਸ ਸਥਿਤੀਨੂੰ ਚਿੱਤਰ 2(A ਅਤੇ B) ਚ ਸਪਸ਼ਟ ਕੀਤਾ ਗਿਆ ਹੈ। ਚਿੱਤਰ 2(A)'ਚ ਦੇਸ਼ A ਦਾ ਉਤਪਾਦਨ ਸੰਭਵਾਨਾ ਵਕ੍ਰ AL ਹੈ। ਵਪਾਰ ਨਾਂ ਹੋਣ ਦੀ ਸਥਿਤੀ ਚ ਦੇਸ਼ A ਬਿੰਦੂ C ਤੇ ਉਤਪਾਦਨ ਅਤੇ ਉਪਭੋਗ ਕਰਦਾ ਹੈ ਜਿੱਥੇ ਸਮੁਦਾਯ ਉਦਾਸੀਨਤਾਵਕ੍ਰ CI ਇਸ ਦੇਸ਼ ਦੇ ਉਤਪਾਦਨ ਸੰਭਾਵਨਾ ਵਕ੍ਰ AL ਨੂੰ ਸਪਰਸ਼ ਕਰਦਾ ਹੈ। ਇਸੇ ਤਰ੍ਹਾਂ,ਦੇਸ਼ B ਬਿੰਦੂ C ਤੇ ਉਤਪਾਦਨ ਅਤੇ ਉਪਭੋਗ ਕਰਦਾ ਹੈ ਜਿੱਥੇ ਸਮੁਦਾਯ ਉਦਾਸੀਨਤਾ ਵਕ੍ਰ $CI_1$,ਇਸਦੇ ਉਤਪਾਦਨ ਸੰਭਾਵਨਾ ਵਕ੍ਰ $BS_1$,ਨੂੰ ਸਪਰਸ਼ ਕਰਦਾ ਹੈ ਜਿਵੇਂ ਚਿੱਤਰ 2(B) ‘ਚ ਦਿਖਾਇਆ ਗਿਆ ਹੈ। ਕਿਉਕਿ A ਵੱਡਾ ਦੇਸ਼ ਹੈ ਇਸਲਈ AL ਵਕ੍ਰ ਰਾਹੀਂ ਪ੍ਰਗਟਾਈ ਘਰੇਲੂ ਕੀਮਤ ਅਨੁਪਾਤ ਰੇਖਾਨੂੰ ਅੰਤਰਰਾਸ਼ਟਰੀ ਕੀਮਤ ਅਨੁਪਾਤ ਰੇਖਾ ਮੰਨ ਲਉ। ਹੁਣ ਛੋਟੇ ਦੇਸ਼ B ਦੇ ਸਾਹਮਣੇ ਇਹ ਸੰਭਾਵਨਾ ਪ੍ਰਸਤੁਤ ਹੁੰਦੀ ਹੈ ਕਿ ਉਹ AL ਦੇ ਸਮਾਨਾਂਤਰ $BS_2$ ਵਕ੍ਰ ਰਾਹੀਂ ਪ੍ਰਗਟਾਏ ਅੰਤਰਰਾਸ਼ਟਰੀ ਕੀਮਤ ਅਨੁਪਾਤ ਤੇ ਆਪਣੀ ਵਸਤੂ ਦਾ ਵਟਾਂਦਰਾ ਕਰਨ। ਇਸਨੂੰ ਤਦੇ ਫਾਇਦਾ ਹੋਵੇਗਾ ਜਦ ਇਹ ਸਿਰਫ ਵਸਤੂ Y ਦੇ ਉਤਪਾਦਨ 'ਚ ਵਿਸ਼ਿਸ਼ਟੀਕਰਨ ਕਰੇ ਅਤੇ ਬਿੰਦੂ B ਤੇ ਉਤਪਾਦਨ ਕਰੇ।




ਚਿੱਤਰ 2

ਚਿੱਤਰ 2(B) 'ਚ ਇਹ ਸਮੁਦਾਯ ਉਦਾਸੀਨਤਾ ਵਕ੍ਰ $CI_2$ ਦੇ ਬਿੰਦੂ $C_2$ ਤੇ ਵਸਤੂ X ਦਾ ਉਪਭੋਗ ਵੀ ਵਧਾ ਦਿੰਦਾ ਹੈ। ਕਿਉਂਕਿ ਵੱਡੇ ਦੇਸ਼ ਦੇ ਕੀਮਤ ਅਨੁਪਾਤ (ਵਪਾਰਸ਼ਰਤਾਂ) ਚ ਕੋਈ ਬਦਲਾਉ ਨਹੀਂ ਹੁੰਦਾ, ਇਸ ਲਈ ਇਹ ਸਿਰਫ ਆਪਣੇ ਉਤਪਾਦਨ ਢਾਚੇ 'ਚ ਬਦਲਾਉ ਕਰਦਾ ਹੈ ਤਾਂ ਕਿ ਛੋਟੇ ਦੇਸ਼ ਦੀਆਂ ਵਪਾਰ ਲੋੜਾਂ ਨੂੰ ਪੂਰਾ ਕਰ ਸਕੇ। ਇਸ ਲਈ ਇਹ ਬਿੰਦੂ P ਤੇ ਚਲਾ ਜਾਂਦਾ ਹੈ। ਛੋਟਾ ਦੇਸ਼ ਵੱਡੇ ਦੇਸ਼ ਨੂੰ ਵਸਤੂ Y ਦੀ $TC_2$ ਮਾਤ੍ਰਾ ਨਿਰਯਾਤ ਕਰੇਗਾ ਜਿਸਨੂੰ ਚਿੱਤਰ 2(A) 'ਚ ਵੱਡੇ ਦੇਸ਼ ਦੇ EC ਆਯਾਤ ਦੇ ਰੂਪ 'ਚ ਦਿਖਾਇਆ ਗਿਆਹੈ ਅਤੇ ਵੱਡੇ ਦੇਸ਼ ਤੋਂ ਵਸਤੂ X ਦੀ TB ਮਾਤ੍ਰਾ ਆਯਾਤ ਕਰੇਗਾ ਜਿਸਨੂੰ ਵੱਡੇ ਦੇਸ਼ ਦੇ EP ਨਿਰਯਾਤ ਦੇ ਰੂਪ 'ਚ ਦਿਖਾਇਆ ਗਿਆ ਹੈ।

ਇਸ ਤਰ੍ਹਾਂ ਛੋਟੇ ਦੇਸ਼ ਨੂੰ ਵੱਡੇ ਦੇਸ਼ ਨਾਲ ਵਪਾਰ ਕਰਨ ਨਾਲ ਵਿਸ਼ਿਸ਼ਟੀਕਰਨ ਅਤੇ ਵਟਾਂਦਰਾ ਦੋਵਾਂ ਤੋਂ ਫਾਇਦਾ ਹੋਇਆ ਹੈ, ਜਦਕਿ ਵੱਡੇ ਦੇਸ਼ ਨੂੰ ਬਿਲਕੁਲ ਕੋਈ ਫਾਇਦਾ ਨਹੀ ਹੋਇਆ। ਵਧਦੀ ਹੋਈ ਅਉਸਰ ਲਾਗਤ ਅਤੇ ਵੱਖਰੇ ਮੰਗ ਢਾਂਚਿਆਂ ਦੇ ਅੰਤਰਗਤ ਸੰਭਾਵਨਾ ਇਹ ਹੈ ਕਿ ਵਾਪਰ ਦੀਆਂ ਅੰਤਰਰਾਸ਼ਟਰੀ ਸ਼ਰਤਾਂ 'ਚ ਨਵਾਂ ਸੰਤੁਲਨ ਸਥਾਪਤ ਹੋਵੇਗਾ ਜੋ ਦੋਵੇਂ ਦੇਸ਼ਾਂ'ਚ ਪਾਏ ਜਾਣ ਵਾਲੇ ਘਰੇਲੂ ਵਪਾਰ ਪੂਰਬ ਕੀਮਤ ਅਨੁਾਪਤਾਂ ਦੇ ਵਿਚ ਕਿਤੇ ਹੋਵੇਗਾ। ਉਸ ਸਥਿਤੀ 'ਚ ਵਪਾਰ ਤੋ ਦੋਵੇਂ ਦੇਸ਼ਾਂ ਨੂੰ ਮੁਨਾਫਾ ਹੋਵੇਗਾ ਅਤੇ ਹਰਇਕ ਦੇਸ਼ ਨੂੰ ਹੋਣ ਵਾਲੇ ਫਾਇਦਿਆਂ ਦਾ ਅਨੁਪਾਤ ਇਸ ਗੱਲ ਤੇ ਨਿਰਭਰ ਕਰੇਗਾ ਕਿ ਵਪਾਰ ਦੀਆਂ ਅੰਤਰਰਾਸ਼ਟਰੀਸਰਤਾਂ 'ਚ ਵਪਾਰਪੂਰਬ ਕੀਮਤ ਅਨੁਪਾਤਾਂ ਤੋਂ ਕਿੰਨਾ ਬਦਲਾਉ ਹੋਇਆ ਹੈ। ਸੰਭਾਵਨਾਵਾਂ ਇਹ ਹਨ ਕਿ ਇਹ ਕੀਮਤ ਬਦਲਾਉ ਛੋਟੇ ਦੇਸ਼ਾਂ 'ਚ ਵਧੇਰੇ ਸਪਸ਼ਟ ਹੋਣਗੇ ਅਤੇ ਇਸ ਲਈ ਵਧੇਰੇ ਫਾਇਦੇ ਛੋਟੇ ਦੇਸ਼ ਦੇ ਵਾਸੀਆਂ ਨੂੰ ਪ੍ਰਾਪਤ ਹੋਣਗੇ।

## 5. ਵਪਾਰ ਤੋਂ ਸਥੈਤਿਕ ਅਤੇ ਚਲਾਵਿਕ ਫਾਇਦੇ

ਵਪਾਰ ਤੋਂ ਫਾਇਦੇ ਨੂੰ ਸਥੈਤਿਕ ਅਤੇ ਚਲਾਵਿਕ ਫਾਇਦਿਆਂ 'ਚ ਵੰਡਿਆ ਗਿਆ ਹੈ ਜਿਸਦੀ ਵਿਆਖਿਆ ਹੇਠਾਂ ਕੀਤੀ ਜਾ ਰਹੀ ਹੈ।

### ਸਥੈਤਕ ਫਾਇਦੇ

ਵਪਾਰ ਤੋਂ ਸਥੈਤਕ ਫਾਇਦੇ ਹੇਠਲਿਖਤ ਹਨ

1. ਉਤਪਾਦਨ ਦਾ ਵੱਧੋ ਵੱਧ ਕਰਨਾ - ਕਲਾਸਿਕੀ ਅਰਥਸ਼ਾਸਤ੍ਰੀਆਂ ਦੇ ਮੁਤਾਬਕ, ਵਪਾਰ ਤੋ ਫਾਇਦਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰਾਂ ਤੇ ਕਿਰਤ ਵਿਭਾਜਨ ਅਤੇ ਵਿਸ਼ਿਸ਼ਟੀਕਰਨ ਦੇ ਫਾਇਦੇ ਦੇ ਕਾਰਨ ਹੁੰਦੇ ਹਨ। ਇਕ ਦੇਸ਼ 'ਚ ਸੰਸਾਧਨ ਅਤੇ ਤਕਨਾਲੋਜੀ ਦਿੱਤੀ ਹੋਈ ਹੋਣ ਤੇ ਵਪਾਰ ਅਤੇ ਤੁਲਨਾਤਮਕ ਫਾਇਦੇ ਦੇ ਆਧਾਰ ਤੇ ਉਤਪਾਦਨ 'ਚ ਵਿਸ਼ਿਸ਼ਟੀਕਰਨ ਹਰ ਇਕ ਦੇਸ਼ ਨੂੰ ਆਪਣੀਆਂ ਵਸਤਾਂ ਦੂਜੇ ਦੇਸ਼ ਦੀਆ ਵਸਤਾਂ ਦੇ ਨਾਲ ਵਟਾਂਦਰਾ ਕਰਨ ਦੀ ਸਮਰੱਥਾ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਇਹ ਵਪਾਰ ਦੇ ਬਿਨਾਂ ਦੀ ਤੁਲਨਾ 'ਚ ਵਪਾਰ ਤੋਂ ਵੱਧ ਮੁਨਾਫਾ ਹਾਂਸਲ ਪ੍ਰਾਪਤ ਕਰਦਾ ਹੈ। ਹਰ ਇਕ ਦੇਸ਼ ਘੱਟ ਲਾਗਤ ਤੇ ਉਤਪਾਦਤ ਵਸਤਾਂ ਨੂੰ ਆਯਾਤ ਕਰਦਾ ਹੈ ਅਤੇ ਆਪਣੀਆਂ ਹੋਰ ਸਸਤੀਆਂ ਉਤਪਾਦਤ ਵਸਤਾ ਦਾ ਨਿਰਯਾਤ ਕਰਦਾ ਹੈ। ਇਸ ਤਰ੍ਹਾਂ, ਦੋਵੇਂ ਛੋਟੇ ਦੇਸ਼ ਆਪਣੇ ਉਤਪਾਦਨ ਨੂੰ ਵੱਧੋ ਵੱਧ ਕਰਦੇ ਹਨ।

2. ਭਲਾਈ ਚ ਵਾਧਾ - ਅੰਤਰਰਾਸ਼ਟਰੀ ਕਿਰਤ ਵਿਭਾਜਨ ਅਤੇ ਵਿਸ਼ਿਸ਼ਟੀਕਰਨ ਦੇ ਫਲਸਰੂਪ ਵਪਾਰ ਕਰਨ ਵਾਲੇ ਦੇਸ਼ਾਂ ਦੇ ਵਿਚ ਵਸਤਾਂ ਦੇ ਉਤਪਾਦਨ 'ਚ ਵਾਧਾ ਹੁੰਦਾ ਹੈ। ਇਸਤੋਂ ਵਸਤਾ ਦੇ ਉਪਭੋਗ 'ਚ ਵਾਧਾ ਹੁੰਦਾ ਹੈ ਅਤੇ ਲੋਕਾਂ ਦੀ ਭਲਾਈ ਵਿਚ ਵਾਧਾ ਹੁੰਦਾ ਹੈ।
3. ਰਾਸ਼ਟਰੀ ਆਮਦਨ 'ਚ ਵਾਧਾ -ਇਕ ਦੇਸ਼ ਵਪਾਰ 'ਚ ਅੰਤਰਰਾਸ਼ਟਰੀ ਵਿਸ਼ਿਸ਼ਟੀਕਰਨ ਅਤੇ ਵਸਤਾਂ ਦੇ ਵਟਾਂਦਰੇ ਤੋਂ ਫਾਇਦਾ ਉਠਾਂਦਾ ਹੈ ਤਾਂ ਉਸਤੋਂ ਰਾਸ਼ਟਰੀ ਆਮਦਨ ਵਧਦੀ ਹੈ। ਇਹ ਅਰੀ,ਇਸਦੇ ਉਤਪਾਦਨ ਦੇ ਪੱਧਰਅਤੇ ਅਰਥ ਪਵਿਵਸਥਾ ਦੀ ਵਾਧਾ ਦਰ ਨੂੰ ਵਧਾਉਂਦਾ ਹੈ।
4. ਅਤੀਰੇਕ ਦਾ ਨਿਰਗਮ - ਵਪਾਰ ਤੋਂ ਫਾਇਦਾ ਇਕ ਦੇਸ਼ 'ਚ ਅੰਤਰੱਰਾਂਸਟਂਰੀ ਵਪਾਰ ਤੋਂ ਪਹਿਲਾ ਤੂਮੀ,ਕਿਰਤ ਅਤੇ ਹੋਰ ਸੰਸਾਧਨਾ ਦੇ ਨਿਸਕ੍ਰਿਯ ਪਾਏਜਾਣ ਨਾਲ ਵੀ ਹੁੰਦੇ ਹਨ। ਅੰਤਰਰਾਸ਼ਟਰੀ ਬਜ਼ਾਰਾਂ 'ਚ ਸ਼ਾਮਲ ਹੋਣ ਨਾਲ ਇਸਦੇ ਸੰਸਾਧਨਾਂਦਾ ਪ੍ਰਯੋਗ ਵਸਤਾ ਦੇ ਅਤੀਰੇਕ ਨੂੰ ਉਤਪਾਦਤ ਕਰਨ 'ਚ ਪ੍ਰਯੋਗ ਹੁੰਦਾ ਹੈ ਜੋ ਨਹੀ ਤੇ ਬਗੈਰ ਵੇਚੀਆਂ ਰਹਿ ਜਾਣਗੀਆਂ। ਇਹ ਏਡਮ ਸਮਿਥ ਦਾ ਵਪਾਰ ਤੋਂ ਅਤੀਰੇਕ ਦਾ ਨਿਰਗਮਕਹਿਲਾਂਦਾ ਹੈ।

**ਚਲਾਵਿਕ ਫਾਇਦੇ**

ਵਪਾਰ ਤੋਂ ਇਹ ਚਲਾਵਿਕ ਫਾਇਦੇ ਹਾਸਲ ਹੁੰਦੇ ਹਨ:

1. ਸੰਸਾਧਨਾਂ ਦੀ ਕੁਸਲ ਵਰਤੋਂ - ਵਿਦੇਸ਼ ਵਪਾਰ ਤੋ ਪ੍ਰਤੱਖ ਚਲਾਵਿਕ ਫਾਇਦੇ ਇਹ ਹੈ ਕਿ ਤੁਲਨਾਤਮਕ ਫਾਇਦੇ ਤੋਂ ਵਿਸ਼ਵ ਦੇ ਉਤਪਾਦਕੀ ਸੰਸਾਧਨਾਂ ਦਾ ਵੱਧ ਕੁਸ਼ਲ ਪ੍ਰਯੋਗ ਹੁੰਦਾ ਹੈ।
2. ਮਾਰਕਿਟ ਦਾ ਵਿਸਤਾਰ - ਵਪਾਰ ਤੋ ਮੁੱਖ ਪਰੋਖ ਚਲਾਇਕਫਾਇਦਾ ਇਹ ਵੀ ਹੁੰਦਾ ਹੈ ਕਿ ਇਹ ਮਾਰਕਿਟ ਦਾ ਵਿਸਤਾਰ ਕਰਦਾ ਹੈ। ਵਿਸ਼ਿਸ਼ਟੀਕਰਨ ਦਾਖੇਤਰ ਅਤੇ ਮਾਰਕਿਟ ਦੇ ਅਕਾਰ ਦਾ ਵਿਸਤਾਰ ਕਰਨ ਨਾਲਾ ਅੰਤਰਰਾਸ਼ਟਰੀ ਵਪਾਰ ਤੋਂ ਮਸੀਨਾਂਦਾ ਵੱਧ ਪ੍ਰਯੋਗ ਹੁੰਦਾ ਹੈ। ਖੋਜਾਂ ਅਤੇ ਨਵਪ੍ਰਵਰਤਨਾਂ ਨੂੰ ਉਤਸ਼ਾਹ ਮਿਲਦਾ ਹੈ, ਕਿਰਤ ਉਤਪਾਦਕਤਾ ਚ ਵਾਧਾ ਹੁੰਦਾ ਹੈ,ਲਾਗਤਾਂ ਘੱਟ ਹੁੰਦੀਆਂ ਹਨ ਅਤੇ ਤੀਬਰ ਵਾਧਾ ਹੁੰਦਾ ਹੈ।
3. ਹੋਰ ਕ੍ਰਿਆਵਾਂ ਨੂੰ ਵਿਕਾਸ - ਜਦਇਕ ਦੇਸ਼ ਨਿਰਯਾਤ ਦੇ ਲਈ ਦਸਤਾ ਉਤਪਾਦਤ ਕਰਨਾ ਅਤੇ ਘਰੇਲੂ ਉਪਭੋਗ ਦੇ ਲਈ ਆਯਾਤ ਕਰਨਾ ਸ਼ੁਰੂ ਕਰਦਾ ਹੈ ਤਾਂ ਹੋਰ ਆਰਥਕ ਕ੍ਰਿਆਵਾਂ ਦਾ ਵਿਕਾਸ ਹੁੰਦਾ ਹੈ। ਬਿਜਲੀ,ਸੜਕਾਂ,ਫਲਾਈ ਓਵਰ,ਪੁਲਾਂ ਆਦਿ ਬੁਨਿਆਦੀ ਸਹੂਲਤਾਂ ਦਾ ਨਿਰਮਾਣ ਹੁੰਦਾ ਹੈ। ਉਦਯੋਗਿਕ ਕੇਦਰਾਂ ਦੇ ਨਾਲ-ਨਾਲ ਵਪਾਰਕ ਅਤੇ ਭਵਨ ਕੇਦਰਾਂ ਦਾ ਨਿਰਮਾਣ ਹੁੰਦਾ ਹੈ। ਮੁਢਲੇ ਖੇਤਰ ਕੱਚੇਮਾਲ ਲਈ ਘਰੇਲੂ ਪ੍ਰਯੋਗ ਅਤੇ ਨਿਰਯਾਤ ਲਈ ਵਿਵਸਾਇਕ ਖੇਤਰ 'ਚ ਵਿਕਸਤ ਹੋ ਜਾਂਦੇ ਹਨ। ਬੈਕ, ਬੀਮਾ, ਸੰਚਾਰ ਆਦਿ ਦੇ ਰੂਪ 'ਚ ਤੀਜਾ ਖੇਤਰ ਵਿਕਸਤ ਹੁੰਦਾ ਹੈ।
4. ਨਿਵੇਸ਼ 'ਚ ਵਾਧਾ – ਵਿਦੇਸ਼ੀ ਵਪਾਰ ਵਖਰੇ ਤਰ੍ਹਾਂਦੀਆ ਵਸਤਾਂ ਨੂੰ ਇਕੱਠਾ ਕਰਨ ਅਤੇ ਉਤਪਾਦਨ ਲਈ ਨਵੀਆਂ ਇਕਾਈਆਂ ਸਥਾਪਤ ਕਰਨਨੂੰ ਉਤਸਾਹਤ ਕਰਦਾ ਹੈ। ਪੂਰਕ ਅਤੇ ਸਹਾਇਕ ਇਕਾਈਆਂ ਸਥਾਪਤ ਹੋ ਜਾਂਦੀਆਂ ਹਨ।ਨਿਰਯਾਤ ਦੇ ਲਈ ਉਤਪਾਦਨ ਦੀਆਂ ਹੋਰ ਕ੍ਰਿਆਵਾਂ ਛੇਕੜਲੀਆਂ ਅਤੇ ਮੂਹਰਲੀਆਂ ਸ੍ਰੰਖਲਾਵਾਂ ਲਿਆਉਂਦਾ ਹੈ। ਇਹ ਸਭ, ਦੇਸ਼ 'ਚ ਸਵਾਯਤ ਅਤੇ ਪ੍ਰੇਰਕ ਨਿਵੇਸਾਂ ਚ ਵਾਧਾ ਲਿਆਉਦੇ ਹਨ।

## 6. ਛੋਟੇ ਉਤਰਾਂ ਵਾਲੇ ਪ੍ਰਸ਼ਨ

ਨੋਟ ਲਿਖੋ

1. ਸਥੈਤਕ ਫਾਇਦੇ
2. ਚਲਾਵਿਕਫਾਇਦੇ
3. ਵਪਾਰਕ ਫਾਇਦੇ

## 7. ਵੱਡੇ ਉਤਰਾਂ ਵਾਲੇ ਪ੍ਰਸ਼ਨ

1. ਵਪਾਰ ਤੋਂ ਫਾਇਦੇਂ ਦਾ ਕੀ ਭਾਵ ਹੈ? 'ਵਪਾਰ ਤੋਂ ਫਾਇਦੇ' ਅਤੇ 'ਵਪਾਰ ਸ਼ਰਤਾਂ' 'ਚ ਸਬੰਧ ਸਪਸ਼ਟ ਕਰੋ।
2. ਅੰਤਰਰਾਸ਼ਟਰੀ ਵਪਾਰ ਤੋਂ ਕਿਵੇ ਫਾਇਦਾ ਹੁੰਦਾ ਹੈ?
3. ਸਮਝਾਉ ਕਿ ਆਪ ਛੋਟੇ ਅਤੇ ਵੱਡੇ ਦੇਸ਼ ਦੇ ਵਪਾਰ ਫਾਇਦਿਆਂ ਨੂੰ ਕਿਸ ਤਰ੍ਹਾ ਮਾਪੋਗੇ।
4. ਵਪਾਰ ਤੋ ਸਥੈਤਕ ਅਤੇ ਚਲਾਵਿਕ ਫਾਇਦਿਆਂ ਦੀ ਵਿਆਖਿਆ ਕਰੋ।

## 8. ਪ੍ਰਤਸਤਾਵਿਤ ਪੁਸਤਕਾਂ


1. Sodersten, Bo and Read, G.: International Economics
2. Salvatore, D.: International Economics
3. Ethier, W.J.: Modern International Economics
4. M. L. Zhingan: ਅੰਤਰਰਾਸ਼ਟਰੀ ਅਰਥਸ਼ਾਸਤਰ

**ਪਾਠ ਨੰਬਰ : 1.8**

## ਵਪਾਰ ਦੀਆਂ ਸ਼ਰਤਾਂ

1.8.1 ਭੂਮਿਕਾ
1.8.2 ਵਪਾਰ ਦੀਆਂ ਸ਼ਰਤਾਂ ਦੀ ਧਾਰਨਾਵਾਂ
1.8.2.1 ਸ਼ੁੱਧ ਵਪਾਰ ਦੀਆਂ ਸ਼ਰਤਾਂ
1.8.2.2 ਕੁੱਲ ਵਟਾਂਦਰਾ ਵਪਾਰ ਦੀਆਂ ਸ਼ਰਤਾਂ
1.8.2.3 ਇੱਕ ਤਰਫਾ ਅਤੇ ਦੋ ਤਰਫਾ ਵਪਾਰ ਦੀਆਂ ਸ਼ਰਤਾਂ
1.8.3 ਵਪਾਰ ਦੀਆਂ ਸ਼ਰਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
1.8.4 ਸਾਰਾਂਸ਼
1.8.5 ਛੋਟੇ ਉੱਤਰਾਂ ਵਾਲੇ ਪ੍ਰਸ਼ਨ
1.8.6 ਵੱਡੇ ਉੱਤਰਾਂ ਵਾਲੇ ਪ੍ਰਸ਼ਨ
1.8.7 ਪੜ੍ਹਨਯੋਗ ਪੁਸਤਕਾਂ

### 1.8.1 ਭੂਮਿਕਾ

ਅੰਤਰ-ਰਾਸ਼ਟਰੀ ਵਪਾਰ ਵਿੱਚ ਹਿੱਸਾ ਲੈ ਰਹੇ ਸਾਰੇ ਦੇਸ਼ਾਂ ਦਾ ਮੁੱਖ ਉਦੇਸ਼ ਵਪਾਰ ਤੋਂ ਲਾਭ ਪ੍ਰਾਪਤ ਕਰਨਾ ਹੁੰਦਾ ਹੈ। ਆਮ ਤੌਰ ਤੇ ਵਪਾਰ ਕਰ ਰਹੇ ਸਾਰੇ ਦੇਸ਼ ਲਾਭ ਪ੍ਰਾਪਤ ਕਰ ਰਹੇ ਹੁੰਦੇ ਹਨ। ਪਰੰਤੂ ਇਹ ਲਾਭ ਵੱਖ-ਵੱਖ ਦੇਸ਼ਾਂ ਵਿੱਚ ਕਿਸ ਪ੍ਰਕਾਰ ਵੰਡੇ ਜਾਂਦੇ ਹਨ, ਇਹ ਵੱਖ-ਵੱਖ ਦੇਸ਼ਾਂ ਵਿਚਲੀਆਂ ਵਪਾਰ ਸ਼ਰਤਾਂ ਤੇ ਨਿਰਭਰ ਕਰਦਾ ਹੈ। ਵਪਾਰ ਦੀਆਂ ਸ਼ਰਤਾਂ ਦੀ ਧਾਰਨਾ ਨੂੰ ਸਭ ਤੋਂ ਪਹਿਲਾਂ ਮਾਰਸਲ ਨੇ 1923 ਵਿੱਚ ਆਪਣੀ ਪੁਸਤਕ "Money, Credit and Commerce" ਵਿੱਚ ਵਰਤਿਆ ਸੀ। ਉਨ੍ਹਾਂ ਨੇ ਇਸ ਧਾਰਨਾ ਦੀ ਵਰਤੋਂ ਵਟਾਂਦਰੇ ਦੇ ਦਰ ਵਿੱਚ ਕੀਤੀ ਸੀ। ਇਸ ਤੋਂ ਪਿਛੋਂ ਹੈਬਰਲਰ ਅਤੇ ਜੈਕੋਬ ਵਾਈਨਰ ਆਦਿ ਅਰਥ ਸ਼ਾਸਤਰੀਆਂ ਨੇ ਵਪਾਰ ਦੀਆਂ ਸ਼ਰਤਾਂ (Terms of Trade) ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ ਹਨ।

ਅੰਤਰ-ਰਾਸ਼ਟਰੀ ਵਪਾਰ ਦੀਆਂ ਸ਼ਰਤਾਂ ਤੋਂ ਭਾਵ ਉਸ ਦਰ ਤੋਂ ਹੈ ਜਿਸ ਦਰ ਤੇ ਇਕ ਦੇਸ਼ ਦੀਆਂ ਵਸਤੂਆਂ ਦਾ ਵਟਾਂਦਰਾ ਦੂਜੇ ਦੇਸ਼ ਦੀਆਂ ਵਸਤੂਆਂ ਨਾਲ ਹੁੰਦਾ ਹੈ। ਦੂਜੇ ਦੇਸ਼ਾਂ ਵਿੱਚ ਵਪਾਰ ਸ਼ਰਤਾਂ ਇਕ ਦੇਸ਼ ਦੇ ਆਯਾਤ ਅਤੇ ਨਿਰਯਾਤ ਦੀਆਂ ਕੀਮਤਾਂ ਦੇ ਸੰਬੰਧ ਤੇ ਨਿਰਭਰ ਕਰਦੀਆਂ ਹਨ। ਪ੍ਰਸਿੱਧ ਅਰਥ-ਸ਼ਾਸਤਰੀ ਸੈਮਿਊਲਸਨ ਅਨੁਸਾਰ, ''ਵਪਾਰ ਦੀਆਂ ਸ਼ਰਤਾਂ ਦੀ ਪਰਿਭਾਸ਼ਾ ਇੱਕ ਦੇਸ਼ ਦੀਆਂ ਨਿਰਯਾਤ ਅਤੇ ਆਯਾਤ ਦੇ ਅਨੁਪਾਤ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ।'' (Terms of trade are defined as the ratio of the country's export price to her import price-Samuelson).

ਅੰਤਰ-ਰਾਸ਼ਟਰੀ ਵਪਾਰ ਵਿੱਚ ਇੱਕ ਦੇਸ਼, ਦੂਜੇ ਦੇਸ਼ ਨੂੰ ਵਸਤਾਂ ਦਾ ਆਯਾਤ ਅਤੇ ਨਿਰਯਾਤ ਕਰਦਾ ਹੈ। ਵਸਤਾਂ ਦੇ ਰੂਪ ਵਿੱਚ ਵਪਾਰ ਦੀਆਂ ਸ਼ਰਤਾਂ ਨਿਰਧਾਰਤ ਕਰਨਾ ਬਹੁਤ ਔਖਾ ਹੈ। ਇਸ ਕਰਕੇ ਅਸੀਂ ਆਯਾਤ ਅਤੇ ਨਿਰਯਾਤ ਵਸਤਾਂ ਦਾ ਕੀਮਤ ਸੂਚਕ ਅੰਕ ਲੈਂਦੇ ਹਾਂ। ਇਸ ਪ੍ਰਕਾਰ ਦੋਹਾਂ ਵਸਤੂਆਂ ਦੇ ਕੀਮਤ ਸੂਚਕ ਅੰਕ ਦੇ ਅਨੁਪਾਤ ਮੁਤਾਬਿਕ ਅਸੀਂ ਵਪਾਰ ਦੀਆਂ ਸ਼ਰਤਾਂ ਨਿਰਧਾਰਤ ਕਰ ਲੈਂਦੇ ਹਾਂ।

### 1.8.2 ਵਪਾਰ ਦੀਆਂ ਸ਼ਰਤਾਂ ਦੀਆਂ ਧਾਰਨਾਵਾਂ (Concepts of Terms of Trade)

ਵਪਾਰ ਦੀਆਂ ਸ਼ਰਤਾਂ ਦੀਆਂ ਧਾਰਨਾਵਾਂ ਦਾ ਵੱਖ-ਵੱਖ ਅਰਥ ਸ਼ਾਸਤਰੀਆਂ ਨੇ ਹੇਠ ਲਿਖੇ ਅਨੁਸਾਰ ਵਰਣਨ ਕੀਤਾ ਹੈ:

#### 1.8.2.1 ਸ਼ੁੱਧ ਵਟਾਂਦਰਾ ਵਪਾਰ ਦੀਆਂ ਸ਼ਰਤਾਂ (Net Barter Terms of Trade)

ਸ਼ੁੱਧ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਦੀ ਧਾਰਨਾ ਨੂੰ ਅਸੀਂ ਵਪਾਰ ਦੀਆਂ ਸ਼ਰਤਾਂ ਦਾ ਨਾਂ ਵੀ ਦੇ ਸਕਦੇ ਹਾਂ। ਇਸ ਧਾਰਨਾ ਸੰਬੰਧੀ ਸਭ ਤੋਂ ਪਹਿਲਾਂ ਵਿਚਾਰ ਪ੍ਰੋ. ਐਫ. ਡਬਲਿਊ, ਟਾਜ਼ਿਗ ਨੇ ਦਿੱਤੇ ਸਨ। ਇਸ ਤੋਂ ਬਾਅਦ ਪ੍ਰੋ. ਕਿੰਡਲਬਰਜ਼ਰ ਨੇ ਕਿਹਾ ਕਿ ਸ਼ੁੱਧ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਦਾ ਭਾਵ ਨਿਰਯਾਤ ਆਯਾਤ ਦੀਆਂ ਕੀਮਤਾਂ ਦੇ ਅਨੁਪਾਤ ਤੋਂ ਹੁੰਦਾ ਹੈ।

ਸਮੀਕਰਣ ਦੁਆਰਾ

$$TNB = \frac{PX}{PM} \times 100$$

ਇਥੇ

TNB = ਸ਼ੁੱਧ ਵਟਾਂਦਰਾ ਵਪਾਰ ਦੀਆਂ ਸ਼ਰਤਾਂ

PX = ਨਿਰਯਾਤ ਵਸਤਾਂ ਦੀਆਂ ਕੀਮਤਾਂ

PM = ਆਯਾਤ ਵਸਤਾਂ ਦੀਆਂ ਕੀਮਤਾਂ

ਇਸ ਸਥਿਤੀ ਵਿੱਚ ਅਸੀਂ ਇਕ ਵਸਤੂ ਦੇ ਆਯਾਤ ਅਤੇ ਨਿਰਯਾਤ ਦਾ ਵਿਸ਼ਲੇਸ਼ਣ ਕਰ ਸਕਦੇ ਹਾਂ। ਪ੍ਰੰਤੂ ਜੇਕਰ ਆਯਾਤ ਅਤੇ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੀ ਗਿਣਤੀ ਇੱਕ ਨਾਲੋਂ ਵੱਧ ਹੋਵੇ ਤਾਂ ਅਸੀਂ ਕੀਮਤਾਂ ਦਾ ਸੂਚਕ ਅੰਕ ਲੈਂਦੇ ਹਾਂ, ਜਿਵੇਂ ਹੇਠਾਂ ਦਿੱਤੀ ਸਮੀਕਰਣ ਦੁਆਰਾ ਸਪਸ਼ਟ ਹੈ:

$$TNB = \frac{PX_1/PX_0}{PM_1/PM_0}$$

$$= \frac{PX_1/PM_0}{PX_0/PM_1}$$

$$= \frac{PX_1/PM_0}{PM_1/PX_0}$$

ਇਸ ਸਮੀਕਰਣ ਵਿੱਚ

$PX_1$ ਅਤੇ $PM_1$ = ਚਾਲੂ ਸਮੇਂ ਨਿਰਯਾਤ ਅਤੇ ਆਯਾਤ ਕੀਮਤਾਂ ਦਾ ਸੂਚਕ

$PX_0$ ਅਤੇ $PM_0$ = ਆਧਾਰ ਸਮੇਂ ਵਿੱਚ ਨਿਰਯਾਤ ਅਤੇ ਆਯਾਤ ਕੀਮਤਾਂ ਦਾ ਸੂਚਕ

ਉਦਾਹਰਣ ਦੇ ਤੌਰ ਤੇ 1975 ਵਿੱਚ ਆਯਾਤ ਅਤੇ ਨਿਰਯਾਤ ਦੀਆਂ ਕੀਮਤਾਂ ਨੂੰ ਅਸੀਂ ਆਧਾਰ ਸਾਲ (Base Year) ਮੰਨ ਲੈਂਦੇ ਹਾਂ ਅਤੇ ਜੋ ਕੀਮਤਾਂ ਅਸੀਂ ਉਸ ਆਧਾਰ ਸਾਲ ਵਿੱਚ ਲਈਆਂ ਹਨ, ਉਨ੍ਹਾਂ ਨੂੰ ਅਸੀਂ ਸੂਚਕ ਅੰਕ = 100 ਦੇ ਬਰਾਬਰ ਮੰਨਦੇ ਹਾਂ। ਮੰਨ ਲਓ ਚਾਲੂ ਸਮੇਂ ਵਿੱਚ ਨਿਰਯਾਤ ਦੀਆਂ ਕੀਮਤਾਂ (PX1) ਦਾ ਸੂਚਕ ਅੰਕ 150 ਹੋ ਜਾਂਦਾ ਹੈ ਅਤੇ ਆਯਾਤ ਵਸਤਾਂ ਦੀਆਂ ਕੀਮਤਾਂ (PM1) ਦਾ ਸੂਚਕ ਅੰਕ 120 ਹੋ ਜਾਂਦਾ ਹੈ ਤਾਂ ਸ਼ੁੱਧ ਵਟਾਂਦਰਾ ਵਪਾਰ ਦੀਆਂ ਸ਼ਰਤਾਂ:

$$TNB = \frac{PX_1}{PM_1} \times 100$$

$$= \frac{150}{120} \times 100 = 125$$

ਇਸ ਤੋਂ ਭਾਵ ਹੈ ਕਿ ਦੇਸ਼ ਵਿੱਚੋਂ ਨਿਰਯਾਤ ਕੀਮਤਾਂ ਦਾ ਵਾਧਾ, ਆਯਾਤ ਕੀਮਤਾਂ ਦੀ ਤੁਲਨਾ ਵਿੱਚ ਵੱਧ ਹੋਇਆ ਹੈ। ਇਸ ਦੇ ਉਲਟ ਜੇਕਰ ਅਸੀਂ ਇਹ ਮੰਨ ਲਈਏ ਕਿ ਨਿਰਯਾਤ ਵਸਤਾਂ ਦੀਆ ਕੀਮਤਾਂ ਦੀ ਸੂਚਕ ($PX_1$) ਤੋਂ ਵੱਧ ਕੇ 150 ਹੋ ਜਾਂਦਾ ਹੈ ਅਤੇ ਆਯਾਤ ਵਸਤਾਂ ਦੀਆਂ ਕੀਮਤਾਂ ਦਾ ਸੂਚਕ ($PM_1$) 100 ਤੋਂ ਵਧ ਕੇ 200 ਹੋ ਜਾਂਦਾ ਹੈ ਤਾਂ ਸ਼ੁੱਧ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਦਾ ਪ੍ਰਭਾਵ ਹੇਠਾਂ ਲਿਖੇ ਅਨੁਸਾਰ ਹੋਵੇਗਾ:

$$TNB = \frac{PX_1}{PM_1} \times 100$$

$$= \frac{150}{200} \times 100 = 75$$

ਇਸ ਦਾ ਭਾਵ ਇਹ ਹੈ ਕਿ ਵਪਾਰ ਦੀਆਂ ਸ਼ਰਤਾਂ ਸਾਡੇ ਪ੍ਰਤੀਕੂਲ ਹਨ।

**ਆਲੋਚਨਾ**: ਸ਼ੁੱਧ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਜਾਂ ਸ਼ੁੱਧ ਵਸਤੂ ਵਪਾਰ ਸ਼ਰਤਾਂ ਦੀ ਬਹੁਤ ਸਾਰੇ ਅਰਥ-ਸ਼ਾਸਤਰੀਆਂ ਨੇ ਹੇਠ ਲਿਖੇ ਆਧਾਰ ਤੇ ਆਲੋਚਨਾ ਕੀਤੀ ਹੈ।

1. ਸ਼ੁੱਧ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਦੀ ਧਾਰਨਾ ਵਿੱਚ ਨਿਰਯਾਤ ਅਤੇ ਆਯਾਤ ਦੀ ਰਚਨਾ ਅਤੇ ਦਿਸ਼ਾ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।
2. ਅੰਤਰ-ਰਾਸ਼ਟਰੀ ਵਪਾਰ ਵਿੱਚ ਲੰਬੇ ਸਮੇਂ ਦੌਰਾਨ ਹੋਣ ਵਾਲੀਆਂ ਤਬਦੀਲੀਆਂ ਨੂੰ ਇਸ ਧਾਰਨਾ ਨੇ ਬਿਲਕੁਲ ਅੱਖੋਂ ਓਹਲ ਕੀਤਾ ਹੈ।
3. ਸ਼ੁੱਧ ਵਟਾਂਦਰਾ ਵਪਾਰ ਜਾਂ ਵਸਤੂ ਵਪਾਰ ਦੀਆਂ ਸ਼ਰਤਾਂ ਦੀ ਧਾਰਨਾ ਦੇ ਮੁਤਾਬਿਕ ਵਪਾਰ ਦਾ ਸੰਬੰਧ ਸਿਰਫ ਵਸਤੂਆਂ ਜਾਂ ਸੇਵਾਵਾਂ ਨਾਲ ਹੀ ਹੈ ਜੋ ਕਿ ਅਸਲ ਵਿੱਚ ਗਲਤ ਹੈ।
4. ਪ੍ਰੋ. ਐਫ. ਡਬਲਿਊ. ਟਾਜ਼ਿਗ ਨੇ ਸ਼ੁੱਧ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਦੀਆਂ ਕਮੀਆਂ ਨੂੰ ਮੁੱਖ ਰਖਦੇ ਹੋਏ ਕੁੱਲ ਵਟਾਂਦਰਾ ਵਪਾਰ ਦੀ ਧਾਰਨਾ ਦੀ ਵਿਆਖਿਆ ਕੀਤੀ ਹੈ।

**ਸਵੈ-ਅਭਿਆਸ ਪ੍ਰਸ਼ਨ**

1. ਵਪਾਰ ਦੀਆਂ ਸ਼ਰਤਾ ਤੋਂ ਕੀ ਭਾਵ ਹੈ?
2. ਸ਼ੁੱਧ ਵਟਾਂਦਰਾ ਵਪਾਰ ਦੀਆਂ ਕੀ ਸ਼ਰਤਾਂ ਹਨ?

### 1.8.2.2 ਕੁੱਲ ਵਟਾਂਦਰਾ ਵਪਾਰ ਦੀਆਂ ਸ਼ਰਤਾਂ (Gross Barter Terms of Trade)

ਕੁੱਲ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਦੀ ਧਾਰਨਾ ਦੀ ਵਿਆਖਿਆ ਪ੍ਰੋ.ਐਫ. ਡਬਲਿਊ, ਟਾਜ਼ਿਗ ਨੇ ਕੀਤੀ। ਟਾਜ਼ਿਗ ਅਨੁਸਾਰ, ਇਕ ਨਿਸ਼ਚਿਤ ਸਮੇਂ ਵਿੱਚ ਕਿਸੇ ਪਹਿਲੇ ਸਮੇਂ ਦੇ ਮੁਕਾਬਲੇ ਆਯਾਤ ਅਤੇ ਨਿਰਯਾਤ ਦੀਆਂ ਮਾਤਰਾਵਾਂ ਦੇ ਅਨੁਪਾਤ ਨੂੰ ਕੁੱਲ ਵਸਤੂ ਵਟਾਂਦਰਾ ਵਪਾਰ ਸ਼ਰਤਾਂ ਕਿਹਾ ਜਾਂਦਾ ਹੈ। (Gross Barter Terms of Trade refers to the ratio between the quantity of imports and exports at a given period to an early period-Taussig).

ਇਸ ਧਾਰਨਾ ਅਨੁਸਾਰ ਅਸੀਂ ਇਹ ਵੇਖਦੇ ਹਾਂ ਕਿ ਇੱਕ ਦੇਸ਼, ਇੱਕ ਨਿਸ਼ਚਿਤ ਸਮੇਂ ਵਿੱਚ ਦੂਜੇ ਦੇਸ਼ ਨੂੰ ਕਿੰਨੀਆਂ ਵਸਤਾਂ ਅਤੇ ਸੇਵਾਵਾਂ ਦਾ ਨਿਰਯਾਤ ਕਰਦਾ ਹੈ ਅਤੇ ਦੂਜੇ ਦੇਸ਼ ਤੋਂ ਕਿੰਨੀਆਂ ਵਸਤਾਂ ਅਤੇ ਸੇਵਾਵਾਂ ਦਾ ਆਯਾਤ ਕਰਦਾ ਹੈ। ਸਮੀਕਰਣ ਦੇ ਰੂਪ

$$TGB = \frac{QX}{QM} \times 100$$

ਜੇਕਰ ਵੱਖ-ਵੱਖ ਸਮੇਂ ਵਿੱਚ ਕੀਤੇ ਜਾਣ ਵਾਲੇ ਵਪਾਰ ਦੀ ਤੁਲਨਾ ਕਰਨੀ ਹੋਵੇ ਤਾਂ ਹੇਠ ਲਿਖੀ ਸਮੀਰਕਣ ਦੀ ਵਰਤੋਂ ਕਰਨੀ ਚਾਹੀਦੀ ਹੈ।

$$TGB = \frac{QX_1}{QM_1} \times \frac{QM_0}{QX_0}$$

ਇਥੇ

TGB = ਕੁੱਲ ਵਟਾਂਦਰਾ ਵਪਾਰ ਦੀ ਸ਼ਰਤਾਂ

$QX_1$ = ਚਾਲੂ ਸਾਲ ਵਿੱਚ ਨਿਰਯਾਤ ਦੀ ਮਾਤਰਾ ਦਾ ਸੂਚਕ

$QM_1$ = ਚਾਲੂ ਸਾਲ ਵਿੱਚ ਆਯਾਤ ਦੀ ਮਾਤਰਾ ਦਾ ਸੂਚਕ

$QX_0$ = ਆਧਾਰ ਸਾਲ ਵਿੱਚ ਨਿਰਯਾਤ ਦੀ ਮਾਤਰਾ ਦਾ ਸੂਚਕ

$QM_0$ = ਆਧਾਰ ਸਾਲ ਵਿੱਚ ਆਯਾਤ ਦੀ ਮਾਤਰਾ ਦਾ ਸੂਚਕ

ਉਦਾਹਰਣ ਦੇ ਤੌਰ ਤੇ ਜਦੋਂ ਅਸੀਂ 1975 ਨੂੰ ਆਧਾਰ ਦਾ ਸਾਲ ਮੰਨ ਕੇ ਲੈਂਦੇ ਹਾਂ ਤਾਂ ਨਿਰਯਾਤ ਦਾ ਸੂਚਕ ਅੰਕ 180 ਹੈ ਅਤੇ ਆਯਾਤ ਦਾ ਸੂਚਕ ਅੰਕ 150 ਹੈ ਤਾਂ ਅਸੀਂ ਕੁੱਲ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਨੂੰ ਹੇਠ ਲਿਖੇ ਅਨੁਸਾਰ ਵੇਖਾਂਗੇ।

$$TGB = \frac{QX_1}{QM_1} \times 100$$

$$= \frac{180}{150} \times 100 = 200$$

ਇਸ ਤੋਂ ਭਾਵ ਹੈ ਕਿ ਦੇਸ਼ ਵਿੱਚ ਨਿਰਯਾਤ ਦਾ ਵਾਧਾ 120 ਪ੍ਰਤੀਸ਼ਤ ਹੋ ਗਿਆ ਹੈ ਤਾਂ ਇਸ ਨਾਲ ਦੇਸ਼ ਨੂੰ ਲਾਭ ਹੋਇਆ ਹੈ। ਇਸ ਦੇ ਉਲਟ ਜੇਕਰ ਸਾਡੇ ਕੋਲ 100 ਤੋਂ ਘੱਟ ਬਾਕੀ ਬਚਦਾ ਹੈ ਤਾਂ ਅਸੀਂ ਸਿੱਟੇ ਤੇ ਪਹੁੰਚਦੇ ਹਾਂ ਕਿ ਦੇਸ਼ ਨੂੰ ਨੁਕਸਾਨ ਹੁੰਦਾ ਹੈ।

**ਆਲੋਚਨਾ:** ਕੁੱਲ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਦੀ ਧਾਰਨਾ ਦੀ ਆਲੋਚਨਾ ਕਰਦੇ ਹੋਏ ਪ੍ਰੋ. ਕਿੰਡਲਬਰਜ਼ਰ ਨੇ ਕਿਹਾ ਕਿ ਇਸ ਧਾਰਨਾ ਵਿੱਚ ਘੱਟ ਸੂਚਨਾ ਪ੍ਰਾਪਤ ਹੁੰਦੀ ਹੈ ਕਿਉਂਕਿ ਇਸ ਵਿੱਚ ਕੀਮਤਾਂ ਵਿੱਚ ਤਬਦੀਲੀ, ਭੁਗਤਾਨ ਬਾਕੀ ਵਿੱਚ ਤਬਦੀਲੀ ਅਤੇ ਪੂੰਜੀ ਵਿੱਚ ਤਬਦੀਲੀ ਦਾ ਵਰਨਣ ਨਹੀਂ ਹੁੰਦਾ। ਇਸ ਤੋਂ ਇਲਾਵਾ, ਇਸ ਧਾਰਣਾ ਦੀ ਆਲੋਚਨਾ ਹੇਠ ਲਿਖੇ ਅਨੁਸਾਰ ਕੀਤੀ ਜਾ ਸਕਦੀ ਹੈ:

1. ਕੁੱਲ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਲਾਗੂ ਹੋਣ ਲਈ ਜ਼ਰੂਰੀ ਹੈ ਕਿ ਦੇਸ਼ ਦਾ ਭੁਗਤਾਨ ਬਾਕੀ ਸੰਤੁਲਿਤ ਸਥਿਤੀ ਵਿੱਚ ਹੋਵੇ ਪਰੰਤੂ ਆਮ ਤੌਰ ਤੇ ਇਹ ਮਾਨਤਾ ਪੂਰੀ ਨਹੀਂ ਹੁੰਦੀ।
2. ਵਪਾਰ ਦੀਆਂ ਇਹ ਸ਼ਰਤਾਂ ਵਸਤੂਆਂ ਦੇ ਗੁਣਾਤਮਕ ਪਰਿਵਰਤਨ ਦਾ ਅੰਤਰ-ਰਾਸ਼ਟਰੀ ਵਪਾਰ ਤੇ ਪੈਣ ਵਾਲੇ ਪ੍ਰਭਾਵ ਨੂੰ ਅੱਖੋਂ ਉਹਲੇਕਰਦੀਆਂ ਹਨ।
3. ਕੁੱਲ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਕਿਸੇ ਦੇਸ਼ ਦੀ ਉਤਪਾਦਨ ਸਮਰਥਾ ਵਿੱਚ ਪਰਿਵਰਤਨ ਦਾ ਉਸ ਦੇਸ਼ ਦੇ ਆਯਾਤ ਅਤੇ ਨਿਰਯਾਤ ਉਪਰ ਪੈਣ ਵਾਲੇ ਪ੍ਰਭਾਵਾਂ ਨੂੰ ਅਣਗੌਲਿਆ ਕਰਦੀਆਂ ਹਨ।
4. ਵਪਾਰ ਸ਼ਰਤਾਂ ਦੀ ਇਹ ਧਾਰਨਾ ਪੂੰਜੀ ਦੇ ਭੁਗਤਾਨ ਅਤੇ ਉਸ ਦੇ ਹੋਣ ਵਾਲੇ ਪ੍ਰਭਾਵ ਦੀ ਵਿਆਖਿਆ ਨਹੀ ਕਰਦੀ।

### 1.8.2.3 ਇਕ ਤਰਫਾ ਅਤੇ ਦੋ ਤਰਫਾ ਵਪਾਰ ਦੀਆਂ ਸ਼ਰਤਾਂ (Single Factoral and Double Factoral Terms of Trade)

ਵਟਾਂਦਰਾ ਵਪਾਰ ਦੀਆਂ ਸ਼ਰਤਾਂ ਦੀਆਂ ਕਮੀਆਂ ਨੂੰ ਮੁੱਖ ਰਖਦੇ ਹੋਏ ਪ੍ਰੋ. ਜੈਕੋਬ ਵਾਈਨਰ ਨੇ ਇਕ ਤਰਫਾ ਅਤੇ ਦੋ ਤਰਫਾ ਵਪਾਰ ਦੀਆਂ ਸ਼ਰਤਾਂ ਦੀ ਧਾਰਨਾ ਦੀ ਦੇਣ ਦਿੱਤੀ ਹੈ। ਉਨ੍ਹਾਂ ਅਨੁਸਾਰ, ਇਕ ਤਰਫਾ ਸ਼ਰਤਾਂ ਤੋਂ ਭਾਵ ਆਯਾਤ ਅਤੇ ਨਿਰਯਾਤ ਦੀਆਂ ਕੀਮਤਾਂ ਦੇ ਸੰਬੰਧ ਤੋਂ ਹੈ ਜਿਨ੍ਹਾਂ ਨੂੰ ਦੇਸ਼ ਦੇ ਉਤਪਾਦਨ ਸਾਧਨ ਦੀ ਉਤਪਾਦਕਤਾ ਅਨੁਸਾਰ ਢਾਲਿਆ ਗਿਆ ਹੈ। ਦੂਜੇ ਸ਼ਬਦਾਂ ਵਿੱਚ ਜੈਕੋਬ ਵਾਈਨਰ ਨੇ ਇਸ ਧਾਰਨਾ ਦੀ ਵਿਆਖਿਆ ਕਰਦੇ ਹੋਏ ਕਿਹਾ ਹੈ ਕਿ ਆਯਾਤ ਅਤੇ ਨਿਰਯਾਤ ਦੀਆਂ ਕੀਮਤਾਂ ਦੇ ਸੂਚਕ ਅੰਕ ਦਾ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਵਿੱਚ ਵਰਤੇ ਜਾਣ ਵਾਲੇ ਸਾਧਨਾਂ ਦੀ ਉਤਪਾਦਕਤਾ ਸੂਚਕ ਅੰਕ ਨਾਲ ਗੁਣਾਂ ਕੀਤਾ ਜਾਵੇ ਤਾਂ ਇੱਕ ਤਰਫਾ ਵਪਾਰ ਸ਼ਰਤਾਂ ਬਾਰੇ ਜਾਣਕਾਰੀ ਹਾਸਿਲ ਹੁੰਦੀ ਹੈ।

ਸਮੀਕਰਣ ਰੂਪ ਵਿੱਚ

$$TS = \frac{PX}{PM} \times FX$$

ਇਥੇ

TS = ਇਕ ਤਰਫਾ ਵਪਾਰ ਸ਼ਰਤਾਂ

PX = ਨਿਰਯਾਤ ਕੀਮਤ ਸੂਚਕ ਅੰਕ,

PM = ਆਯਾਤ ਕੀਮਤ ਸੂਚਕਾਂਕ

FX = ਨਿਰਯਾਤ ਵਸਤਾਂ ਦੀ ਉਤਪਾਦਕਤਾ ਦਾ ਸੂਚਕ ਅੰਕ

ਉਦਾਹਰਣ ਦੇ ਤੌਰ ਤੇ ਅਸੀਂ ਵੇਖ ਸਕਦੇ ਹਾਂ ਕਿ ਜੇਕਰ ਕਿਸੇ ਦੇਸ਼ ਦੀਆਂ ਨਿਰਯਾਤ ਕੀਮਤਾਂ 30 ਪ੍ਰਤੀਸ਼ਤ ਘੱਟ ਗਈਆਂ ਹੋਣ ਅਤੇ ਨਿਰਯਾਤ ਵਸਤੂ ਦੀ ਲਾਗਤ 50 ਪ੍ਰਤੀਸ਼ਤ ਘੱਟ ਗਈ ਹੈ ਤਾਂ ਅਸੀਂ ਉਸ ਦੇਸ਼ ਦੇ ਵਪਾਰ ਉਪਰ ਹੋਣ ਵਾਲੇ ਅਸਰ ਨੂੰ ਹੇਠਾਂ ਲਿਖੇ ਅਨੁਸਾਰ ਦੇਖ ਸਕਦੇ ਹਾਂ:

$$TS = \frac{70}{100} \times 150 = 105$$

ਭਾਵ ਕਿ ਦੇਸ਼ ਦੇ ਵਪਾਰ ਵਿੱਚ 5 ਪ੍ਰਤੀਸ਼ਤ ਵਾਧਾ ਹੋ ਗਿਆ ਹੈ।

ਦੋ ਤਰਫਾ ਵਪਾਰ ਸ਼ਰਤਾਂ ਤੋਂ ਭਾਵ ਅਜਿਹੀਆਂ ਸ਼ਰਤਾਂ ਹਨ ਜਿਹੜੀਆਂ ਨਿਰਯਾਤ ਉਦਯੋਗ ਦੇ ਉਤਪਾਦਿਕਤਾ ਸੂਚਕ ਅੰਕ ਦੇ ਨਾਲ-ਨਾਲ ਆਯਾਤ ਉਦਯੋਗ ਦੇ ਉਤਪਾਦਿਕਤਾ ਸੂਚਕ ਅੰਕ ਤੇ ਵੀ ਆਧਾਰਿਤ ਹਨ। ਇਸ ਧਾਰਨਾ ਦੇ ਅਨੁਸਾਰ, ਵਪਾਰ ਦੀਆਂ ਸ਼ਰਤਾਂ ਦਾ ਅਨੁਮਾਨ ਲਗਾਉਣ ਲਈ ਦੇਸ਼ ਦੇ ਨਿਰਯਾਤ ਨੂੰ ਉਤਪਾਦਿਤ ਕਰਨ ਵਾਲੇ ਸਾਧਨਾਂ ਦੇ ਨਾਲ-ਨਾਲ ਜਿਸ ਦੇਸ਼ ਤੇ ਆਯਾਤ ਕੀਤੇ ਜਾਂਦੇ ਹਨ, ਉਸ ਦੇਸ਼ ਵਿੱਚ ਉਤਪਾਦਨ ਕਰਨ ਵਾਲੇ ਸਾਧਨਾਂ ਦੀ ਉਤਪਾਦਕਤਾ ਨੂੰ ਵੀ ਧਿਆਨ ਵਿੱਚ ਰਖਿਆ ਜਾਂਦਾ ਹੈ।

ਸਮੀਕਰਣ ਰੂਪ ਵਿੱਚ

$$TS = \frac{PX}{PM} \times \frac{FX}{FM}$$

ਇਥੇ

TD = ਦੋ ਤਰਫਾ ਵਪਾਰ ਸ਼ਰਤਾਂ

FM = ਆਯਾਤ ਵਸਤੂਆਂ ਦੀ ਉਤਪਾਦਕਤਾ ਦਾ ਸੂਚਕ ਅੰਕ

ਇਸ ਧਾਰਨਾ ਨੂੰ ਇਕ ਤਰਫਾ ਵਪਾਰ ਦੀਆਂ ਸ਼ਰਤਾਂ ਨਾਲੋਂ ਵਧੀਆ ਮੰਨਿਆ ਗਿਆ ਹੈ। ਕਿਉਂਕਿ ਇਸ ਧਾਰਨਾਂ ਵਿੱਚ ਦੋਹਾਂ ਦੇਸ਼ਾਂ ਦੀ ਉਤਪਾਦਕਤਾ ਵਿੱਚ ਆਉਣ ਵਾਲੀਆਂ ਤਬਦੀਲੀਆਂ ਦਾ ਜੋ ਪ੍ਰਭਾਵ ਪੈਂਦਾ ਹੈ, ਉਸ ਸੰਬੰਧੀ ਜਾਣਕਾਰੀ ਮਿਲਦੀ ਹੈ।

ਅਸਲ ਵਿੱਚ ਇਸ ਧਾਰਨਾਂ ਵਿੱਚ ਕੁਝ ਤਰੁੱਟੀਆਂ ਹਨ। ਇਸ ਧਾਰਨਾ ਅਨੁਸਾਰ ਆਯਾਤ ਵਸਤੂਆਂ ਦੇ ਉਤਪਾਦਕਤਾ ਸੂਚਕ ਅੰਕ ਦਾ ਪਤਾ ਲਗਾਉਣਾ ਵਾਸਤਵ ਵਿੱਚ ਅਸੰਭਵ ਹੈ।

**ਸਵੈ ਅਭਿਆਸ ਪ੍ਰਸ਼ਨ**

3. ਕੁੱਲ ਵਟਾਂਦਰਾ ਵਪਾਰ ਦੀਆਂ ਕੀ ਸ਼ਰਤਾਂ ਹਨ?
4. ਇੱਕ ਤਰਫਾ ਤੇ ਦੋ ਤਰਫਾ ਵਟਾਂਦਰਾ ਵਪਾਰ ਦੀਆਂ ਦੀ ਸ਼ਰਤਾ ਹਨ?

### 1.8.3 ਵਪਾਰ ਦੀਆਂ ਸ਼ਰਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ (Factors affecting terms of trade)

ਹਰ ਇੱਕ ਦੇਸ਼ ਦੀਆਂ ਵਪਾਰ ਸ਼ਰਤਾਂ ਨੂੰ ਬਹੁਤ ਸਾਰੇ ਤੱਤ ਪ੍ਰਭਾਵਿਤ ਕਰਦੇ ਹਨ। ਦੇਸ਼ ਵਿੱਚ ਮੰਗ ਦੀ ਲਚਕ, ਦੇਸ਼ ਦੀ ਜਨਸੰਖਿਆ, ਵਸਤੂਆਂ ਦੀ ਕੀਮਤ, ਆਯਾਤ ਅਤੇ ਨਿਰਯਾਤ ਦੀ ਮੰਗ ਅਤੇ ਰਾਜਨੀਤਿਕ ਹਾਲਤਾਂ ਦਾ ਵਪਾਰ ਦੀਆਂ ਸ਼ਰਤਾਂ ਤੇ ਬਹੁਤ ਅਸਰ ਹੁੰਦਾ ਹੈ। ਇਸ ਤੋਂ ਇਲਾਵਾ ਵਪਾਰ ਦੀਆਂ ਸ਼ਰਤਾਂ ਨੂੰ ਹੇਠ ਲਿਖੇ ਤੱਤ ਬਹੁਤ ਪ੍ਰਭਾਵਿਤ ਕਰਦੇ ਹਨ।

1. **ਆਯਾਤ ਅਤੇ ਨਿਰਯਾਤ ਦੀ ਮੰਗ (Demand of Export and Import)**: ਪ੍ਰੋ. ਜੇ.ਐਸ. ਮਿੱਲ ਅਨੁਸਾਰ ਵਪਾਰ ਦੀਆਂ ਸ਼ਰਤਾਂ ਆਯਾਤ ਅਤੇ ਨਿਰਯਾਤ ਦੀ ਮੰਗ ਤੇ ਨਿਰਭਰ ਕਰਦੀਆਂ ਹਨ। ਉਨ੍ਹਾਂ ਅਨੁਸਾਰ ਆਯਾਤ ਅਤੇ ਨਿਰਯਾਤ ਦੀ ਮੰਗ ਲਚਕ ਅਤੇ ਪੂਰਤੀ ਲਚਕ ਵਪਾਰ ਦੀਆਂ ਸ਼ਰਤਾਂ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ। ਬਾਕੀ ਗੱਲਾਂ ਸਮਾਨ ਰਹਿਣ ਤੇ ਜੇਕਰ ਆਯਾਤ ਦੀ ਮੰਗ ਲਚਕ ਜ਼ਿਆਦਾ ਹੋਵੇ ਤਾਂ ਵਪਾਰ ਦੀਆਂ ਸ਼ਰਤਾਂ ਅਨੁਕੂਲ ਹੁੰਦੀਆਂ ਹਨ। ਇਸ ਦੇ ਉਲਟ ਜੇਕਰ ਨਿਰਯਾਤ ਦੀ ਮੰਗ ਲਚਕ ਜ਼ਿਆਦਾ ਹੋਵੇ ਤਾਂ ਵਪਾਰ ਦੀਆਂ ਸ਼ਰਤਾਂ ਪ੍ਰਤੀਕੂਲ ਹੁੰਦੀਆਂ ਹਨ। ਇਸੇ ਤਰ੍ਹਾਂ ਆਯਾਤ ਅਤੇ ਨਿਰਯਾਤ ਦੀ ਪੂਰਤੀ ਲਚਕ ਵੀ ਵਪਾਰ ਸ਼ਰਤਾਂ ਨੂੰ ਪ੍ਰਭਾਵਿਤ ਕਰਦੀ ਹੈ।

2. **ਆਰਥਿਕ ਵਿਕਾਸ (Economic Development):** ਕਿਸੇ ਦੇਸ਼ ਦਾ ਆਰਥਿਕ ਵਿਕਾਸ ਉਥੇ ਦੀਆਂ ਵਪਾਰ ਦੀਆਂ ਸ਼ਰਤਾਂ ਤੇ ਬਹੁਤ ਜ਼ਿਆਦਾ ਅਸਰ ਪਾਉਂਦਾ ਹੈ। ਜਿਸ ਦੇਸ਼ ਦਾ ਆਰਥਿਕ ਵਿਕਾਸ ਜ਼ਿਆਦਾ ਹੋਵੇਗਾ,

ਉਥੇ ਤਕਨੀਕੀ ਵਿਕਾਸ ਜ਼ਿਆਦਾ ਹੋਣ ਕਰਕੇ ਵਸਤੂਆਂ ਵਧੀਆ ਕਿਸਮ ਦੀਆਂ ਅਤੇ ਸਸਤੀਆਂ ਬਣਦੀਆਂ ਹਨ। ਇਸ ਲਈ ਸੁਭਾਵਿਕ ਹੈ ਕਿ ਵਪਾਰ ਦੀਆਂ ਸ਼ਰਤਾਂ ਵੀ ਉਸ ਦੇਸ਼ ਦੇ ਪੱਖ ਵਿੱਚ ਹੋਣਗੀਆਂ।

3. **ਉਪਭੋਗੀਆਂ ਦੀ ਰੁਚੀ (Consumer Tastes):-** ਜੇ ਕਿਸੇ ਦੇਸ਼ ਦੁਆਰਾ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੀ ਮੰਗ ਵੱਧ ਜਾਵੇ ਅਤੇ ਬਾਕੀ ਹਾਲਤਾਂ ਸਮਾਨ ਰਹਿਣ ਤਾਂ ਉਸ ਦੇਸ਼ ਦੀਆਂ ਵਪਾਰ ਸ਼ਰਤਾਂ ਉਸ ਦੇਸ਼ ਦੇ ਪੱਖ ਵਿੱਚ ਹੋਣਗੀਆਂ। ਇਸ ਦੇ ਉਲਟ ਜੇਕਰ ਆਯਾਤ ਦੀ ਮੰਗ ਵੱਧ ਜਾਵੇ ਤਾਂ ਵਪਾਰ ਦੀਆਂ ਸ਼ਰਤਾਂ ਪ੍ਰਤੀਕੂਲ ਵਿੱਚ ਹੋਣਗੀਆਂ।

4. **ਪ੍ਰਤੀਸਥਾਪਨ ਵਸਤੂਆਂ ਦਾ ਹੋਣਾ (Existence of Substitutes)**: ਜੇਕਰ ਕਿਸੇ ਦੇਸ਼ ਵਿੱਚ ਆਯਾਤ ਵਸਤੂਆਂ ਦੇ ਪ੍ਰਤੀਸਥਾਪਨ ਵਸਤੂਆਂ ਮਿਲਦੀਆਂ ਹੋਣ ਤਾਂ ਉਨ੍ਹਾਂ ਵਸਤੂਆਂ ਦੇ ਆਯਾਤ ਘੱਟ ਜਾਣਗੇ। ਇਸ ਦੇ ਉਲਟ ਜੇ ਆਯਾਤ ਵਸਤੂਆਂ ਦੇ ਪ੍ਰਤੀਸਥਾਪਨ ਨਾ ਮਿਲਦੇ ਹੋਣ ਤਾਂ ਵਪਾਰ ਦੀਆਂ ਸ਼ਰਤਾਂ ਪ੍ਰਤੀਕੂਲ ਹੁੰਦੀਆਂ ਹਨ ਕਿਉਂਕਿ ਇਹ ਵਸਤੂਆਂ ਉਸ ਦੇਸ਼ ਨੂੰ ਲਾਜ਼ਮੀ ਆਯਾਤ ਕਰਨੀਆਂ ਪੈਂਦੀਆਂ ਹਨ।

5. **ਅਵਮੂਲਨ (Devaluation)**: ਜੇਕਰ ਕਿਸੇ ਦੇਸ਼ ਦੀ ਸਰਕਾਰ ਆਪਣੀ ਮੁਦਰਾ ਦਾ ਅਵਮੂਲਨ ਕਰ ਦੇਵੇ ਤਾਂ ਇਸ ਦਾ ਵਪਾਰ ਦੀਆਂ ਸ਼ਰਤਾਂ ਤੇ ਅਸਰ ਪੈਂਦਾ ਹੈ। ਜੇਕਰ ਅਵਮੂਲਨ ਕਰਨ ਤੇ ਨਿਰਯਾਤ ਦੇ ਮੁੱਲ ਵਿੱਚ ਵਾਧਾ ਹੋ ਜਾਵੇ ਤਾਂ ਵਪਾਰ ਦੀਆਂ ਸ਼ਰਤਾਂ ਅਨੁਕੂਲ ਹੋ ਜਾਣਗੀਆਂ। ਇਸ ਦੇ ਉਲਟ ਜੇਕਰ ਨਿਰਯਾਤ ਦੇ ਮੁੱਲ ਵਿੱਚ ਕਮੀ ਹੋ ਜਾਵੇ ਤਾਂ ਵਪਾਰ ਦੀਆਂ ਸ਼ਰਤਾਂ ਪ੍ਰਤੀਕੂਲ ਹੋ ਜਾਣਗੀਆਂ।

6. **ਸਰਕਾਰ ਦੀ ਵਪਾਰਕ ਨੀਤੀ (Commercial Policy of Govt.)**: ਜੇਕਰ ਕਿਸੇ ਦੇਸ਼ ਦੀ ਸਰਕਾਰ ਉਥੋਂ ਦੇ ਆਯਾਤ ਅਤੇ ਨਿਰਯਾਤ ਉੱਤੇ ਟੈਰਿਫ (ਉਗਰਾਹੀ) ਅਤੇ ਹੋਰ ਬੰਧਨ ਨਹੀਂ ਲਗਾਉਂਦੀ ਤਾਂ ਉਸ ਦੇਸ਼ ਦੀਆਂ ਵਪਾਰ ਸ਼ਰਤਾਂ ਅਨੁਕੂਲ ਹੁੰਦੀਆਂ ਹਨ। ਇਸ ਦੇ ਉਲਟ ਜੇਕਰ ਸਰਕਾਰ ਦੀ ਵਪਾਰਕ ਨੀਤੀ ਇਸ ਤਰ੍ਹਾਂ ਦੀ ਹੋਵੇ ਜਿਸ ਵਿੱਚ ਕਰਾਂ ਤੋਂ ਇਲਾਵਾ ਬੰਧਨ ਵੀ ਆਯਾਤ ਅਤੇ ਨਿਰਯਾਤ ਉਪਰ ਲਗਾਏ ਜਾਣ ਤਾਂ ਉਸ ਦੇਸ਼ ਦੀਆਂ ਵਪਾਰ ਸ਼ਰਤਾਂ ਪ੍ਰਤੀਕੂਲ ਹੁੰਦੀਆਂ ਹਨ।

**ਸਵੈ ਅਭਿਆਸ ਪ੍ਰਸ਼ਨ**

5. ਵਪਾਰ ਦੀਆਂ ਸ਼ਰਤਾਂ ਆਰਥਿਕ ਵਿਕਾਸ ਨਾਲ ਕਿਵੇਂ ਪ੍ਰਭਾਵਿਤ ਹੁੰਦੀਆਂ ਹਨ?
6. ਵਪਾਰ ਦੀਆਂ ਸ਼ਰਤਾ ਅਵਮੁਲਨ ਨਾਲ ਕਿਵੇਂ ਪ੍ਰਭਾਵਿਤ ਹੁੰਦੀਆਂ ਹਨ?

## 1.8.4 ਸਾਰਾਂਸ਼

ਅੰਤਰ-ਰਾਸ਼ਟਰੀ ਵਪਾਰ ਦੀਆਂ ਸ਼ਰਤਾਂ ਤੋਂ ਭਾਵ ਉਸ ਦਰ ਤੋਂ ਹੈ ਜਿਸ ਦਰ ਤੇ ਇਕ ਦੇਸ਼ ਦੀਆਂ ਵਸਤੂਆਂ ਦਾ ਵਟਾਂਦਰਾ ਦੂਜੇ ਦੇਸ਼ ਦੀਆਂ ਵਸਤੂਆਂ ਨਾਲ ਹੁੰਦਾ ਹੈ। ਦੂਜੇ ਦੇਸ਼ਾਂ ਵਿੱਚ ਵਪਾਰ ਸ਼ਰਤਾਂ ਇਕ ਦੇਸ਼ ਦੇ ਆਯਾਤ ਅਤੇ ਨਿਰਯਾਤ ਦੀਆਂ ਕੀਮਤਾਂ ਦੇ ਸੰਬੰਧ ਤੇ ਨਿਰਭਰ ਕਰਦੀਆਂ ਹਨ। ਅੰਤਰ-ਰਾਸ਼ਟਰੀ ਵਪਾਰ ਵਿੱਚ ਇੱਕ ਦੇਸ਼, ਦੂਜੇ ਦੇਸ਼ ਨੂੰ ਵਸਤਾਂ ਦਾ ਆਯਾਤ ਅਤੇ ਨਿਰਯਾਤ ਕਰਦਾ ਹੈ। ਵਸਤਾਂ ਦੇ ਰੂਪ ਵਿੱਚ ਵਪਾਰ ਦੀਆਂ ਸ਼ਰਤਾਂ ਨਿਰਧਾਰਤ ਕਰਨਾ ਬਹੁਤ ਔਖਾ ਹੈ। ਇਸ ਕਰਕੇ ਅਸੀਂ ਆਯਾਤ ਅਤੇ ਨਿਰਯਾਤ ਵਸਤਾਂ ਦਾ ਕੀਮਤ ਸੂਚਕ ਅੰਕ ਲੈਂਦੇ ਹਾਂ। ਇਸ ਪ੍ਰਕਾਰ ਦੋਹਾਂ ਵਸਤੂਆਂ ਦੇ ਕੀਮਤ ਸੂਚਕ ਅੰਕ ਦੇ ਅਨੁਪਾਤ ਮੁਤਾਬਿਕ ਅਸੀਂ ਵਪਾਰ ਦੀਆਂ ਸ਼ਰਤਾਂ ਨਿਰਧਾਰਤ ਕਰ ਲੈਂਦੇ ਹਾਂ। ਪ੍ਰਸਿੱਧ ਅਰਥ ਸ਼ਾਸਤਰੀ ਡੇਵਿਡ ਰਿਕਾਰਡੋ ਦੁਆਰਾ ਦਿੱਤੇ ਗਏ ਤੁਲਨਾਤਮਕ ਲਾਗਤ ਸਿਧਾਂਤ ਵਿੱਚ ਅੰਤਰ-ਰਾਸ਼ਟਰੀ ਵਪਾਰ ਦੇ ਕਾਰਨਾਂ ਅਤੇ ਲਾਭਾਂ ਦਾ ਜ਼ਿਕਰ ਕੀਤਾ ਹੈ। ਪਰੰਤੂ ਉਨ੍ਹਾਂ ਨੇ ਵਪਾਰ ਦੀਆਂ ਸ਼ਰਤਾਂ ਅਤੇ ਲਾਭ ਦੀ ਵੰਡ ਬਾਰੇ ਕੋਈ ਵਿਆਖਿਆ ਨਹੀਂ ਕੀਤੀ। ਰਿਕਾਰਡੋ ਦੇ ਸਿਧਾਂਤ ਵਿੱਚ ਸੋਧ ਕਰਕੇ ਜੇ.ਐਸ.ਮਿੱਲ ਨੇ ਆਪਸੀ ਮੰਗ ਦੇ ਸਿਧਾਂਤ (Principle of Reciprocal Demand) ਦੀ ਵਿਆਖਿਆ ਕੀਤੀ। ਉਨ੍ਹਾਂ ਅਨੁਸਾਰ ਵਪਾਰ ਸਿਰਫ਼ ਲਾਗਤ ਵਿੱਚ ਭਿੰਨਤਾ ਕਾਰਨ ਹੀ ਨਹੀਂ ਹੁੰਦਾ ਸਗੋਂ ਵੱਖ-ਵੱਖ ਵਸਤੂਆਂ ਦੀ ਮੰਗ ਦੀ ਲਚਕ ਵੀ ਵਪਾਰ ਨੂੰ ਪ੍ਰਭਾਵਿਤ ਕਰਦੀ ਹੈ। ਮੰਗ ਦੀ ਲਚਕ ਤੋਂ ਭਾਵ ਇਕ ਦੇਸ਼ ਦੀ ਦੂਜੇ ਦੇਸ਼ ਤੋਂ ਆਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਅਤੇ ਦੂਜੇ ਦੇਸ਼ਾਂ ਨੂੰ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੀ ਮੰਗ ਤੋਂ ਹੈ।

## 1.8.5 ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਵਪਾਰ ਦੀਆਂ ਸ਼ਰਤਾਂ ਤੇ ਨੋਟ ਲਿਖੋ।
2. ਆਪਸੀ ਮੰਗ ਦੀ ਧਾਰਨਾ ਦੀ ਵਿਆਖਿਆ ਕਰੋ।
3. ਵਪਾਰ ਦੀ ਸ਼ਰਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦੀ ਵਿਆਖਿਆ ਕਰੋ।

**1.8.6 ਵੱਡੇ ਉੱਤਰਾਂ ਵਾਲੇ ਪ੍ਰਸ਼ਨ**

1. ਇੱਕ ਤਰਫਾ ਤੇ ਦੋ ਤਰਫਾ ਵਟਾਂਦਰਾ ਵਪਾਰ ਦੀਆਂ ਕੀ ਸ਼ਰਤਾਂ ਹਨ?
2. ਆਪਸੀ ਮੰਗ ਦੇ ਸਿਧਾਂਤ ਦੀ ਆਲੋਚਨਾਤਮਕ ਵਿਆਖਿਆ ਕਰੋ।

**1.8.7 ਪੜ੍ਹਨਯੋਗ ਪੁਸਤਕਾਂ**

International Economics B. O. Soderstan
International Economics D. Salvatore
International Economics Sadama Singh & Vaish
ਅੰਤਰਰਾਸ਼ਟਰੀ ਵਪਾਰ Ranjit Singh Ghuman

**ਪਾਠ ਨੰਬਰ : 1.9**

## ਦੀਰਘਕਾਲੀ ਹ੍ਰਾਸ ਉਪਕਲਪਨਾ: ਵਪਾਰ ਦੀਆਂ ਸ਼ਰਤਾਂ ਅਤੇ ਆਰਥਕ ਵਿਕਾਸ


1. ਭੂਮਿਕਾ
2. ਪਾਠ ਦੇ ਉਦੇਸ਼
3. ਪ੍ਰੇਬਿਸ਼ ਸਿੰਗਰ ਸਿਧਾਂਤ
4. ਆਲੋਚਨਾਵਾਂ
5. ਵਪਾਰ ਦੀਆਂ ਸ਼ਰਤਾਂ ਚ ਹ੍ਰਾਸ ਦੇ ਗਲਤ ਪ੍ਰਭਾਵ
6. ਸਿੱਟਾ
7. ਛੋਟੇ ਉਤਰਾਂ ਵਾਲੇ ਪ੍ਰਸ਼ਨਾਂ
8. ਵੱਡੇ ਉਤਰਾਂ ਵਾਲੇ ਪ੍ਰਸ਼ਨਾਂ
9. ਪ੍ਰਸਤਾਵਿਤ ਪੁਸਤਕਾਂ


### 1. ਭੂਮਿਕਾ

ਮਿੰਤ, ਨਰਕਸੇ, ਪ੍ਰੇਬਿਸ, ਸਿੰਗਰ, ਲੁਈਸ ਅਤੇ ਮਿਰਡਲ ਜਿਹੇ ਅਰਥਸ਼ਾਸ਼ਤ੍ਰੀਆਂ ਦੀ ਧਾਰਨਾ ਹੈ ਕਿ ਵਿਸ਼ਵ ਅਰਥਵਿਵਸਥਾ 'ਚ ਕੁਝ ਅਸੰਤੁਲਕਾਰੀ ਸ਼ਕਤੀਆਂ ਦੇ ਕਾਰਜਸ਼ੀਲ ਰਹਿਣ ਦੇ ਫਲਸਰੂਪ ਵਪਾਰਦੇ ਫਾਇਦੇ ਮੁੱਖ ਤੌਰ ਤੇ ਵਿਕਸਤ ਦੇਸ਼ਾਂ ਨੂੰ ਹਾਸਲ ਹੋਏ ਹਨ ਅਤੇ ਵਿਦੇਸ਼ੀ ਮੁਦ੍ਰਾ ਤੇ ਨਿਯੰਤ੍ਰਣ ਕਰਨ ਦਾ ਕਾਰਨ ਬਣੇ ਹਨ। ਅਸੀ ਮੁੱਖ ਤੌਰ ਤੇ ਪ੍ਰੇਬਿਸ਼-ਸਿੰਗਰ ਸਿਧਾਂਤ ਤੇ ਵਿਚਾਰ ਕਰਾਂਗੇ।

### 2. ਪਾਠ ਦੇ ਉਦੇਸ਼

ਇਸ ਪਾਠ ਵਿਚ ਅਸੀਂ ਪ੍ਰੇਬਿਸ਼-ਸਿੰਗਰ ਸਿਧਾਂਤ ਦੀਆਂ ਮਾਨਤਾਵਾਂ, ਵਿਆਖਿਆ, ਆਲੋਚਨਾਵਾਂ ਅਤੇ ਦੀਰਘਕਾਲੀਹ੍ਰਾਸ ਬਾਰੇ ਜਾਣਕਾਰੀ ਹਾਸਲ ਕਰਾਂਗੇ।

### 3. ਪ੍ਰੇਬਿਸ਼ ਸਿੰਗਰ ਸਿਧਾਂਤ

ਇਹ ਸਿਧਾਂਤ ਦਸਦਾ ਹੈ ਕਿ ਵਪਾਰ ਦੀਆ ਸ਼ਰਤਾਂ ਦਾ ਦੀਰਘਕਾਲੀਹ੍ਰਾਸ ਘੱਟ-ਵਿਕਸਤ ਦੇਸ਼ਾਂ (LDCs) ਦੇ ਵਾਧੇ ਨੂੰ ਰੋਕਣ'ਚ ਇਕ ਮਹੱਤਵਪੂਰਨ ਘਟਕ ਹੈ। ਵਿਸ਼ਵ ਦੇ ਅਖਾੜੇ 'ਚ (ਸਥਿਤ LDCs)ਅਤੇ ਚੱਕਰੀ ਕੇਂਦਰਾਂ ( ਚ ਸਥਿਤ ਵਿਕਸਤ ਦੇਸ਼ਾਂ-DCs) ਦੇ ਵਿਚ ਵਪਾਰ ਦੀਆਂ ਸ਼ਰਤਾਂ ਵਿਕਸਤ ਦੇਸ਼ਾਂ ਦੇ ਪੱਖ 'ਚ ਸਥਾਨਾਂਤ੍ਰਿਤ ਹੋਈਆ ਹਨ।

ਮਾਨਤਾਵਾਂ

ਪ੍ਰੇਬਿਸ਼-ਸਿੰਗਰ ਸਿਧਾਂਤ ਹੇਠ ਲਿਖਿਤ ਮਾਨਤਾਵਾਂ ਦੇ ਅਧਾਰਤ ਹੈ:

**i)** ਏਂਜਲ ਦੇ ਸਿਧਾਂਤ ਦੇ ਮੁਤਾਬਕ ਵਿਕਸਤ ਦੇਸ਼ਾਂ 'ਚ ਆਮਦਨ 'ਚ ਵਾਧੇ ਦੇ ਨਾਲ ਮੰਗ ਦਾ ਢਾਂਚਾ ਮੁਢਲੇ ਪੱਧਰ ਤੋਂ ਨਿਰਮਤ ਵਸਤਾ ਵਲ ਸਥਾਨਾਤ੍ਰਿਤ ਹੁੰਦਾ ਹੈ।

**ii)** ਘੱਟ-ਵਿਕਸਤ ਦੇਸ਼ਾਂ ਦੀਆਂ ਮੁਢਲੀਆਂ ਵਸਤਾਂ ਲਈ ਮੰਗ ਵਿਕਸਤ ਦੇਸ਼ਾਂ'ਚ ਹੌਲੇ-ਹੌਲੇ ਵਧਦੀ ਹੈ।

**iii)** ਵਿਕਸਤ ਦੇਸ਼ਾਂ ਦੀਆਂ ਨਿਰਯਾਤ ਵਸਤਾਂ ਦੀ ਮਾਰਕਿਟ ਏਕਾਧਿਰਾਤਮਕ ਹੈ ਜਦ ਕਿ ਘੱਟ-ਵਿਕਸਤ ਦੇਸ਼ਾਂ ਦੀਆਂ ਵਸਤਾਂ ਦੇ ਮੰਗ ਪ੍ਰਤੀਯੋਗਾਤਮਕ ਹੈ।

**iv)** ਕਿਰਤ ਸੰਘਾ ਦੇ ਕਮਜ਼ੋਰ ਹੋਣ ਦੇ ਕਾਰਨ ਘੱਟ-ਵਿਕਸਤ ਦੇਸ਼ਾਂ'ਚ ਮਜ਼ਦੂਰੀ ਘੱਟਹੈ। ਇਸ ਕਾਰਨ ਮੁਢਲੀਆਂ ਵਸਤਾਂ ਦੀ ਕੀਮਤ ਘੱਟ ਹੁੰਦੀ ਹੈ ਜੋ ਵਪਾਰ ਦੀਆਂ ਸ਼ਰਤਾ'ਚ ਹ੍ਰਾਸ ਲਿਆਉਦੀ ਹੈ।

**v)** ਵਿਸ਼ਵ 'ਚ ਘੱਟ-ਵਿਕਸਤ ਦੇਸ਼ਾਂ ਦੀਆ ਵਸਤਾਂ ਦੇ ਬਦਲ ਆ ਰਹੇ ਹਨ ਜੋ ਉਹਨਾਂਦੀ ਮੰਗ ਨੂੰ ਘੱਟ ਕਰਦੇ ਹਨ।

**vi)** ਵਿਕਸਤ ਦੇਸ਼ਾਂ 'ਚ ਨਿਰਮਤ ਵਸਤਾਂ ਦੇ ਉਤਪਾਦਕ ਉਤਪਾਦਕਤਾ 'ਚ ਵਾਧੇ ਦੇ ਫਾਇਦੇਨੂੰ ਘੱਟ ਕੀਮਤਾਂ ਰਾਹੀ ਘੱਟ-ਵਿਕਸਤ ਦੇਸ਼ਾਂ ਨੂੰ ਨਹੀ ਦਿੰਦੇ ਹਨ।

**vii)** ਵਪਾਰ ਦੀਆਂ ਆਮਦਨ ਸ਼ਰਤਾਂ 'ਚ ਘੱਟ-ਵਿਕਸਤ ਦੇਸ਼ਾਂ ਦੇ ਆਰਥਕ ਵਾਧੇ ਦੇ ਨਿਰਧਾਰਕ ਤੱਤ ਹੁੰਦੇ ਹਨ।

**ਵਿਆਖਿਆ**

ਪ੍ਰੇਬਿਸ਼ ਦੀ ਇਹ ਮਾਨਤਾ ਹੈ ਕਿ ਆਯਾਤ ਕਰਨ ਦੀ ਸਮਰੱਥਾ ਜਾਂ ਵਪਾਰ ਦੀਆਂ ਆਮਦਨ ਸ਼ਰਤਾਂ ਘੱਟ-ਵਿਕਸਤ ਦੇਸ਼ਾਂ ਦੇ ਆਮਦਨ ਵਾਧੇ ਦੇ ਨਿਰਧਾਰਕ ਤੱਤ ਹਨ ਅਤੇ ਵਪਾਰਦੀਆ ਸ਼ਰਤਾਂ ਉਤਪਾਦਕਤਾ ਫਾਇਦਿਆਂ ਨੂੰ ਚੱਕਰੀ ਕੇਂਦਰਾਂ (ਵਿਕਸਤ ਦੇਸ਼ਾਂ) ਤੋਂ ਪਰੀਸਰ ਦੇਦੇਸ਼ਾਂ ( ਘੱਟੱ-ਵਿੱਕਸਤ) ਨੂੰ ਲਿਜਾਣ ਵਾਲੀ ਮਹੱਤਵਪੂਰਨ ਨਾਲੀ ਹੈ।

ਉਸਦਾ ਦਾਵਾ ਹੈ ਕਿ ਮੁਢਲੀਆ ਵਸਤਾ ਉਤਪਾਦਨ ਕਰਨ ਵਾਲੇ ਘੱਟ-ਵਿਕਸਤ ਦੇਸ਼ ਵਿਕਸਤ ਦੇਸ਼ਾਂ ਰਾਹੀ ਦਿਤੇ ਗਏ ਵਿਸ਼ਵ ਦੇ ਸੁਵਿਵਸਥਿਤ ਆਰਥਕ ਵਿਕਾਸ ਦੇ ਫਾਇਦਿਆ ਦਾ ਹਿੱਸਾ ਪਾਉਣ 'ਚ ਅਸਫਲ ਰਹੇ ਹਨ ਅਤੇ ਉਹਨਾ ਦੀ ਆਯਾਤ ਕਰਨ ਦੀ ਸਮਰੱਥਾ ਚ ਕਮੀਂ ਆਉਣਾ ਇਸਦਾ ਇਕ ਕਾਰਨ ਹੈ। ਬ੍ਰਿਟੇਨ ਦੀ ਗਰੀਬ ਦੇਸ਼ਾਂ ਦੇ ਨਾਲ ਵਪਾਰ-ਸਰਤਾਂ ਦੇ ਆਧਾਰਤੇ ਉਹ ਦਸਦਾ ਹੈ ਕਿ 1870 ਅਤੇ 1930 ਦੇ ਵਿਚ ਨਿਰਮਤ ਵਸਤਾਂ ਦੀਆ ਕੰਮਤਾ ਦੀ ਸਾਪੇਖਤਾ 'ਚ ਮੁਢਲੀਆਂ ਵਸਤਾਂ ਦੀਆਂ ਕੀਮਤਾਂ'ਚ ਦੀਰਘਕਾਲੀ ਰੁਕਾਵਟ ਆਈ ਸੀ। ਉਹ ਘੱਟ-ਵਿਕਸਤ ਦੇਸ਼ਾਂ ਦੇ ਨਾਲ ਵਪਾਰ ਦੀਆਂ ਸ਼ਰਤਾਂ 'ਚ ਹ੍ਰਾਸ ਦੇ ਇਹ ਕਾਰਨ ਦਸਦਾ ਹੈ ।

i) ਤਕਨੀਕੀ ਵਿਕਾਸ

ਤਕਨੀਕੀ ਵਿਕਾਸ ਕਾਮਿਆਂ ਅਤੇ ਉਦਮੀਆਂ ਦੀ ਆਮਦਨ ਅਤੇ ਵਸ੍ਤਾਂ ਦੀਆ ਕੀਮਤਾਂ ਨੂੰ ਵਧਾਉਂਦੀ ਹੈ। ਇਹਨਾਂ 'ਚੋਂ ਕੁਝ ਘੱਟ ਵਿਕਸਤ ਦੇਸ਼ਾਂ ਨੂੰ ਨਿਰਯਾਤ ਕੀਤੀਆਂ ਜਾਦੀਆਂ ਹਨ। ਪਰ ਇਸ ਤਕਨੀਕੀ ਵਿਕਾਸ ਦੇ ਫਾਇਦੇ ਘੱਟ-ਵਿਕਸਤ ਦੇਸ਼ਾਂ ਨੂੰ ਨਹੀ ਮਿਲਦੇ ਇਸ ਕਾਰਨ ਉਥੋਂ ਦੇ ਕਾਮਿਆਂ ਦੀ ਮਜ਼ਦੂਰੀ ਨਹੀ ਵਧਦੀ। ਉਹਨਾਂ ਦੇ ਰਾਹੀ ਨਿਰਯਾਤ ਕੀਤੀਆਂ ਗਈਆਂ ਮੁਢਲੀਆਂ ਵਸਤਾਂ ਦੀਆਂ ਕੀਮਤਾਂ ਉਹਨਾਂ ਦੇ ਰਾਹੀ ਆਯਾਤ ਕੀਤੀਆਂ ਗਈਆਂ ਵਸਤਾਂ ਦੀਆਂ ਕੀਮਤਾਂ ਦੇ ਮੁਕਾਬਲੇ ਡਿਗ ਜਾਂਦੀਆਂਹਨ ਜਿਸ ਤੋਂ ਉਹਨਾਂ ਦੀਆਂ ਵਪਾਰ ਦੀਆਂ ਸ਼ਰਤਾਂ ਖਰਾਬ ਹੋ ਜਾਂਦੀਆਂ ਹਨ। ਅਜਿਹਾ ਮੁਢਲੀਆ ਵਸਤਾਂ 'ਚ ਬਚਤਾਂ ਲਈ ਪ੍ਰਯੁਕਤ ਹੋਣ ਵਾਲੀਆਂ ਵਸਤਾਂ ਜਿਵੇਂ ਸਿੰਥੈਟਿਕ,ਜੂਟ ਅਤੇ ਰਬੜ 'ਚ ਤਕਨੀਕੀ ਵਿਕਾਸ ਦੇ ਕਾਰਨ ਹੋਇਆ ਹੈ, ਜਿਹਨਾਂ ਦੇ ਕਾਰਨ ਘੱਟ-ਵਿਕਸਤ ਦੇਸ਼ਾਂ ਦੇ ਪਰੰਪਰਾਗਤ ਨਿਰਯਾਤਾਂ ਤੇ ਮਾੜਾ ਪ੍ਰਭਾਵ ਪਿਆ ਹੈ।

ii) ਆਮਦਨ ਅਤੇ ਉਤਪਾਦਕਤਾ ਦੇ ਵਿਚ ਸਬੰਧ

ਪ੍ਰੇਬਿਸ਼ ਦੇ ਮੁਤਾਬਕ ਵਿਕਸਤ ਦੇਸਾਂ 'ਚ ਉੱਦਮੀਆਂ ਅਤੇ ਉਤਪਾਦਕੀ ਸਾਧਨਾਂ ਦੀ ਆਮਦਨ ਮੁਕਾਬਲਤਨ ਉਤਪਾਦਕਤਾ ਤੋਂ ਜ਼ਿਆਦਾ ਵਧਦੀ ਹੈ। ਇਹਨਾਂ ਦੋ ਕਾਰਨਾਂ ਕਰਕੇ ਘੱਟ-ਵਿਕਸਤ ਦੇਸਾਂ 'ਚ ਆਮਦਨ 'ਚ ਵਾਧਾ ਉਤਪਾਦਕਤਾ 'ਚ ਵਾਧੇ ਦੇ ਮੁਕਾਬਲੇ ਘੱਟ ਵਧਦਾ ਹੈ

a. ਅਬਾਦੀ ਦਬਾਓ
ਘੱਟ-ਵਿਕਸਤ ਦੇਸਾਂ 'ਚ ਅਬਾਦੀ ਦੇ ਦਬਾਉ ਅਤੇ ਵਾਧੂ ਮਨੁੱਖੀ ਸ਼ਕਤੀ ਦੇ ਕਾਰਨ ਕਿਰਤ ਪੂਰਤੀ 'ਚ ਵਾਧਾ ਹੋਇਆ ਹੈ ਜੋ ਮੁੱਖ ਤੌਰ ਤੇ ਉਹਨਾਂ ਖੇਤਰਾਂ 'ਚ ਖਪਾਈ ਜਾਂਦੀ ਹੈ ਜਿਥੇ ਕਿਰਤ ਉਤਪਾਦਕਤਾ ਪਹਿਲਾਂ ਹੀ ਬਹੁਤ ਘੱਟ ਹੁੰਦੀ ਹੈ। ਫਲਸਰੂਪ ਮਜ਼ਦੂਰੀ ਪੱਧਰ ਹੋਰ ਡਿਗ ਜਾਦਾ ਹੈ।

b. ਕਮਜ਼ੋਰ ਵਪਾਰ ਸੰਘ
ਘੱਟ-ਵਿਕਸਤ ਦੇਸ਼ਾਂ ਦੇ ਵੱਡੇ ਅਸੰਗਠਤ ਖੇਤਰਾਂ 'ਚ ਕਿਰਤੀ ਸੰਘ ਹੁੰਦੇ ਹੀ ਨਹੀਂ ਅਤੇ ਸੰਗਠਤ ਖੇਤਰਾਂ 'ਚ ਜਿਥੇ ਕਿਰਤੀ ਸੰਘ ਹੁੰਦੇ ਵੀ ਹਨ ਉਹ ਬਹੁਤ ਕਮਜ਼ੋਰ ਹੁੰਦੇ ਹਨ। ਇਸਲਈ ਉਹ ਕਿਰਤੀਆਂ ਦੀ ਮਜ਼ਦੂਰੀ ਵਧਾਉਣ ਚ ਸਮਰੱਥ ਨਹੀ ਹੁੰਦੇ। ਜਦਕਿ ਵਿਕਸਤ ਦੇਸ਼ਾਂ 'ਚ ਕਿਰਤਾਂ ਸੰਘ ਬਹੁਤ ਮਜ਼ਬੂਤ ਹੁੰਦੇ ਹਨ ਅਤੇ ਇਸ ਕਾਰਨ ਆਪਣੇ ਸਦੱਸ ਕਿਰਤੀਆਂ ਦੀ ਮਜ਼ਦੂਰੀ ਵਧਾਉਣ ਚ ਬਹੁਤ ਜ਼ਿਆਦਾ ਸਫਲ ਹੁੰਦੇ ਹਨ।


c. ਏਕਾਧਿਕਾਰ ਤੱਤ
ਪ੍ਰੇਬਿਸ਼ ਦੇ ਮੁਤਾਬਕ ਘੱਟ-ਵਿਕਸਤ ਦੇਸ਼ਾਂ ਦੀਆਂ ਵਪਾਰ ਦੀਆਂ ਸ਼ਰਤਾਂ 'ਚ ਕਮੀ ਆਉਣ ਦਾ ਇਕ ਕਾਰਨ ਵਿਕਸਤ ਦੇਸ਼ਾਂਦੇ ਵਸਤੂ ਬਜਾਰਾਂ 'ਚ ਏਕਾਧਿਕਾਰੀ ਤੱਤ ਹੁੰਦੇ ਹਨ। ਵਿਕਸਤ ਦੇਸ਼ਾਂ ਰਾਂਹੀ ਬਣਾਈ ਉਦਯੋਗਕ ਪੂੰਜੀ ਵਸਤਾਂ ਤੇ ਬਹੁਤ ਉੱਚ ਕੋਟੀ ਦੀ ਏਕਾਧਿਕਾਰਕ ਸ਼ਕਤੀਆਂ ਹੁੰਦੀਆਂ ਹਨ। ਜਿਹਨਾਂ ਲਈ ਉਹ ਘੱਟ-ਵਿਕਸਤ ਦੇਸ਼ਾਂ ਤੋਂ ਬਹੁਤ ਉਚੀਆਂ ਕੀਮਤਾਂ ਲੈਂਦੇ ਹਨ। ਇਸਦੇ ਉਲਟ ਘੱਟ-ਵਿਕਸਤ ਦੇਸ਼ਾਂ ਦੀਆ ਮੁਢਲੀਆਂ ਵਸਤਾਂ ਦੀਆ ਵਿਸ਼ਵ ਕੀਮਤਾਂ,ਉਹਨਾਂ ਦੇ ਠੀਕ ਤਰ੍ਹਾਂ ਨਾਲ ਸੰਗਠਿਤਨਾ ਹੋਣ ਦੇ ਕਾਰਨ ਘੱਟ ਹੁੰਦੀ ਹੈ। ਇਸਦੇ ਫਲਸਰੂਪ ਘੱਟ-ਵਿਕਸਤ ਦੇਸ਼ਾਂ ਦੇ ਲਈ ਵਪਾਰਦੀਆਂ ਸ਼ਰਤਾ ਉਲਟ ਰਹਿੰਦੀਆ ਹਨ।

d. ਅਸਥਿਰਤਾ ਅਤੇ ਭੁਗਤਾਨਸੇਸ ਦੀਆਂ ਮੁਸਕਿਲਾਂ ਦੇ ਪ੍ਰਭਾਵ
ਘੱਟ-ਵਿਕਸਤ ਦੇਸ਼ਾਂ ਦੇ ਵਿਸ਼ਵ ਬਜਾਰਾਂ ਦੇ ਨਾਲ ਜੁੜੇ ਰਹਿਣ ਦੇਬਾਅਦ ਉਹਨਾਂ ਦਾ ਨਿਰਯਾਤ ਅਸਾਧਾਰਨ ਰੂਪ ਨਾਲ ਵਧਿਆ ਹੈ ਪਰ ਇਸਦਾ ਇਹਨਾਂ ਦੇਸ਼ਾਂ ਦੀ ਬਾਕੀ ਅਰਥ ਵਿਵਸਥਾ ਦੇ ਵਿਕਾਸ 'ਚ ਕੋਈ ਖਾਸ ਯੋਗਦਾਨ ਨਹੀ ਹੋਇਆ ਹੈ ਕਿਉਂਕਿ ਨਿਰਯਾਤ ਖੇਤਰ ਦਾ ਵਿਕਾਸ ਹੋਰ ਖੇਤਰਾਂ ਦੀ ਅਣਦੇਖੀ ਕਰਕੇ ਕੀਤਾ ਗਿਆ ਹੈ।ਦੂਜੇ ਪਾਸੇ ਨਿਰਯਾਤ ਖੇਤਰ ਤੇ ਬਹੁਤ ਜ਼ਿਆਦਾ ਨਿਰਭਰਤਾ ਨੇ ਇਹਨਾਂ ਅਰਥਵਿਵਸਥਾਵਾਂ ਦੀਆਂ ਕੀਮਤਾਂ ਅਤੇ ਮੰਗ ਨੂੰ ਅੰਤਰਰਾਸ਼ਟਰੀ ਉਤਾਰ-ਚੜ੍ਹਾਵਾਂ ਤੇ ਖੁਲਾ ਛੱਡ ਦਿਤਾ ਹੈ। ਮੰਦੀ ਦੇ ਦੌਰਾਨ ਵਪਾਰ ਦੀਆਂ ਸ਼ਰਤਾਂ ਪ੍ਰਤੀਕੂਲ ਹੋ ਜਾਦਆਂਹਨ ਅਤੇ ਵਿਦੇਸੀਮੁਦ੍ਰਾ ਦੀ ਕਮਾਈ ਤੇਜ਼ੀ ਨਾਲ,ਘੱਟ ਹੁੰਦੀ ਹੈ, ਇਸ ਦੇ ਫਲਸਰੂਪ ਉਹਨਾਂਨੂੰ ਉਲਟ (ਵਿਪਰੀਤ) ਭੁਗਤਾਨ-ਸ਼ੇਸ਼ ਦੀ ਮੁਸਕਿਲ ਉਠਾਉਣੀ ਪੈਦੀ ਹੈ। ਪਰ ਉਹ ਖੇਤੀ ਅਤੇ ਖਨਨ ਵਸਤਾਂ ਦੀਆਂ ਕੀਮਤਾਂ ਡਿਗਣ ਦਾ ਫਾਇਦਾ ਹਾਸਲ ਨਹੀ ਕਰ ਪਾਦੇ ਕਿਉਕਿ ਨਿਰਯਾਤ ਬੇਲੋਚ ਪ੍ਰਕ੍ਰਿਤੀ ਦੇ ਹੁੰਦੇ ਹਨ।ਇਸ ਤਰ੍ਹਾਂ ਉਹ ਵਿਸ਼ਵ ਬਜਾਰ 'ਚ ਆਉਣ ਵਾਲੀ ਤੇਜ਼ੀ ਦਾ ਫਾਇਦਾ ਵੀ ਨਹੀ ਚੱਕ ਸਕਦੇ। ਉਹਨਾਂ'ਚ ਮਾਰਕਿਟ ਅਪੂਰਨਤਾਵਾਂ, ਨਾਕਾਫੀ ਉਪਰੀ ਪੂੰਜੀ ਅਤੇ ਸੰਰਚਨਾਤਮਕ ਮੁਸ਼ਕਲਾ ਦੇ ਕਾਰਨ ਉਪਰ ਆਈ ਤੇਜ਼ੀ ਅਤੇ ਵਪਾਰ ਦੀਆਂ ਸ਼ਰਤਾਂ'ਚ ਸੁਧਾਰ ਦੇ ਨਾਲ-ਨਾਲ ਉਹਨਾਂ ਦੇ ਉਤਪਾਦਨ ਅਤੇ ਰੁਜ਼ਗਾਰ ਵਧਨ 'ਚ ਸੁਧਾਰ ਨਹੀ ਆਉਂਦਾ। ਇਸਦੇ

ਉਲਟ ਵਧਿਆ ਹੋਇਆ ਨਿਰਯਾਤ ਆਮਦਨ ਸਫੀਤੀਕਾਰੀ ਦਬਾਉ, ਨਿਵੇਸ ਖਰਚ ਦੀ ਗਲਤਭਾਗਵੰਡ ਅਤੇ ਭੁਗਤਾਨ-ਸ਼ੇਸ਼ 'ਚ ਮੁਸ਼ਕਲਾਂ ਪੈਦਾ ਕਰਦਾ ਹੈ। ਇਸਦੇ ਫਲਸਰੂਪ ਘੱਟ-ਵਿਕਸਤ ਦੇਸ਼ਾਂ ਦੀਆਂ ਆਮਦਨ ਦੀਆਂ ਵਪਾਰ ਸ਼ਰਤਾਂ ਚ ਦੀਰਘਕਾਲੀਹ੍ਰਾਸ ਪੈਦਾ ਹੋ ਜਾਂਦਾ ਹੈ।

e. ਵਿਦੇਸ਼ੀ ਨਿਵੇਸ਼ ਦੇ ਨਤੀਜੇ

ਪ੍ਰੋ ਸਿੰਗਰ ਦੀ ਇਹ ਧਾਰਨਾ ਹੈ ਕਿ ਘੱਟ-ਵਿਕਸਤ ਦੇਸ਼ਾਂ ਨੂੰ ਵਿਦੇਸ਼ੀ ਵਪਾਰ ਅਤੇ ਨਿਵੇਸ਼ ਲਈ ਖੋਲ੍ਹਣ ਲਈ ਉਹਨਾਂ ਦੇ ਵਿਕਾਸ'ਚ ਰੁਕਾਵਟ ਪਈ ਹੈ,ਕਿਉਂਕਿ ਉਹਨਾਂ ਨਿਵੇਸਾਂ ਦਾ ਓਦੇਸ਼ ਅਤੇ ਪ੍ਰਭਾਵ ਵਿਕਸਤ ਦੇਸ਼ਾਂ ਦੀਆਂ ਮਸ਼ੀਨਾਂ ਅਤੇ ਲੋਕਾਂ ਲਈ ਖੁਰਾਕ ਦੇ ਨਵੇਂ ਸ੍ਰੋਤਾਂ ਨੂੰ ਖੋਲਣਾ ਹੈ। ਘੱਟ-ਵਿਸਕਤ ਦੇਸ਼ਾਂ ਦਾ ਉਦਯੋਗਿਕ ਦੇਸ਼ਾਂ ਨੂੰ ਉਹਨਾਂ ਰਾਂਹੀ ਕੀਤੇ ਗਏ ਨਿਵੇਸ਼ ਦੇ ਕਾਰਨਅਨਾਜ ਅਤੇ ਕੱਚੇ ਮਾਲ ਦੇ ਨਿਰਯਾਤ 'ਚ ਵਿਸ਼ਸ਼ਟੀਕਰਨ ਤਿੰਨ ਕਾਰਨਾਂ ਨਾਲ ਭਾਗਵਿਹੂਣਾ ਰਿਹਾ ਹੈ: (1) ਨਿਵੇਸਕ ਦੇਸ਼ਾਂ ਨੇ ਵਿਦੇਸ਼ਾਂ'ਚ ਭਾਰੀ ਮੁਨਾਫਾਭੇਜਕੇ ਵਿਦੇਸ਼ੀ ਨਿਵੇਸ਼ ਦੇ ਸੰਚਈ ਗੁਣਕਪ੍ਰਭਾਵਾਂ ਦਾ ਵੱਡਾ ਹਿੱਸਾ ਹਾਂਸਲਕੀਂਤਾ ਹੈ। (2) ਇਸਨੇ ਘੱਟ-ਵਿਕਸਤ ਦੇਸ਼ਾਂ ਨੂੰ ਅਜਿਹੀਆਂ ਕ੍ਰਿਆਵਾਂ ਵਲ ਮੋੜ ਦਿਤਾ ਹੈ ਜਿਹੰਨਾ ਦੇ ਕਾਰਨ ਤਕਨੀਕੀ ਵਿਕਾਸ ਅਤੇ ਅੰਦਰੂਨੀ ਅਤੇ ਬਾਹਰੀ ਕਿਫਾਇਤਾਂ ਲਈ ਘਟ ਮੌਕਾ ਮਿਲਿਆ ਹੈ। (3) ਇਸਤੋ ਘੱਟ-ਵਿਕਸਤ ਦੇਸ਼ਾਂ ਦੀਆਂ ਵਪਾਰਸ਼ਰਤਾਂ ਦਾ ਨੁਕਸਾਨ ਹੋਇਆ ਹੈ।ਇਹਨਾਂ ਤਿੰਨ ਕਾਰਕਾਂ 'ਚੋਂ ਅੰਤਮ ਕਾਰਕ ਘੱਟ-ਵਿਕਸਤ ਦੇਸ਼ਾਂ ਦਾ ਸ਼ੋਸ਼ਣ ਕਰਨ'ਚਮਹੱਤਵਪੂਰਨ ਰਿਹਾ ਹੈ ਕਿਉਂਕਿ ਵਿਕਸਤ ਦੇਸ਼ਾਂ ਨੇ ਆਪਣੀਆਂ ਨਿਰਮਿਤ ਵਸਤਾਂ ਨੂੰ ਉਚੀਆਂ ਕੀਮਤਾਂ ਤੇ ਨਿਰਯਾਤ ਕਰਕੇ ਉਚੀਆਂ ਮਜ਼ਦੂਰੀਆਂ ਅਤੇ ਉਚੇ ਫਾਇਦਿਆਂ ਦੇ ਰੂਪ 'ਚ ਮੁਨਾਫਾ ਕਮਾਇਆ ਹੈ। ਜਦਕਿ ਘੱਟ-ਵਿਕਸਤ ਦੇਸ ਅਨਾਜ ਅਤੇ ਕੱਚੇ ਮਾਲ ਦੇ ਉਤਪਾਦਨ ਦੇ ਫਾਇਦੇ ਕੀਮਤ ਕਟੌਤੀਆਂ'ਚ ਬੇਕਾਰ ਗਏ ਹਨ ਜਿਹਨਾਂ ਦਾ ਫਾਇਦਾ ਫਿਰ ਵਿਕਸਤ ਦੇਸ਼ਾਂ ਨੂੰ ਹੋਇਆ ਹੈ। ਇਸਦਾ ਪਤਾ ਘੱਟ-ਵਿਕਸਤ ਦੇਸ਼ਾਂ ਦੇ ਲੋਕਾਂ ਦੇ ਜੀਵਨ-ਪੱਧਰਾਂ ਅਤੇ ਵਿਕਸਤ ਦੇਸ਼ਾਂ ਦੇ ਲੋਕਾਂਦੇ ਤੇਜ਼ੀ ਨਾਲ ਵੱਧ ਰਹੇ ਜੀਵਨ-ਪੱਧਰਾਂ ਦਾ ਮੁਕਾਬਲਾ ਕਰਨ ਤੇ ਚਲਦਾ ਹੈ। ਏਂਜਲ ਦੇ ਨਿਯਮਦਾ ਕਾਰਜਕਰਨ ਕੇਂਦਰ (ਵਿਕਸਤ) ਅਤੇ ਪਰਿਸਰ(ਘੱਟ-ਵਿਕਸਤ)ਦੇਸ਼ਾਂ ਦੇ ਵਿਚ ਕੀਮਤ ਵਿਭੇਦਾਂ ਨੂੰ ਵਧਾਉਣ 'ਚ ਮੁੱਖ ਕਾਰਕ ਹੈ। ਜਦ ਆਮਦਨ ਵਧਦੀ ਹੈ ਤਾਂ ਭੋਜਨ ਪਦਾਰਥਾਂ ਲਈ ਮੰਗ, ਨਿਰਮਤ ਵਸਤਾਂ ਲਈ ਮੰਗ ਦੇ ਮੁਕਾਬਲੇ ਬਹੁਤ ਹੌਲੇ ਵਧਦੀ ਹੈ। ਵਿਨਿਰਮਾਣ 'ਚ ਤਕਨੀਕੀ ਪ੍ਰਗਤੀ ਦੇ ਕਾਰਨ ਪ੍ਰਤੀ ਇਕਾਟੀ ਉਤਪਾਦਨ'ਚ ਵਰਤੇ ਗਏ ਕੱਚੇ ਮਾਲ ਦੀ ਮਾਤ੍ਰਾਘਟਦੀ ਹੈ। ਇਸਲਈ ਕੱਚੇ ਮਾਲ ਦੀ ਮੰਗ ਡਿਗਦੀ ਹੈ। ਮੰਗ 'ਚ ਕਮੀ ਦੇ ਨਾਲ ਕੱਚੇ ਮਾਲਅਤੇ ਭੋਜਨ ਪਦਾਰਥ ਦੋਵਾਂ ਦੀ ਮੰਗ ਦੀ ਨੀਵੀ ਕੀਮਤ ਲੋਚ ਤੋਂ ਚੱਕਰੀ ਅਤੇ ਸੰਰਚਨਾਤਮਕ ਦੋਵੇਂ ਤਰ੍ਹਾਂ ਨਾਲ ਬਹੁਤ ਜਿਆਦਾ ਕੀਮਤਾਂ ਡਿਗਦੀਆਂ ਹਨ। ਨਾਲ ਹੀ ਅਲਪਕਾਲੀ ਪੂਰਤੀ ਬੇਲੋਚ ਹੁੰਦੀ ਹੈ ਅਤੇ ਪ੍ਰਕਿਰਤੀ ਜਿਹੇ ਮੋਸਮ 'ਚ ਅਨਿਸਚਿਤ ਬਦਲਾਵਾਂ ਰਾਂਹੀ ਪ੍ਰਭਾਵਿਤ ਹੁੰਦੀ ਹੈ। ਸੋਕਾ ਜਾਂ ਬਿਮਾਰੀ ਇਕ ਫਸਲ ਦਾ ਨਾਸ ਕਰ ਸਕਦੀ ਹੈ ਜਾਂ ਚੰਗਾ ਮੌਸਮ ਬਹੁਤ ਜ਼ਿਆਦਾਫਸਲ ਉਤਪਾਦਤ ਕਰ ਸਕਦਾ ਹੈ। ਫਲਸਰੂਪ ਕੀਮਤਾਂ 'ਚ ਬਹੁਤ ਉਤਾਰ-ਚੜ੍ਹਾਉ ਹੰਦੇ ਹਨ।




ਚਿੱਤਰ 1

ਆਮ ਤੌਰ ਤੇ ਵਿਸਵ-ਯੁੱਧ ਦੇ ਬਾਅਦ ਦੇ ਸਮੇਂ'ਚ ਕੀਮਤਾਂ 'ਚ ਉਤਾਰ-ਚੜਾਉ ਅਕਸਰ ਪੂਰਤੀ'ਚ ਬਦਲਾਵਾਂ ਦੇ ਮੁਕਾਬਲੇ ਮੰਗ 'ਚ ਬਦਲਾਵਾਂ ਦੇ ਕਾਰਨ ਹੋਏ ਹਨ। ਚਿਤਰ 1 'ਚ ਇਸਨੂੰਦਰਸਾਇਆ ਗਿਆ ਹੈ ਜਿਥੇ D ਅਤੇ s ਕ੍ਰਮਵਾਰਮੁਢਲੀਆਂ ਵਸਤਾਂ ਦੇ ਵਿਸ਼ਵ ਮੰਗ ਅਤੇ ਪੂਰਤੀ ਵਕ੍ਰਾਂਨੂੰ ਪ੍ਰਗਟਾਉਦੇ ਹਨ ਜੋ ਬੇਲੋਚ ਹੈ। ਉਹ ਬਿੰਦੂ E ਤੇਇਕ-ਦੂਜੇ ਨੂੰ ਕੱਟਦੇ ਹਨ ਅਤੇ ਮਾਤ੍ਰਾ OQ ਦੀ ਮੰਗਅਤੇ ਪੂਰਤੀ OP ਕੀਮਤ ਤੋਂ ਕੀਤੀ ਜਾਂਦੀ ਹੈ। ਪੂਰਤੀ'ਚ ਥੋੜਾ ਜਿਹਾ ਵਾਧਾ S ਤੋਂ $S_1$ ਬਿੰਦੂ $E_1$ ਤੇ ਇਕਨਵਾਂ ਸੰਤੁਲਨ ਨਿਰਧਾਰਤ ਕਰਦੀ ਹੈ। ਇਹ ਦਰਸਾਉਂਦਾ ਹੈ ਕਿ ਪੂਰਤੀ 'ਚ ਥੋੜਾ ਜਿਹਾ ਵਾਧਾ QQs,ਕੀਮਤ'ਚ ਬਹੁਤ ਜ਼ਿਆਦਾ ਕਮੀ $PP_1$ ਲਿਆਉਂਦਾ ਹੈ। ਇਸੇ ਤਰ੍ਹਾਂ D ਤੋਂ D1ਮੰਗ 'ਚ ਥੋੜੀ ਜਿਹੀ ਕਮੀ E, ਤੇ ਇਕ ਨਵਾਂ ਸੰਤੁਲਨ ਸਥਾਪਤ ਕਰਦੀ ਹੈ ਜਿਸ ਤੋਂ ਮੰਗ 'ਚ ਆਈ ਥੋੜੀ ਜਿਹੀ ਕਮੀ $Q_D$,ਕੀਮਤ 'ਚ ਵਧ ਗਿਰਾਵਟ $PP_1$, ਲਿਆਉਂਦੀ ਹੈ।ਇਸ ਤਰ੍ਹਾਂ ਵਿਕਸਤ ਦੇਸ਼ਾਂ ਨੇ ਉਚੀ ਕੀਮਤ ਵਾਲੀਆਂ ਨਿਰਮਤ ਨਿਰਯਾਤਯੋਗ ਵਸਤਾਂ ਦੇ ਉਤਪਾਦਕਾਂ ਦੇ ਰੂਪ'ਚ ਅਤੇ ਘੱਟ ਕੀਮਤ ਵਾਲੀਆਂ ਆਯਾਤਯੋਗ ਭੋਜਨ ਵਸਤਾਂ ਅਤੇ ਕੱਚੇ ਮਾਲ ਦੇ ਉਪਭੋਗੀਆਂ ਦੇ ਰੂਪ'ਚ ਆਪਣੀ ਦੂਹਰੀ ਸਥਿਤੀ 'ਚ ਫਾਇਦੇਮੰਦ ਪ੍ਰਭਾਵਾਂ ਦਾ ਅਨੰਦ ਉਠਾਇਆ ਹੈ। ਦੂਜੇ ਪਾਸੇ, ਘੱਟ-ਵਿਕਸਤ ਦੇਸ਼ਾਂ ਨੇ ਉਚੀਆਂਕੀਮਤਾਂ ਵਾਲੀਆਂ ਆਯਾਤਯੋਗ ਨਿਰਮਿਤ ਵਸਤਾਂ ਦੇ ਉਪਭੋਗੀ ਦੇ ਰੂਪ 'ਚ ਅਤੇ ਘੱਟ ਕੀਮਤਾਂਵਾਲੇ ਭੋਜਨ ਪਦਾਰਥਾਂ ਅਤੇ ਕੱਚੇ ਮਾਲ ਦੇ ਉਤਪਾਦਕਾਂ ਦੇ ਰੂਪ 'ਚ ਦੋਵੇਂ ਤਰ੍ਹਾਂ ਨੁਕਸਾਨ ਉਠਾਇਆ ਹੈ।

ਸਿੰਗਰ ਦੇ ਮੁਤਾਬਕ ਇਹ ਬਹੁਤ ਵਿਸਤ੍ਰਤ ਧਾਰਨਾ ਹੈ ਕਿ ਮੁਢਲੀਆਂ ਵਸਤਾਂ ਦੇ ਉਤਪਾਦਕਾਂ ਦੀਆਂ ਵਪਾਰ ਦੀਆਂ ਸਰਤਾਂ 'ਚ ਹੋਏ ਨੁਕਸਾਨ ਦੀ ਇਹ ਪ੍ਰਵਿਰਤੀ ਵਿਸ਼ਵ ਯੁੱਧਤੋਂ ਪਹਿਲੇ ਦੇ ਦਿਨਾਂ 'ਚ ਉਲਟ ਗਈ ਸੀ, ਤੱਥਾਂ ਰਾਹੀ ਪ੍ਰਮਾਣਤ ਨਹੀ ਹੁੰਦੀ। ਜਦ ਘੱਟ-ਵਿਕਸਤ ਦੇਸ਼ਾਂ ਦੀਆਂ ਮੁਢਲੀਆਂ ਵਸਤਾਂ ਦੀਆਂ ਕੀਮਤਾਂ ਉਚੀਆਂ ਹੁੰਦੀਆਂ ਹਨ ਉਹ ਇਹਨਾਂ ਤੋਂ ਫਾਇਦਾ ਉਠਾਉਣ ਲਈ ਅਸਲਫ ਰਹਿੰਦੇ ਹਨ ਕਿਉਂਕਿ ਉਹ ਇਹਨਾਂ ਫਾਇਦਿਆਂ ਨੂੰ ਪੂੰਜੀ ਪਦਾਰਥਾਂ 'ਚ ਨਿਵੇਸ਼ ਕਰਨ ਦੇ ਮੁਕਾਬਲੇ ਆਪਣਾ ਉਤਪਾਦਨ

ਵਧਾਉਣ 'ਚ ਲਗਾਂਦੇ ਹਨ। ਇਸਦੇ ਉਲਟ ਜਦ ਕੀਮਤਾਂ ਘੱਟ ਹੁੰਦੀਆਂ ਹਨ ਤਾਂ ਉਹਨਾਂ ਕੋਲ ਉਦਯੋਗੀਕਰਨ ਕਰਨ ਦੇ ਸਾਧਨ ਨਹੀ ਹੁੰਦੇ ਭਾਵੇਂ ਉਹਨਾਂ ਦੀ ਇੱਛਾ ਪ੍ਰਬਲ ਹੁੰਦੀ ਹੈ।

f. ਘੱਟ-ਵਿਕਸਤ ਦੇਸ਼ਾਂ ਦੀਆਂ ਰਿਣ ਸਮਸਿਆਵਾਂ

ਸਿੰਗਰ ਦੇ ਮੁਤਾਬਕ ਹਾਲ ਹੀ ਦੇ ਵਰ੍ਹਿਆਂ'ਚ ਘੱਟ-ਵਿਕਸਤ ਦੇਸ਼ਾਂ ਦੀਆਂ ਵਪਾਰ ਦੀਆਂ ਸ਼ਰਤਾਂ 'ਚ ਹ੍ਰਾਸ ਦਾ ਇਕ ਹੋਰ ਕਾਰਨ ਉਹਨਾਂ ਤੇ ਵੱਧ ਰਹੇ ਰਿਣ ਹਨ। ਪਹਿਲਾਂ ਆਯਾਤ ਦਾ ਭੁਗਤਾਨ ਕਰਨ ਦੀ ਬਜਾਇ ਉਹ ਨਿਰਯਾਤਾਂ ਤੋ ਪ੍ਰਾਪਤ ਵੱਡੀਆਂ ਰਾਸ਼ੀਆ ਆਪਣੇ ਰਿਣਾਂ ਦਾ ਮੁੜ-ਭੁਗਤਾਨ ਕਰਨ'ਚ ਪ੍ਰਯੋਗ ਕਰਦੇ ਹਨ। ਦੂਜਾ ਆਪਣੇ ਰਿਣਾਂ ਦਾ ਭੁਗਤਾਨ ਕਰਨ ਲਈ ਘੱਟ-ਵਿਕਸਤ ਦੇਸ ਅਪਣੇ ਨਿਰਯਾਤ ਅਰਜਨਾਂ ਨੂੰ ਵਧਾਉਣ ਲਈ ਇਕ-ਦੁਜੇ ਦੇ ਨਾਲ ਮੁਕਾਬਲਾ ਕਰਦੇ ਹਨ।

g. ਸੰਤਾਪਕਾਰੀ ਵਾਧਾ

ਘਟ-ਵਿਕਸਤ ਦੇਸ਼ਾਂ 'ਚ ਵਿਕਾਸ ਦੀਆਂ ਸ਼ਰਤਾਂ 'ਚ ਵਿਗਾੜ ਆਉਂਦਾ ਹੈ ਜਦ -(ੳ) ਅਰਥਵਿਵਸਥਾ ਦੇ ਵਿਕਾਸ ਨਾਲ ਨਿਰਯਾਤਯੋਗ ਵਸਤਾਂ ਦਾ ਵਧ ਉਤਪਾਦਨ ਹੋਵੇ, (ਅ) ਨਿਰਯਾਤ ਦੀ ਮੰਗ ਬੇਲੋ ਚਹੇਵੇ ਅਤੇ (ਸ) ਵਾਧਾ ਸਥਿਰ ਵਸਤੂ ਕੀਮਤਾਂ ਤੇ ਨਿਰਯਾਤਧਾਂ ਦਾ ਘਰੇਲੂ ਉਤਪਾਦਨ ਘੱਟ ਕਰਦੀ ਹੈ।

h. ਮੱਧਵਰਤੀ ਵਸਤਾਂ ਦੀ ਕਮੀ

ਲਿੰਡਰ ਦੇ ਮੁਤਾਬਕ ਘੱਟ-ਵਿਕਸਤ ਦੇਸ਼ 'ਚ ਵਪਾਰ ਦੀਆਂ ਸ਼ਰਤਾਂ ਦੇ ਹ੍ਰਾਸ ਦਾ ਕਾਰਨ ਮੱਧਵਰਤੀ ਵਸਤਾਂ ਦੀ ਕਮੀ ਹੈ। ਇਨ੍ਹਾਂ ਦੀ ਵਧਦੀ ਮੰਗ ਨਾਲ ਸਬੰਧਤ ਅਜਿਹੀਆਂ ਵਸਤਾਂ 'ਚ ਕਮੀ ਦੇ ਕਾਰਨ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਦੀ ਤੁਲਨਾ 'ਚ ਇਹਨਾਂ ਵਸਤਾਂ ਦਾ ਆਯਾਤ ਉਚੀਆਂ ਕੀਮਤਾਂ ਤੇ ਕੀਤਾ ਜਾਂਦਾ ਹੈ। ਇਹ ਕੀਮਤਾਂ ਦੇ ਅੰਤਰ ਵਪਾਰ ਦੀਆਂ ਸ਼ਰਤਾਂ 'ਚ ਹ੍ਰਾਸ ਦਾ ਕਾਰਨ ਬਣਦੇ ਹਨ।

## 4. ਆਲੋਚਨਾਵਾਂ

ਅਰਥਸ਼ਾਸ਼ਤ੍ਰੀਆਂ ਨੇ ਸਾਂਖਿਅਕੀ ਅਤੇ ਵਿਸ਼ਲੇਸ਼ਣਾਤਮਕਤਰਕਾਂ ਦੇ ਕਾਰਨ ਪ੍ਰੇਬਿਸ਼-ਸਿੰਗਰਦੇ ਦੀਰਘਕਾਲੀਹ੍ਰਾਸ ਸਿਧਾਂਤ ਦੀ ਕਰੜੀ ਆਲੋਚਨਾ ਕੀਤੀ ਹੈ ।

1. ਕਮਜ਼ੋਰ ਸਾਂਖਿਅਕੀ ਆਧਾਰ

ਇਹ ਸਿਧਾਤਇੰਗਲੈਡ ਦੀਆਂ ਵਸਤੂਵਪਾਰ ਸ਼ਰਤਾਂ ਦੇ ਸਲਾਨਾ ਸੂਚਕ ਦੇ ਉਲਟ ਤੇ ਅਧਾਰਤ ਹੈ। ਇਹ ਇਸ ਸਮਾਨਯੀਕਰਨ ਦਾ ਕਮਜ਼ੋਰ ਸਾਂਖਿਅਕੀ ਅਧਾਰ ਹੈ ਕਿ ਇਤਿਹਾਸਕ ਤੌਰ ਤੇ ਘਟ-ਵਿਕਸਤ ਦੇਸ਼ਾਂ ਦੀ 1870ਤੋਂ1930 ਦੇ ਵਿਚ ਵਪਾਰ ਦੀਆਂ ਸ਼ਰਤਾਂ ਦਾ ਹ੍ਰਾਸ ਹੋਇਆ ਹੈ। ਵਪਾਰ ਦੀਆਂ ਸ਼ਰਤਾਂ ਦੇ ਇਸ ਸੂਚਕ ਦੇ ਉਲਟ ਕੁਝ ਤਰਕ ਦਿਤੇ ਜਾਂਦੇ ਹਨ

a. ਇਹ ਸੂਚਕ ਵਸਤਾਂ ਦੀ ਗੁਣਤਾ ਦੇ ਕਰਨ ਹੋਣ ਵਾਲੇ ਬਦਲਾਵਾਂ ਨੂੰ ਨਹੀਂ ਲੈਂਦਾ ਅਤੇ ਨਵੀਆਂ ਵਸਤਾਂ ਲਈ ਕੋਈਥਾਂ ਵੀ ਨਹੀ ਰੱਖਦਾ। ਇਸ ਤੋਂ ਮੁਢਲੀਆਂ ਵਸਤਾਂ ਤੇ ਗੁਣਤਾ'ਚ ਤਕਰੀਬਨ ਅਬਦਲ ਰਹਿੰਦੀਆਂ ਹਨ। ਉਹਨਾਂ ਦੇ ਉਲਟ ਅਤੇ ਉਦਯੋਗਕ ਵਸਤਾਂ ਜੋ ਰੇਂਜ ਅਤੇ ਗੁਣਤਾ'ਚ ਸੁਧਾਰੀਆਂ ਜਾਦੀਆ ਹਨ ਉਹਨਾਂ ਦੇ ਹੱਕ 'ਚ ਪੱਖਪਾਤ ਹੁੰਦਾ ਹੈ।

b. ਇਹ ਵਪਾਰ ਦੀਆਂ ਸ਼ਰਤਾਂ ਦੀਆ ਸੂਚਕ ਸੇਵਾਵਾਂ ਨੂੰ ਛੱਡ ਦਿੰਦਾ ਹੈ। ਬ੍ਰਿਟਿਸ਼ ਵਪਾਰ ਦੀਆਂ ਸ਼ਰਤਾਂ 'ਚ ਆਯਾਤ ਕੀਮਤਾਂ ਨੂੰ c.i.f. ਲਿਆ ਜਾਂਦਾ ਹੈ ਅਤੇ ਨਿਰਯਾਤ ਕੀਮਤਾਂ ਨੂੰ f.o.b. ਲਿਆ ਜਾਂਦਾ ਹੈ।ਇਸ ਤਰ੍ਹਾਂ ਮਾਲ-ਢੁਆਈਲਾਗਤਾਂ ਆਯਾਤ ਕੀਮਤਾਂ 'ਚ ਸ਼ਾਮਲ ਕੀਤੀਆਂ ਜਾਂਦੀਆਂ ਹਨ ਅਤੇ ਨਿਰਯਾਤ ਕੀਮਤਾ 'ਚ ਸਾਮਲ ਨਹੀ ਕੀਤੀਆਂ ਜਾਂਦੀਆਂ। ਜੇਕਰ ਮਾਲ-ਢੁਆਈ ਲਾਗਤਾਂ ਅਬਦਲ ਹੁੰਦੀਆ ਵੀ ਹਨ ਤਾਂ ਇਕ ਦੇਸ਼ ਦੀਆਂ ਵਪਾਰ-ਸ਼ਰਤਾਂ ਕਿਸੇ ਹੋਰ ਦੇਸ਼ ਦੀਆਂ ਵਪਾਰ-ਸ਼ਰਤਾਂ ਦੀਆਂ ਸਹੀ ਸੂਚਕ ਨਹੀ ਮੰਨੀਆਂ ਜਾ ਸਕਦੀਆਂ। ਇਸ ਲਈ ਕੋਈ ਗਣਨਾ ਜੋ ਮਾਲ-ਢੁਆਈ ਲਾਗਤਾਂ ਜਿਹੀਆਂ ਸੇਵਾਵਾ ਨੂੰ ਸ਼ਾਮਲ ਨਹੀ ਕਰਦੀ ਉਹ ਘੱਟ-ਵਿਕਸਤ ਦੇਸ਼ਾਂ ਦੇ ਖਿਲਾਫ ਝੁਕੀਆਂ ਹੋਣਗੀਆਂ।

c. ਇਹ ਸਿਧਾਂਤ ਬ੍ਰਿਟਿਸ਼ ਵਪਾਰ ਦੀਆਂ ਸ਼ਰਤਾਂ ਦੇ ਸਮਾਨ੍ਯੀ ਕਰਨ ਤੇ ਅਧਾਰਤ ਹੈ, ਜੋ ਹੋਰ ਦੇਸ਼ਾਂ ਦਾ ਪ੍ਰਤੀਨਿਧ ਨਹੀ ਮੰਨਿਆ ਜਾ ਸਕਦਾ। ਕਿੰਡਲਬਰਗਰ ਨੇ ਹੋਰ ਯੂਰਪੀ ਦੇਸ਼ਾਂ ਦੇ ਸੂਚਕਾਂ ਦੀ ਗਣਨਾ ਦੇ ਆਧਾਰ ਤੇ ਇਹ ਸਿੱਧ ਕੀਤਾ ਹੈ ਕਿ ਬ੍ਰਿਟਿਸ਼ ਵਪਾਰ ਦੀਆਸ਼ਰਤਾਂ ਤੇ ਅਧਾਰਤ ਸਮਾਨਯੀਕਰਨ ਹੁਣ ਸਹੀ ਨਹੀਂ ਬੈਠਦੇ।

d. ਜੇਕਰ ਬ੍ਰਿਟਿਸ਼ ਵਪਾਰ ਦੀਆਸ਼ਰਤਾਂ ਨੂੰ ਵਿਕਸਤ ਦੇਸ਼ਾਂ ਦਾ ਪ੍ਰਤੀਨਿਧ ਮੰਨ ਵੀ ਲਿਆ ਜਾਏ ਤਾਂ ਆਯਾਤ-ਸੂਚਕ ਭੋਜਨ ਪਦਾਰਥਾ, ਖਣਜਾਂ ਅਤੇ ਕੱਚੇ ਮਾਲਾਂ'ਚ ਵੱਖੋ-ਵੱਖ ਕੀਮਤ ਪ੍ਰਵ੍ਰਿਤੀਆਂ ਨੂੰ ਛੁਪਾਉਂਦਾ ਹੋਇਆ ਮਿਸ਼ਰਤ ਬੈਗ ਹੁੰਦਾ ਹੈ।

e. ਮੁਢਲੀਆਂ ਵਸਤਾਂ ਅਤੇ ਨਿਰਮਤ ਵਸਤਾਂ ਦੇ ਵਿਚ ਵਸਤੂ ਵਪਾਰਦੀਆਂ ਸ਼ਰਤਾਂ ਘੱਟ-ਵਿਕਸਤ ਦੇਸ਼ਾਂ ਅਤੇ ਵਿਕਸਤ ਦੇਸ਼ਾਂ ਦੇ ਵਿਚ ਇਕੋ ਜਿਹੀਆਂ ਨਹੀਂਹੁੰਦੀਆਹਨ।

f. ਇਸ ਮਾਨਤਾ ਤੇ ਚਲਣਾ ਠੀਕ ਨਹੀਂ ਹੈ ਕਿ ਭੋਜਨ ਪਦਾਰਥਾਂ ਖਣਜਾਂ ਅਤੇ ਕੱਚੇਮਾਲਾਂ ਜਿਹੀਆਂ ਵਖੋ-ਵੱਖ ਮੁਢਲੇ ਪਦਾਰਥਾਂ ਦੀਆਂ ਕੀਮਤਾਂ ਸਭ ਇਕੱਠੀਆਂ ਗਤੀ ਕਰਦੀਆਂਹਨ। ਫਿਰ ਘੱਟ-ਵਿਕਸਤ ਦੇਸ ਕਈ ਤਰ੍ਹਾਂ ਦੀਆਂ ਮੁਢਲੀਆਂ ਵਸਤਾਂ ਦਾ ਨਿਰਯਾਤ ਕਰਦੇ ਹਨ। ਇਸਲਈ ਇਸ ਸਿਧਾਂਤ ਦੇ ਉਦੇਸ਼ ਲਈ ਸਭ ਨੂੰ ਇਕੱਠਾ ਕਰਨਾ ਗਲਤ ਹੈ।

2. ਅਨੁਭਵਿਕ ਪ੍ਰਮਾਣ ਰਾਹੀ ਸਮਰਥਿਤ ਨਹੀ

ਕਿੰਡਲਬਰਗਰ,ਏਲਜ਼ਵਰਥ, ਮੋਰਗਾਂਹੈਬਰਲਰ ਅਤੇ ਲਿਪਸੀ ਰਾਹੀ ਕੀਤੇ ਗਏ ਆਧੁਨਿਕ ਅਨੁਸੰਧਾਨਾਂ ਨੇ ਦੀਰਘਕਾਲੀਹ੍ਰਾਸ ਸਿਧਾਂਤ ਨੂੰ ਸੱਚ ਸਿੱਧ ਨਹੀਂ ਕੀਤਾ ਹੈ। ਲਿਪਸੀ ਨੇ ਆਪਣੇ ਅਧਿਐਨ'ਚ ਇਸ ਤਰ੍ਹਾਂ ਸਿੱਟਾ ਪੇਸ਼ ਕੀਤਾ ਹੈ ਨਿਵਲ ਵਟਾਂਦਰਾ ਵਪਾਰ ਦੀਆਂ ਸ਼ਰਤਾਂ ਨਾਲ ਸਬੰਧਤ ਦੋ ਵਿਸਤ੍ਰਤਵਿਸਵਾਸਾਂ ਦੇ ਬਾਰੇ "'ਚ ਯੂ ਐਸ ਦੇ ਅੰਕੜਿਆਂ'ਚ ਕੋ ਈ ਸਬੂਤ ਨਹੀ ਮਿਲਦਾ। ਇਕ ਇਹ ਕਿ ਵਿਸਕਤ ਦੇਸ਼ਾਂ ਜਿਹਨਾ'ਚ ਯੂ ਐਸ ਵੀ ਸ਼ਾਮਲ ਹੈ ਦੀਆਂ ਵਪਾਰ ਸ਼ਰਤਾਂ 'ਚ ਕਾਫੀ ਦੀਰਘਕਾਲੀ ਸੁਧਾਰ ਹੋਏ ਹਨ। ਦੂਜਾ ਇਹ ਕਿ ਨਿਰਮਤ ਵਸਤਾਂ ਦੀ ਤੁਲਨਾ'ਚ ਮੁਢਲੀਆਂ ਵਸਤਾਂ ਦੀਆ ਵਪਾਰ ਦੀਆਂ ਸ਼ਰਤਾਂ'ਚ ਮਹੱਤਵਪੂਰਨ ਦੀਰਘਕਾਲੀ ਹ੍ਰਾਸ ਹੋਇਆ ਹੈ।

3. ਘੱਟ-ਵਿਕਸਤ ਦੇਸ਼ ਵਿਨਿਰਮਤ ਵਸਤਾਂ ਵੀ ਨਿਰਯਾਤ ਕਰਦੇ ਹਨ

4. ਵਿਕਸਤ ਦੇਸ਼ਾਂ'ਚ ਏਕਾਧਿਕਾਰਾਤਮਕ ਤੱਤ ਸਿੱਧ ਨਹੀ

ਇਹ ਤਰਕ ਕਿ ਵਿਕਸਿਤ ਦੇਸ਼ ਏਕਾਧਿਕਾਰਾਤਮਕ ਤੱਤ ਦੇ ਕਾਰਨ ਤਕਨੀਕੀ ਉੱਨਤੀ ਦੇ ਫਾਇਦੇ ਆਪਣੇ ਕੋਲ ਹੀ ਰੱਖਦੇ ਹਨ ਜਿਸਤੋ ਘੱਟ-ਵਿਕਸਤ ਦੇਸ਼ਾਂ ਦੇ ਮੁਢਲੀਆਂ ਵਸਤਾਂ ਦੇ ਉਤਪਾਦਕਾਂ ਨੂੰ ਨੁਕਸਾਨ ਹੁੰਦਾ ਹੈ ਕਿਸੇ ਅਨੁਭਵਿਕ ਪ੍ਰਮਾਣ ਰਾਹੀ ਸਿੱਧ ਨਹੀ ਹੋ ਸਕਿਆ ਹੈ।

5. ਕੱਚੇ ਮਾਲ ਤੇ ਏਂਜਲ ਦਾ ਨਿਯਮ ਲਾਗੂ ਨਹੀ ਹੁੰਦਾ

ਇਹ ਧਾਰਨਾ ਕਿ ਏਂਜਲ ਦੇ ਨਿਯਮ ਦਾ ਕਾਰਜ ਕਰਨ ਵਿਕਸਤ ਦੇਸ਼ਾਂ ਦੀਆਂ ਮੁਢਲੀਆਂ ਵਸਤਾਂ ਲਈ ਮੰਗ ਨੂੰ ਦੀਰਘਕਾਲਕ ਘੱਟ ਕਰ ਦਿੰਦਾ ਹੈ ਕਿਉਂਕਿ ਇਹ ਨਿਯਮ ਭੋਜਨ ਪਦਾਰਥਾਂ ਤੇ ਲਾਗੂ ਹੁੰਦਾ ਹੈ ਨਾ ਕਿ ਕੱਚੇ ਮਾਲ ਤੇ। ਫਿਰ ਸਾਪੇਖ ਕੀਮਤਾ ਸਿਰਫ ਮੰਗ ਸਥਿਤੀਆਂ ਤੇ ਹੀ ਨਹੀ ਪੂਰਤੀ ਸਥਿਤੀਆਂ ਤੇ ਵੀ ਨਿਰਭਰ ਕਰਦੀਆਂ ਹਨ ਜਿਹਨਾ ਦੀ ਲੱਬੇ ਸਮੇਂ 'ਚ ਬਹੁਤ ਬਦਲ ਜਾਣ ਦੀ ਸੰਭਾਵਨਾ ਹੁੰਦੀ ਹੈ।

6. ਪੂਰਤੀ ਦੀਆਂ ਸਥਿਤੀਆਂ ਦੀ ਅੰਨਦੇਖੀ
ਪ੍ਰੇਬਿਸ਼-ਸਿੰਗਰ ਸਿਧਾਂਤ ਸਿਰਫ ਮੰਗ ਦੀਆਂ ਸਥਿਤੀਆਂ ਦਾ ਵਿਵੇਚਨ ਕਰਦੇ ਹੋਏ ਪੂਰਤੀ ਦੀਆਂ ਸਧਿਤੀਆ ਦੀ ਅਣਦੇਖੀ ਕਰਦਾ ਹੈ। ਪਰ ਸਾਪੇਖ ਕੀਮਤਾਂ ਨਾ ਸਿਰਫ ਮੰਗ ਤੇ ਸਗੋਂ ਪੂਰਤੀ ਦੀਆਂ ਸਥਿਤੀਆਂ ਤੇ ਵੀ ਨਿਰਭਰ ਕਰਦੀਆ ਹਨ ਜਿਹਨਾ'ਚ ਲੱਬੇ ਸਮੇਂ 'ਚ ਬਹੁਤ ਬਦਲਾਉ ਆ ਸਕਦਾ ਹੈ।

7. ਵਿਦੇਸ਼ੀ ਨਿਵੇਸਾਂ ਤੋਂ ਘੱਟ-ਵਿਕਸਤ ਦੇਸ਼ਾਂ ਨੂੰ ਫਾਇਦਾ
ਭਾਂਵੇ ਉਤਪਾਦਕਤਾ ਫਾਇਦੇ ਨੀਵੀਆਂ ਕੀਮਤਾਂ ਵਾਲੀ ਨਿਰਮਤ ਵਸਤਾਂ ਦੇ ਰੂਪ 'ਚ ਘੱਟ-ਵਿਕਸਤ ਦੇਸ਼ਾਂ ਨੂੰ ਪ੍ਰਦਾਨ ਨਹੀ ਕੀਤੇ ਗਏ ਹਨ ਫਿਰ ਵੀ ਇਹ ਉਹਨਾਂ ਨੂੰ ਵਸਤੂ ਸੁਧਾਰ ਵਸਤੂ ਖੋਜ ਅਤੇ ਵਸਤੂ ਬਹੁਵਿਧਕਰਨ ਦੇ ਰੂਪ'ਚ ਪ੍ਰਦਾਨ ਕਰਦੇ ਹਨ। ਘੱਟ-ਵਿਕਸਤ ਦੇਸ਼ਾਂ ਨੇ ਅਸਲ 'ਚ ਵਿਦੇਸ਼ੀ ਨਿਵੇਸ਼ਾਂ ਤੋ ਫਾਇਦੇ ਹਾਂਸਲ ਕੀਤੇ ਹਨ।

8. ਮੁਢਲੀਆਂ ਵਸਤਾਂ ਦੀ ਮੰਗ ਚ ਬਦਲਾਵਾਂ ਦਾ ਮੁਲੰਕਣ ਕਰਨਾ ਸੰਭਵ ਨਹੀਂ
ਇਹ ਸਿੱਟਾ ਕੱਢਣਾ ਕਿ ਮੁਢਲੀਆਂ ਵਸਤਾਂ ਦੀ ਵਿਸ਼ਵ ਮੰਗ 'ਚ ਕਮੀ ਆਉਣ ਨਾਲ ਘੱਟ-ਵਿਕਸਤ ਦੇਸ਼ਾਂ ਦੀਆਂ ਵਪਾਰ ਦੀਆਂ ਸ਼ਰਤਾਂ ਚ ਦੀਰਘਕਾਲੀ ਹ੍ਰਾਸ ਹੋਇਆ ਹੈ ਤਰਕਸੰਗਤ ਨਹੀਂ ਹੈ। 1870 ਤੋਂ ਵਿਸ਼ਵ'ਚ ਉਤਪਾਦਨ ਦੇ ਢੰਗਾਂ ਅਤੇ ਵਪਾਰ ਮਾਲ-ਢੁਆਈ ਦੇ ਤਰੀਕਿਆਂ ਵਿਸ਼ਵ ਆਬਾਦੀ ਅਤੇ ਜੀਵਨ ਪੱਧਰ'ਚ ਬਹੁਤ ਬਦਲਾਉ ਹੋਏ ਹਨ। ਇਸਲਈ ਉਹਨਾਂ ਦੀਆਂ ਵਪਾਰ ਦੀਆਂ ਸ਼ਰਤਾਂ ਅਤੇ ਮੁਢਲੀਆਂ ਵਸਤਾਂ ਦੀ ਮੰਗ 'ਚ ਬਦਲਾਵਾਂ ਤੇ ਪ੍ਰਭਾਵ ਨੂੰ ਅੰਕਨਾਂ ਸੰਭਵ ਨਹੀ ਹੈ।

## 5. ਵਪਾਰ ਦੀਆਂ ਸ਼ਰਤਾਂ ਚ ਹ੍ਰਾਸ ਦੇ ਗਲਤ ਪ੍ਰਭਾਵ

ਘੱਟ-ਵਿਕਸਤ ਦੇਸ਼ਾਂ ਦੀਆਂ ਵਪਾਰ-ਸ਼ਰਤਾਂ 'ਚ ਹ੍ਰਾਸ ਦੇ ਹੇਠਲਿਖਿਤ ਗਲਤ ਪ੍ਰਭਾਵ ਮਿਲਦੇ ਹਨ:

ਆਯਾਤ ਸਮਰੱਥਾ ਚ ਗਿਰਾਵਟ: ਵਿਕਸਤ ਦੇਸ਼ਾਂ ਨਾਲ ਸਬੰਧਤ ਘੱਟ-ਵਿਕਸਤ ਦੇਸ਼ਾਂ ਦੀਆਂ ਨਿਰਯਾਤ ਵਸਤਾਂ ਦੀਆਂ ਕੀਮਤਾਂ'ਚ ਗਿਰਾਵਟ ਨਾਲ ਉਹਨਾਂ ਦੀ ਵਸਤਾਂ ਆਯਾਤ ਕਰਨ ਦੀ ਸਮਰੱਥਾ ਘੱਟ ਹੋਈ ਹੈ ਜਿਸਦੇ ਫਲਸਰੂਪ ਉਹਨਾਂ ਨੂੰ ਭੁਗਤਾਨ ਸ਼ੇਸ਼ ਦੀਆਂ ਸਮਸਿਆਵਾਂ ਅਤੇ ਵੱਧ ਰਹੇ ਬਾਹਰੀ ਰਿਣਾਂ ਦਾ ਸਾਹਮਣਾ ਕਰਨਾ ਪੈਦਾ ਹੈ।

ਭੁਗਤਾਨ ਸ਼ੇਸ਼ ਦੇ ਉੱਚੇ ਘਾਟੇ: ਘੱਟ-ਵਿਕਸਤ ਦੇਸ਼ਾਂ ਦੀਆਂ ਵਪਾਰ ਸ਼ਰਤਾਂ'ਚ ਹ੍ਰਾਸ ਉਹਨਾਂ ਦੇ ਵਧਦੇ ਆਯਾਤ ਬਿਲਾਂ ਦੀ ਤੁਲਨਾ'ਚ ਉਹਨਾਂ ਦੇ ਨਿਰਯਾਤ ਅਰਜਨਾਂ 'ਚ ਕਮੀ ਆਈ ਹੈ। ਫਲਸਰੂਪ ਉਹਨਾ 1 ਦੇ ਭੁਗਤਾਨ ਘਾਟੇ ਵਧੇ ਹਨ।

ਵੱਧ ਰਹੇ ਰਿਣ: ਵਪਾਰ ਸ਼ਰਤਾਂ 'ਚ ਆ ਰਹੇ ਵਿਗਾੜ ਦੇ ਕਾਰਨ ਘੱਟ-ਵਿਕਸਤ ਦੇਸ਼ਾਂ ਦੀਆਂ ਵਿਦੇਸ਼ੀ ਕਰਜ਼ ਰੁਕਾਵਟਾਂ 'ਚ ਵਾਧਾ ਹੋਇਆ ਹੈ। ਉਹਨਾਂ ਨੂੰ ਉਧਾਰ ਅਤੇ ਬਿਆਜ਼ ਚੁਕਤਾ ਕਰਨ ਲਈ ਨਿਰਯਾਤ'ਚ ਵਾਧਾ ਕਰਨ ਦੀ ਲੋੜ ਹੁੰਦੀ ਹੈ ਜੋ ਉਹ ਆਪਣੀ ਵਿਕਸਤ ਦੇਸ਼ਾਂ ਦੇ ਨਾਲ ਕਮਜ਼ੋਰ ਸੌਦੇਬਾਜ਼ੀ ਸ਼ਕਤੀ ਦੇ ਕਾਰਨ ਨਹੀ ਵਧਾ ਪਾਦੇਂ। ਇਸ ਲਈ ਉਹਨਾਂ ਨੂੰ ਉਧਾਰ ਲੈਣ ਦਾ ਸਹਾਰਾ ਲੈਣਾ ਪੈਂਦਾ ਹੈ ਜੋ ਉਹਨਾਂ ਦੀਆਂ ਵਪਾਰ ਦੀਆਂ ਸ਼ਰਤਾ'ਚ ਹੋਰ ਗਿਰਾਵਟ ਲਿਆਉਂਦਾ ਹੈ। ਇਸ ਤਰ੍ਹਾਂ ਉਹ ਦੋਸ਼ ਪੂਰਨ ਚੱਕਰ ਚ ਫਸ ਜਾਦੇ ਹਨ ਜਿਸ ਕਾਰਨ ਉਹ ਉਧਾਰ ਦੇ ਜਾਲ'ਚ ਉਲਝ ਜਾਂਦੇ ਹਨ।

ਵਿਕਾਸ ਰੋਕਣਾਂ: ਉੱਚੇ ਭੁਗਤਾਨ-ਸ਼ੇਸ਼ ਘਾਟੇ ਅਤੇ ਵਧਦੇ ਕਰਜ਼ ਵੱਡੇ ਰਾਜਕੋਸ਼ੀ ਘਾਟੇ ਲਿਆਉਂਦੇ ਹਨ ਕਿਉਂਕਿ ਘੱਟ-ਵਿਕਸਤ ਦੇਸ਼ ਆਪਣੇ ਵਿਕਾਸ ਅਤੇ ਗੈਰ ਵਿਕਾਸ ਖਰਚਿਆਂ ਨੂੰ ਪੂਰਾ ਕਰਨ ਦੀ ਸਥਿਤੀ 'ਚ ਨਹੀ ਹੁੰਦੇ ਹਨ। ਇਹ ਅਗੇ, ਤਫੀਤੀਕਾਰੀ ਦਬਾਵਾਂ ਨੂੰ ਲਿਆਉਂਦੇ ਹਨ। ਇਸ ਤਰ੍ਹਾਂ ਵਪਾਰ ਦੀਆਂ ਸ਼ਰਤਾਂ ਘੱਟ-ਵਿਕਸਤ ਦੇਸ਼ਾਂ ਤੇ ਆਰਥਕ ਵਿਕਾਸ ਦੀ ਪ੍ਰਕ੍ਰਿਆ ਨੂੰ ਰੋਕਦੀਆਂ ਹਨ।

## 6. ਸਿੱਟਾ

ਅਰਥਸ਼ਾਸ਼ਤ੍ਰੀਆਂ'ਚ ਘੱਟ-ਵਿਕਸਤ ਦੇਸ਼ਾਂ ਦੀਆ ਵਪਾਰ ਦੀਆਂ ਸ਼ਰਤਾਂ ਦੇ ਹ੍ਰਾਸ ਦੇ ਬਾਰੇ 'ਚ ਵਿਵੇਚਨਾਵਾਂ ਚਲਦੀਆਂ ਰਹਿੰਦੀਆ ਹਨ। ਸਿੰਗਰ ਅਤੇ ਸਰਕਾਰ ਨੇ 1970 ਤੋਂ 1987ਦੇ ਅਧਿਐਨ ਚ ਘੱਟ-ਵਿਕਸਤ ਦੇਸ਼ਾਂ ਦੇ ਉਤਪਾਦਕਾਂ ਰਾਹੀ ਵਿਕਸਤ ਦੇਸ਼ਾਂ ਨੂੰ ਨਿਰਯਾਤ ਕੀਤੀਆਂ ਜਾਣ ਵਾਲੀਆਂ ਵਸਤਾਂ ਦੀਆਂ ਵਪਾਰ ਸ਼ਰਤਾਂ 'ਚ

1 ਪ੍ਰਤੀਸ਼ਤ ਸਲਾਨਾ ਹ੍ਰਾਸ ਪਾਇਆ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਘੱਟ-ਵਿਕਸਤ ਦੇਸ ਦੁਗਣਾ ਕਸ਼ਟ ਭੋਗਦੇ ਹਨ। ਨਾ ਸਿਰਫ ਉਹਨਾਂ ਦੀਆਂ ਮੁਢਲੀਆਂ ਵਸਤਾਂ ਦੀਆਂ ਕੀਮਤਾਂ ਉਹਨਾਂ ਦੀਆਂ ਨਿਰਮਤ ਵਸਤਾਂ ਦੀ ਸਾਪੇਖਤਾ 'ਚ ਡਿਗਦੀਆਂ ਹਨ ਸਗੋਂ ਉਹਨਾਂ ਦੀਆਂ ਨਿਰਮਤ ਵਸਤਾਂ ਦੀਆਂ ਕੀਮਤਾਂ ਵੀ ਵਿਕਸਤ ਦੇਸ਼ਾਂ ਦੀਆਂ ਨਿਰਮਤ ਵਸਤਾਂ ਦੀ ਤੁਲਨਾ ਚ ਘੱਟ ਹੁੰਦੀਆਂ ਹਨ।

## 7. ਛੋਟੇ ਉਤਰਾਂ ਵਾਲੇ ਪ੍ਰਸ਼ਨਾਂ
**ਨੋਟ ਲਿਖੋ**

i) ਦੀਰਘਕਾਲੀਹ੍ਰਾਸ

ii) ਏਕਾਧਿਕਾਰ ਤੱਤ

iii) ਰਿਣ ਸਮਸਿਆਵਾਂ

## 8. ਵੱਡੇ ਉਤਰਾਂ ਵਾਲੇ ਪ੍ਰਸ਼ਨਾਂ

1. ਘੱਟ-ਵਿਕਸਤ ਦੇਸ਼ਾਂ ਦੀਆਂ ਵਪਾਰਦੀਆਂ ਸ਼ਰਤਾਂ ਦੇ ਦੀਰਘਕਾਲੀ ਹ੍ਰਾਸ ਸਿਧਾਂਤ ਦੀ ਸੱਚਾਈ ਦਾ ਪਰੀਖਣ ਕਰੋ।
2. ਘੱਟ-ਵਿਕਸਤ ਦੇਸ਼ਾਂ ਦੇ ਸੰਦਰਭ 'ਚ ਵਪਾਰ ਦੀਆਂ ਸ਼ਰਤਾਂ ਚ ਪ੍ਰੇਬਿਸ਼-ਸਿੰਗਰ ਦੀਰਘਕਾਲੀਹ੍ਰਾਸਉਪਕਲਪਨਾ ਦਾ ਪਰੀਖਣ ਕਰੋ।

## 9. ਪ੍ਰਸਤਾਵਿਤ ਪੁਸਤਕਾਂ

1. Sodersten, Bo and Read, G. : International Economics
2. Salvatore, D. : International Economics
3. Ethier, W.J. : Modern International Economics
4. M. L. Zhingan: ਅੰਤਰਰਾਸ਼ਟਰੀ ਅਰਥਸ਼ਾਸਤਰ